GR Video Production
Where precious moments are captured
Gurinder Purewal
Videographer/Photographer
grvideoproduction01@gmail.com
www.grvideoproduction.com
For bookings, Call (510) 921-6626
or Kash Fabrics (510) 538-1138

ਹਫਤਾਵਾਰੀ
# ਦੇਸ਼ ਦੁਆਬਾ
VOL - 4 ISSUE - 36
December 9, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਡਾ. ਅੰਬੇਦਕਰ ਦੇ ਪੋਤਰੇ ਦੁਆਰਾ ਪੰਜਾਬ ਯੂਨੀਵਰਸਿਟੀ ਵਿਖੇ ਵਿਸ਼ੇਸ਼ ਲੈਕਚਰ



**ਚੰਡੀਗੜ੍ਹ (ਬਿਊਰੋ)–** ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਦਕਰ ਦੇ ਪੋਤਰੇ ਸਾਬਕਾ ਰਾਜ ਸਭਾ ਮੈਂਬਰ ਡਾ. ਪ੍ਰਕਾਸ਼ ਯਸ਼ਵੰਤ ਅੰਬੇਡਕਰ ਨੇ ਇੱਥੇ ਡਾ. ਬੀ. ਆਰ. ਅੰਬੇਦਕਰ ਸੈਂਟਰ ਐਂਡ ਸੈਂਟਰ ਫਾਰ ਸਟੱਡੀ ਆਫ ਸੋਸ਼ਲ ਐਕਸਕਲੂਜ਼ਨ ਅਤੇ ਇਨਕਲੂਸਿਵ ਪਾਲਸੀ ਵਿਖੇ ਡਾ. ਅੰਬੇਦਕਰ ਦੇ ਜੀਵਨ ਅਤੇ ਉਹਨਾਂ ਦੇ ਵਿਚਾਰਾਂ ਤੇ ਆਧਾਰਿਤ ਇਕ ਵਿਸ਼ੇਸ਼ ਲੈਕਚਰ ਦਿੱਤਾ। ਇਸ ਮੌਕੇ ਡਾ. ਪ੍ਰਕਾਸ਼ ਨੇ ਡਾ. ਅੰਬੇਦਕਰ ਦੀ ਫਿਲਾਸਫੀ ਦੇ ਅਹਿਮ ਪੱਖਾਂ ਤੇ ਚਾਨਣਾ ਪਾਇਆ। ਇਸ ਲੈਕਚਰ ਦੀ ਵਿਸ਼ੇਸ਼ ਗੱਲ

(ਬਾਕੀ ਸਫਾ 20 ਤੇ)

## ਕੈਲੇਫੋਰਨੀਆ ਅੱਤਵਾਦੀ ਹਮਲੇ ਤੋਂ ਬਾਅਦ ਸਿੱਖਾਂ ਵਿਚ ਫਿਰ ਡਰ ਵਧਿਆ

# ਲਾਸ ਏਂਜਲਸ ਦੇ ਗੁਰਦੁਆਰੇ 'ਚ ਨਫ਼ਰਤ ਭਰੇ ਨਾਅਰੇ ਲਿਖੇ

**ਲਾਸ ਏਂਜਲਸ (ਬਿਊਰੋ)–** ਸਥਾਨਕ ਬੁਏਨਾ ਪਾਰਕ ਗੁਰਦੁਆਰੇ 'ਚ ਦਹਿਸ਼ਤਗਰਦ ਜਥੇਬੰਦੀ ਇਸਲਾਮਿਕ ਸਟੇਟ ਵਿਰੋਧੀ ਨਾਅਰੇ ਲਿਖ ਦਿੱਤੇ ਗਏ। ਇਹ ਘਟਨਾ ਉਸ ਸਮੇਂ ਹੋਈ ਜਦੋਂ ਕੈਲੇਫੋਰਨੀਆ 'ਚ ਮੁਸਲਿਮ ਜੋੜੇ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਤਲੇਆਮ ਕੀਤਾ ਸੀ। ਇਸ ਕਾਰਨ ਸਿੱਖਾਂ ਵਿਚ ਫਿਰ ਡਰ ਵੱਧ ਗਿਆ ਹੈ। ਗੁਰਦੁਆਰਾ ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਸਿੱਖਾਂ ਮੁਤਾਬਕ 6 ਦਸੰਬਰ ਨੂੰ ਤੜਕੇ ਗੁਰਦੁਆਰੇ ਅੰਦਰ ਅਤੇ ਪਾਰਕਿੰਗ 'ਚ ਖੜ੍ਹੇ ਟਰੱਕ ਉੱਤੇ ਇਤਰਾਜ਼ਯੋਗ ਸ਼ਬਦਾਵਲੀ ਲਿਖੀ ਗਈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਇੰਦਰ-ਜੋਤ ਸਿੰਘ ਨੇ ਕਿਹਾ,''ਅਸੀਂ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹਾਂ। ਸਾਡੇ ਵਿਚਾਰ ਨਾਲ ਇਹ ਨਫ਼ਰਤੀ ਹਿੰਸਾ ਦਾ ਮਾਮਲਾ ਹੈ ਅਤੇ ਸਾਨ ਬਰਨਾਰਡੀਨੋ ਕਤਲੇਆਮ ਤੋਂ ਬਾਅਦ ਜ਼ਾਹਰ ਕੀਤੇ ਗਏ ਗੁੱਸੇ ਦਾ ਨਤੀਜਾ ਹੈ।'' ਇਸ ਘਟਨਾਕ੍ਰਮ ਦੀ ਜਾਣਕਾਰੀ ਪੁਲੀਸ ਨੂੰ ਦੇ ਦਿੱਤੀ ਗਈ ਹੈ ਜੋ ਜਾਂਚ 'ਚ ਜੁਟ ਗਈ ਹੈ। ਵਾਸ਼ਿੰਗਟਨ ਆਧਾਰਿਤ ਸਿੱਖ ਧਰਮ ਅਤੇ ਸਿੱਖਿਆ ਬਾਰੇ ਕੌਂਸਲ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਗੁਰਦੁਆਰੇ ਦੀਆਂ ਦੀਵਾਰਾਂ 'ਤੇ ਭੱਦੀ ਸ਼ਬਦਾਵਲੀ



ਦੇ ਨਾਲ ਇਸਲਾਮਿਕ ਸਟੇਟ ਅਤੇ 'ਇਸਲਾਮ' ਜਿਹੇ ਸ਼ਬਦ ਲਿਖੇ ਗਏ।

ਗੁਰਦੁਆਰੇ 'ਚ ਵਾਪਰੀ ਘਟਨਾ ਦੀ ਜਾਣਕਾਰੀ ਵ੍ਹਾਈਟ ਹਾਊਸ ਨੂੰ ਦਿੱਤੀ ਗਈ ਅਤੇ ਉਨ੍ਹਾਂ ਇਸ ਨੂੰ ਹੋਮਲੈਂਡ ਸਕਿਉਰਟੀ ਵਿਭਾਗ ਨੂੰ ਜਾਂਚ ਲਈ ਆਖ ਦਿੱਤਾ ਹੈ।

ਕੌਂਸਲ ਦੇ ਅਹੁਦੇਦਾਰ ਡਾਕਟਰ ਰਾਜਵੰਤ ਸਿੰਘ ਨੇ ਕਿਹਾ ਕਿ ਅਮਰੀਕਾ 'ਚ ਰਹਿੰਦੇ ਸਿੱਖ ਚੌਕਸ ਹੋ ਗਏ ਹਨ ਅਤੇ ਮੌਜੂਦਾ ਘਟਨਾ ਨਾਲ ਉਨ੍ਹਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਸਾਰੇ ਗੁਰਦੁਆਰਿਆਂ ਅਤੇ ਸਮਾਗਮਾਂ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪੁਲੀਸ ਅਤੇ ਚੁਣੇ ਹੋਏ ਨੁਮਾਇੰਦਿਆਂ ਦੇ ਸੰਪਰਕ 'ਚ ਰਹਿਣ। ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰਾਂ 'ਚੋਂ ਕੁਝ ਵੱਲੋਂ ਮੁਸਲਮਾਨਾਂ ਖ਼ਿਲਾਫ਼ ਦਿੱਤੇ ਬਿਆਨ ਬਾਰੇ ਉਨ੍ਹਾਂ ਕਿਹਾ ਕਿ ਇਸ ਨਾਲ ਸਿੱਖਾਂ ਅਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਨੁਕਸਾਨ ਪਹੁੰਚਣ ਦਾ ਖ਼ਦਸ਼ਾ ਹੈ। ਜ਼ਿਕਰਯੋਗ ਹੈ ਕਿ ਸਤੰਬਰ 'ਚ ਸ਼ਿਕਾਗੋ 'ਚ ਅਮਰੀਕੀ ਸਿੱਖ ਨੂੰ ਬਿਨ ਲਾਦੇਨ ਆਖ ਕੇ ਉਸ ਦੀ ਕੁੱਟਮਾਰ ਕੀਤੀ ਗਈ ਸੀ। ਇਸੇ ਤਰ੍ਹਾਂ 2012 'ਚ ਵਿਸਕੋਨਸਿਨ 'ਚ ਓਕ ਕਰੀਕ ਗੁਰਦੁਆਰੇ ਅੰਦਰ ਬੰਦੂਕਧਾਰੀ ਨੇ 6 ਸਿੱਖਾਂ ਨੂੰ ਮਾਰ ਦਿੱਤਾ ਸੀ।

# ਰਿਪਬਲੀਕਨ ਉਮੀਦਵਾਰ ਟਰੰਪ ਦਾ ਮੁਸਲਮਾਨ ਵਿਰੋਧੀ ਬਿਆਨ ਪੈਂਟਾਗਨ ਵੱਲੋਂ ਖਾਰਜ

**ਵਾਸ਼ਿੰਗਟਨ (ਬਿਊਰੋ)–** ਵ੍ਹਾਈਟ ਹਾਊਸ ਅਤੇ ਪੈਂਟਾਗਨ ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਰਿਪਬਲੀਕਨ ਪਾਰਟੀ ਵੱਲੋਂ ਦਾਅਵੇਦਾਰ ਡੋਨਲਡ ਟਰੰਪ ਵੱਲੋਂ ਮੁਸਲਮਾਨਾਂ ਖ਼ਿਲਾਫ਼ ਦਿੱਤੇ ਗਏ ਬਿਆਨ ਨੂੰ ਖ਼ਾਰਜ ਕਰਦਿਆਂ ਕਿਹਾ ਹੈ ਕਿ ਅਜਿਹੇ ਬਿਆਨਾਂ ਨਾਲ ਅਮਰੀਕਾ ਦੀ ਸੁਰੱਖਿਆ ਨੂੰ ਖਤਰਾ ਖੜ੍ਹਾ ਹੋ ਸਕਦਾ ਹੈ। ਵ੍ਹਾਈਟ ਹਾਊਸ ਦੇ ਪ੍ਰੈਸ ਸਕੱਤਰ ਜੋਸ਼ ਅਰਨੈਸਟ ਨੇ ਕਿਹਾ ਕਿ ਟਰੰਪ ਦਾ ਬਿਆਨ ਦੇਸ਼ ਦੇ ਸੁਰੱਖਿਆ ਹਿੱਤਾਂ ਲਈ ਨੁਕਸਾਨਦਾਇਕ ਹੈ। ਉਹਨਾਂ ਕਿਹਾ ਕਿ ਇਸਲਾਮਿਕ ਸਟੇਟ



ਪਹਿਲਾਂ ਹੀ ਇਹ ਭੜਕਾਊ ਬਿਆਨ ਦੇ ਰਿਹਾ ਹੈ ਕਿ ਉਹ ਇਸਲਾਮ ਦੀ ਰਾਖੀ ਲਈ ਅਮਰੀਕਾ ਅਤੇ ਪੱਛਮ ਨਾਲ ਲੋਹਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰਚਾਰ ਝੂਠਾ ਹੈ ਅਤੇ ਅਮਰੀਕਾ ਨਾਲ ਮੁਸਲਮਾਨ ਖੜ੍ਹੇ ਹਨ।

A & S Auto Repair & Services
9:00 AM to 6:00 PM Mon-Sat
Specializing in Brakes & Axles
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Amarjit Sandhu
Ph: 916-238-4431
649 W. Elkhorn Blvd. Suite B2
Rio Linda, CA 95673

Raja Sweets & Catering
Items Serving
Authorized Caterer for Major 5-Star Hotels
Additional Services
Warmers, Chaffing Dishes, Chind & Silverware, Linen Rental, Walters, Barlenders
All Kinds of Sweets, Snacks, Chaat Stall, North Indian Cuisine, Flude Kulfi Stall, On Site Tandoon
Catering Services
Wedding Ceremonies, Receptions, Birthday Parties, Corporale Events, Religious Gatherings, Picnic/Bar-B-Que
Contact Us:
RAJA SWEETS & CATERING
WORK (510) 489-9100
CELL (510) 715-1619
www.rajasweets.com
Email: msbains@rajasweets.com

AAA Auto and Body Works
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar 510-755-2132
510- 733- 2222
1421 Industrial PKWY West#F Hayward, CA 94544
Harmandeep Singh

Tandoor Indian Restaurant
27167 Mission Blvd. Hayward, CA 95544
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
We are open seven days 11 AM to 10 PM
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
Contact Us:
Ph. 510-885-1212, Fax. 510-885-1532

MAJESTIC HOMES
RAMESH SUMAN Broker Realtor RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
MANDEEP SANDHU msandhu2014@gmail.com
SANDHU Tours And Travels
(CST# 2122162-50)
Email: sandhutat@gmail.com.
WE OPEN 7-DAYS A WEEK
Note: I am not an Immigration Attorney.
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

Jaspreet Singh
Attorney at Law USA
Over 18 years of Legal Experience
USA Immigration
Citizenship, Green Card
Deportation defense
Political Asylum
Specilized in
Detention cases, Artists
Singers P3 visas
Priest R1 visas
Investor EB 5 visas
L1 Business visas
Family law
Criminal Defense cases.
Offices
New York: 37-18 73 Street Suite # 401 Jackson Heights Ny 11372 Phone : 718-533-8444
Fremont: 44790 S Grimmer Blvd # 208 Fremont CA 94538 Phone : 510-657-6444
Fresno: 4491 W Shaw ave # 131 Fresno CA 93711 Phone : 559-271-5511
Sacramento: 2901 W Capitol ave West Sacramento CA 95691 Phone : 916-385-2288
Jaspreet Singh
Email : jaspreetsinghlawoffice@gmail.com


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਗੁਰੂਘਰ ਪੋਰਟਰਵਿੱਲ 'ਚ ਸਰਬੱਤ ਦੇ ਭਲੇ ਲਈ ਕੀਤੀ ਗਈ ਅਰਦਾਸ

## ਬੱਚਿਆਂ ਨੇ ਇਤਿਹਾਸ, ਕਵਿਤਾ ਅਤੇ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਕੀਤਾ ਨਿਹਾਲ



**ਪੋਰਟਰਵਿੱਲ (ਕੁਲਵੀਰ ਹੇਅਰ) –** ਗੁਰਦੁਆਰਾ ਸਿੱਖ ਸੈਂਟਰ ਆਫ ਪੋਰਟਰਵਿੱਲ ਵਿਖੇ ਸੰਗਤਾਂ ਦੇ ਸਹਿਯੋਗ ਨਾਲ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸਰਬਵਿਆਪੀ ਸਿਧਾਂਤ ਦੇਣ ਵਾਲੇ ਸਿੱਖ ਧਰਮ ਦੇ ਪਹਿਲੇ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਸਬੰਧ ਵਿਚ ਬੱਚਿਆਂ ਦੇ ਸਮਾਗਮ ਕਰਵਾਏ ਗਏ। ਇਸ ਸਬੰਧੀ ਬੀਤੇ ਸ਼ੁੱਕਰਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਆਰੰਭ ਹੋਏ ਅਤੇ ਐਤਵਾਰ ਭੋਗ ਪਾਏ ਗਏ ਉਪਰੰਤ ਛੋਟੇ ਬੱਚਿਆਂ ਵਲੋਂ ਕੀਰਤਨ ਕੀਤਾ ਗਿਆ।ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਅਤੇ ਭਾਈ ਸੁਰਿੰਦਰਪਾਲ ਸਿੰਘ ਜੀ ਜਲੰਧਰ ਵਾਲਿਆਂ ਨੇ ਇਲਾਹੀ ਕੀਰਤਨ ਕੀਤਾ ਗਿਆ। ਕੀਰਤਨ ਦੀ ਸਮਾਪਤੀ ਤੇ ਬੱਚਿਆਂ ਵਲੋਂ ਗੁਰੂ ਜੀ ਦੇ ਜੀਵਨ ਇਤਿਹਾਸ ਬਾਰੇ ਭਾਸ਼ਨ ਦਿੱਤੇ ਗਏ ਅਤੇ ਕਵਿਤਾ, ਧਾਰਮਿਕ ਗੀਤਾਂ ਨਾਲ ਵੀ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਬੱਚਿਆਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਪ੍ਰਬੰਧਕਾਂ ਨੇ ਬੱਚਿਆਂ ਵਲੋਂ ਪੇਸ਼ ਕੀਤੇ ਪ੍ਰੋਗਰਾਮਾਂ ਤੋਂ ਪ੍ਰਭਾਵਿਤ ਹੁੰਦਿਆਂ ਐਲਾਨ ਕੀਤਾ ਕਿ ਗੁਰਦੁਆਰਾ ਸਾਹਿਬ ਵਲੋਂ ਹਰ ਮਹੀਨੇ ਕੋਈ ਨਾ ਕੋਈ ਧਾਰਮਿਕ ਸਮਾਗਮ ਕਰਵਾਇਆ ਜਾਇਆ ਕਰੇਗਾ ਜਿਸ ਵਿਚ ਬੱਚੇ ਪ੍ਰੋਗਰਾਮ ਪੇਸ਼ ਕਰਨਗੇ ਜਿਸ ਨਾਲ ਨਵੀਂ ਪੀੜ੍ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਲਈ ਪ੍ਰੇਰਿਤ ਹੋਵੇਗੀ।

ਆਈਆਂ ਸੰਗਤਾਂ ਨੇ ਵੀ ਬੱਚਿਆਂ ਦੀ ਇਸ ਵਿਲੱਖਣ ਕਲਾ ਅਤੇ ਸਿੱਖ ਧਰਮ ਪ੍ਰਤੀ ਤੇਹ ਨੂੰ ਵੇਖਦਿਆਂ ਉਹਨਾਂ ਦੀ ਹੌਂਸਲਾ ਅਫਜ਼ਾਈ ਕੀਤੀ। ਸਮਾਗਮ ਦੀ ਸਮਾਪਤੀ ਦੇ ਅੰਤ ਵਿਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਜਿਸ ਵਿਚ ਸਾਰੀ ਦੁਨੀਆਂ ਵਿਚ ਸ਼ਾਂਤੀ ਅਤੇ ਆਪਸੀ ਭਾਈਚਾਰਕ ਸਾਂਝ ਦੀ ਕਾਮਨਾ ਕੀਤੀ ਗਈ। ਇਥੇ ਇਹ ਦੱਸਣਯੋਗ ਹੈ ਕਿ ਗੁਰਦੁਆਰਾ ਸਾਹਿਬ ਵਿਚ ਖਾਸ ਸਮਾਗਮਾਂ ਮੌਕੇ ਸ਼ੁਰੂਆਤ ਤੋਂ ਲੈ ਕੇ ਸਮਾਪਤੀ ਤੱਕ ਬੱਚੇ ਹੀ ਸਮਾਗਮ ਕਰਦੇ ਹਨ। ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ਅਤੇ ਗੁਰੂਘਰ ਦੀਆਂ ਸੰਗਤਾਂ ਨੇ ਘਰੇਲੂ ਕੰਮਾਂ ਕਾਜਾਂ ਨੂੰ ਤਿਆਗਦੇ ਹੋਏ ਬਹੁਤ ਸ਼ਰਧਾ ਨਾਲ ਸੇਵਾ ਕੀਤੀ।

# ਲੇਖਕਾਂ ਨੂੰ ਰਚਨਾ ਦੇ ਨਾਲ ਨਾਲ ਰਚਨਾਤਮਕ ਆਜਾਦੀ ਲਈ ਵੀ ਖੜ੍ਹੇ ਹੋਣ ਦਾ ਸੱਦਾ



**ਫਰਜਿਨੋ (ਅਵਤਾਰ ਗੋਂਦਾਰਾ)–** ਵਿਸ਼ਵ ਪੰਜਾਬੀ ਸਾਹਿੱਤ ਅਕਾਦਮੀ ਦਾ ਤੇਈਵਾਂ ਸਾਲਾਨਾ ਸਮਾਗਮ, ਭਾਰਤ ਵਿੱਚ, 'ਲਿਖਣ ਬੋਲਣ ਦੀ ਆਜਾਦੀ' ਤੇ ਹੋ ਰਹੇ ਹਮਲਿਆਂ ਖਿਲਾਫ ਨਿੰਦਾ ਦਾ ਪ੍ਰਸਤਾਵ ਪਾਸ ਕਰਨ ਦੇ ਨਾਲ ਨਾਲ, ਲੇਖਕਾਂ ਕਲਾਕਾਰਾਂ ਨੂੰ ਆਪਣੇ ਗੁਆਚ ਰਹੇ ਸਵੈ ਮਾਣ ਲਈ ਖੜੇ ਹੋਣ ਦੇ ਸੱਦੇ ਨਾਲ ਸੰਪਨ ਹੋਇਆ।ਸੈਂਟਰਲ ਵੈਲੀ ਅਤੇ ਬੇ ਏਰੀਏ ਤੋਂ ਆਏ ਸਾਹਿਤਕਾਰ ਤੇ ਸਾਹਿਤ ਪ੍ਰੇਮੀਆਂ ਦੇ ਭਰਵੇਂ ਇਕੱਠ ਨੇ, ਸਭਾ ਦੇ ਸਕੱਤਰ ਹਰਜਿੰਦਰ ਕੰਗ ਦੁਆਰਾ ਪਾਸ ਕੀਤੇ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ।

ਅਕਾਦਮੀ ਦੇ ਚੇਅਰਮੈਨ, ਡਾ. ਗੁਰੂਮੇਲ ਸਿੱਧੂ ਨੇ, 1992 ਵਿੱਚ ਸਾਹਿਤ ਸਭਾ ਵਜੋਂ ਹੋਂਦ ਵਿੱਚ ਆਈ ਸੰਸਥਾ ਦੇ, ਅਕਾਦਮੀ ਵਿੱਚ ਤਬਦੀਲ ਹੋਣ ਦੇ ਸਫਰ ਦਾ ਜਿਕਰ ਕਰਦਿਆਂ, ਦੱਸਿਆ ਸੰਸਥਾਵਾਂ ਦਾ ਮਹੱਤਵ, ਉਸ ਵਿੱਚ ਕੰਮ ਕਰਦੇ ਤੇ ਜੁੜੇ ਬੰਦਿਆ ਨਾਲ ਹੁੰਦਾ ਹੈ।ਉਸ ਨੇ ਕਿਹਾ ਕਿ ਸਾਹਿੱਤ ਸੰਸਾਰ ਵਿੱਚ ਨਾਮਣਾ ਖੱਟ ਚੁੱਕੇ ਰਚਨਾਕਾਰ ਹੀ ਇਸ ਦੇ ਮੈਂਬਰ ਨਹੀਂ, ਸਗੋਂ ਪੰਜਾਬੀ ਦੇ ਚੋਟੀ ਦੇ ਸਾਹਿਤਕਾਰ ਤੇ ਗਾਇਕ ਵੀ ਇਸ ਦੇ ਸਮਾਗਮਾਂ ਵਿੱਚ ਸ਼ਿਰਕਤ ਕਰ ਚੁੱਕੇ ਹਨ, ਜਿੰਨਾਂ ਵਿੱਚ ਸੁਰਜੀਤ ਪਾਤਰ ਤੋਂ ਲੈ ਕੇ ਦਲੀਪ ਕੌਰ ਟਿਵਾਣਾ ਵਰਗੀਆ ਨਾਮਵਰ ਹਸਤੀਆਂ ਦਾ ਨਾਂ ਸ਼ਾਮਿਲ ਹੈ।

ਅਕਾਦਮੀ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਦਾ ਜਿਕਰ ਕਰਦਿਆਂ, ਅਕਾਦਮੀ ਦੇ ਸਾਬਕਾ ਪ੍ਰਧਾਨ, ਪ੍ਰੋ ਸੁਖਵਿੰਦਰ ਕੰਬੋਜ ਨੇ ਅਕਾਦਮੀ ਮੈਂਬਰਾਂ ਦੇ ਸਾਹਿਤਕ ਸੰਸਾਰ ਦੀ ਸੰਖੇਪ ਜਾਣਕਾਰੀ ਸਾਂਝੀ ਕੀਤੀ।

ਪੰਜਾਬੀ ਦੇ ਪ੍ਰਥਮ ਕਵੀ ਬਾਬਾ ਫਰੀਦ ਨੂੰ ਸਮਰਪਿਤ ਇਸ ਸਮਾਗਮ ਵਿੱਚ, ਰੇਡੀਓ ਹੋਸਟ ਤੇ ਕਵੀ ਸੰਤੋਖ ਮਿਨਹਾਸ ਨੇ ਬਾਬਾ ਫਰੀਦ ਬਾਰੇ ਬੋਲਦਿਆ ਕਿਹਾ ਕਿ ਉਨਾਂ ਦੀ ਕਵਿਤਾ ਦੀ ਪ੍ਰਮਾਣਿਕਤਾ ਦਾ ਅੰਦਾਜਾ ਇੱਥੋਂ ਲਗਦਾ ਹੈ ਕਿ ਉਸ ਨੂੰ ਆਦਿ ਗ੍ਰੰਥ ਵਿੱਚ ਸ਼ਾਮਿਲ ਕਰਕੇ 'ਬਾਣੀ' ਦਾ ਦਰਜਾ ਦਿੱਤਾ ਗਿਆ।ਬਾਬਾ ਫਰੀਦ ਦੀ ਕਵਿਤਾ ਧਰਾਤਲ ਨਾਲ ਜੁੜੀ ਕਵਿਤਾ ਹੈ। ਇਸ ਸਮਾਗਮ ਵਿੱਚ, ਡਾ. ਗਰੂਮੇਲ ਸਿਧੂ ਦੀ 'ਐਨਅਦਰ ਆਸਪੈਕਟ ਆਫ ਗਦਰ ਮੂਵਮੈਂਟ', ਡਾ. ਸੁਰਜੀਤ ਬਰਾੜ ਦੁਆਰਾ ਸੰਪਾਦਿਤ 'ਹਰਜਿੰਦਰ ਕੰਗ ਦਾ ਕਵਿਤਾ ਸੰਸਾਰ', ਤੇ ਪ੍ਰੋ, ਕੇਵਲ ਕਲੋਟੀ ਦਾ ਨਾਵਲ, 'ਸੱਚ ਸੁਣੋ ਸੱਚ ਦਾ ਵੇਲਾ' ਰੀਲੀਜ ਕੀਤੀਆਂ ਗਈਆਂ। ਕੰਗ ਬਾਰੇ ਕਿਤਾਬ ਸਬੰਧੀ ਬੋਲਦਿਆਂ ਡਾ. ਗੁਰੂਮੇਲ ਨੇ ਕਿਹਾ ਕਿ ਇਸ ਵਿੱਚ ਕੰਗ ਦੇ ਗੀਤਕਾਰੀ ਤੇ ਗਜਲਗੋਈ ਦੇ ਵੱਖ ਵੱਖ ਪਹਿਲੂਆਂ ਬਾਰੇ, ਪ੍ਰਸਿੱਧ ਅਲੋਚਕਾਂ ਦੇ ਲੇਖ ਸ਼ਾਮਿਲ ਹਨ।

(ਬਾਕੀ ਸਫਾ 20 ਤੇ)

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਜੀ ਦਾ ਸ਼ਹੀਦੀ ਦਿਹਾੜਾ ਮਨਾਇਆ








**ਸੈਕਰਾਮੈਂਟੋ (ਬਿਓਰੋ)–**ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੇਂਟੋ ਵਿਖੇ ਭਾਈ ਜੈਤਾ ਜੀ (ਸ਼ਹੀਦ ਭਾਈ ਜੀਵਨ ਸਿੰਘ) ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਜਸਵੰਤ ਰਾਏ/ ਪਰਿਵਾਰ ਅਤੇ ਰਾਜ ਕੁਮਾਰ ਸੂਦ ਦੇ ਸਮੂਹ ਪਰਿਵਾਰ ਵਲੋਂ ਆਪਣੀ ਮਾਤਾ ਸੰਤੀ ਰਾਏ ਜੀ ਦੀ ਮਿੱਠੀ ਯਾਦ 'ਚ ਕੀਤੀ ਗਈ। ਇਸ ਮੌਕੇ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ, ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਅਤੇ ਭਾਈ ਦਲਜੀਤ ਸਿੰਘ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਉਪਰੰਤ ਭਾਈ ਜਸਵੀਰ ਸਿੰਘ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੇ ਕੀਰਤਨ ਅਤੇ ਕਥਾ ਰਾਹੀਂ ਭਾਈ ਜੈਤਾ ਜੀ ਦੀ ਜੀਵਨੀ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਭਾਈ ਜੈਤਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਨੌਵੀਂ ਪਾਤਸ਼ਾਹੀ ਜੀ ਦਾ ਸੀਸ ਦਿੱਲੀ ਦੇ ਚਾਦਨੀ ਚੌਂਕ ਤੋਂ ਚੁੱਕ ਕੇ ਪੈਦਲ ਜੰਗਲਾਂ ਰਾਹੀਂ ਅਨੇਕਾਂ ਦੁੱਖ ਸਹੇੜਦੇ ਹੋਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਪੁੱਜੇ ਸਨ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਜੈਤਾ ਜੀ ਨੂੰ ਆਪਣੀ ਹਿੱਕ ਨਾਲ ਲਾ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਭਾਈ ਜੀਵਨ ਸਿੰਘ ਦਾ ਨਾਮ ਦਿੱਤਾ, ਅਤੇ ਰੰਗਰੇਟੇ ਗੁਰੂ ਕੇ ਬੇਟੇ ਵਾਕ ਨਾਲ ਸੰਬੋਧਨ ਕੀਤਾ। ਤੇ ਉਸ ਵੇਲੇ ਪਾਤਸ਼ਾਹ ਜੀ ਨੇ ਉਨ੍ਹਾਂ ਨੂੰ ਆਪਣਾ ਸੈਨਾਪਤੀ ਤਾਇਨਾਤ ਕੀਤਾ ਸੀ, ਤੇ ਬਾਅਦ 'ਚ ਭਾਈ ਜੀਵਨ ਸਿੰਘ ਨੇ ਅਨੇਕਾਂ ਜੰਗਾਂ 'ਚ ਫਤਹਿ ਪ੍ਰਾਪਤ ਕੀਤੀ। ਜੰਗ 'ਚ ਲੜਦੇ ਲੜਦੇ ਖਾਲਸਾ ਪੰਥ ਲਈ ਸ਼ਹੀਦ ਹੋ ਗਏ, ਤੇ ਜਿਨ੍ਹਾਂ ਨੂੰ ਸ਼ਹੀਦ ਭਾਈ ਜੀਵਨ ਸਿੰਘ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਸਮੇਂ ਦੇ ਹਾਕਮਾਂ ਨੇ ਕਈ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਅੱਖੋਂ ਪਰੋਖੇ ਕਰਕੇ ਇਤਿਹਾਸ ਨੂੰ ਖੋਰਾ ਲਾਇਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹੋ ਜਿਹੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਤੇ ਉਨ੍ਹਾਂ ਦੇ ਜਨਮ ਦਿਹਾੜੇ ਅਤੇ ਸ਼ਹੀਦੀ ਦਿਹਾੜੇ ਮਨਾਉਣੇ ਚਾਹੀਦੇ ਹਨ। ਉਪਰੰਤ ਗੁਰੂ ਘਰ ਦੇ ਸਟੇਜ਼ ਸਕੱਤਰ ਰਾਜ ਸੂਦ ਨੇ ਵੀ ਆਪਣੇ ਅਣਮੁੱਲੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ ਅਤੇ ਆਉਣ ਵਾਲੇ ਪ੍ਰੋਗਰਾਮਾਂ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ। ਸਟੇਜ਼ ਦੀ ਸਮੁੱਚੀ ਕਾਰਵਾਈ ਜੀਵਨ ਰੱਤੂ ਨੇ ਬਾਖੂਬੀ ਨਿਭਾਉਂਦਿਆਂ ਆਪਣੀ ਇਕ ਕਵਿਤਾ ਵੀ ਸੰਗਤਾਂ ਦੇ ਸਨਮੁੱਖ ਕੀਤੀ ਅਤੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਲੋੜ ਤੋਂ ਵੱਧ ਪੈਸਾ ਕਮਾਉਣ ਦਾ ਤਾਂ ਹੀ ਫਾਇਦਾ ਹੈ ਜੇ ਉਹ ਚੰਗੇ ਕੰਮਾਂ ਵਿਚ ਲੱਗੇ, ਜਿਵੇਂ ਕਿ ਫੇਸਬੁੱਕ ਦੇ ਮਾਲਕ ਨੇ ਆਪਣੀ ਬੇਟੀ ਦੇ ਜਨਮ ਦਿਨ 'ਤੇ ਅਰਬਾਂ ਰੁਪਏ ਦਾਨ ਵਜੋਂ ਦੇ ਕੇ ਸਾਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ।

ਇਸ ਮੌਕੇ ਸ੍ਰੀ ਸੁਲਤਾਨ ਅਖ਼ਤਰ ਨੇ ਇਕ ਧਾਰਮਿਕ ਗੀਤ ਨਾਲ ਆਪਣੀ ਹਾਜ਼ਰੀ ਲਗਵਾਈ। ਇਸੇ ਤਰ੍ਹਾਂ ਕਲਮ ਦੇ ਧਨੀ ਦੇਸਰ ਅਲਮਸਤਪੁਰੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਉਸਤਤ ਵਿਚ ਆਪਣੀ ਇਕ ਨਜ਼ਮ 'ਸਤਿਗੁਰ ਦੀ ਸਿਫ਼ਤ ਨਾ ਲਿਖੀ ਜਾਵੇ, ਸੱਤਾ ਸਾਗਰਾਂ ਦੀ ਭਾਵੇਂ ਸਿਹਾਈ ਹੋਵੇ' ਪੇਸ਼ ਕੀਤੀ। ਇਸੇ ਦੌਰਾਨ ਸਮੂਹ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਉਨ੍ਹਾਂ ਨੂੰ ਸਿਰੋਪਾਓ ਸਾਹਿਬ ਅਤੇ ਵਿਸ਼ੇਸ਼ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਅੰਤ ਵਿਚ ਗੁਰੂ ਘਰ ਦੇ ਚੇਅਰਮੈਨ ਜੱਸੀ ਬੰਗਾ ਨੇ ਜਿਥੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ, ਉਥੇ ਗੁਰੂ ਘਰ ਦੇ ਆਉਣ ਵਾਲੇ ਹਫ਼ਤਾਵਾਰੀ ਪ੍ਰੋਗਰਾਮਾਂ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ।

ਉਨ੍ਹਾਂ ਦੱਸਿਆ ਕਿ ਜਲਦ ਹੀ ਗੁਰੂ ਘਰ ਦਾ ਸਲਾਨਾ ਸੋਵੀਨਾਰ ਰੀਲੀਜ਼ ਕੀਤਾ ਜਾ ਰਿਹਾ ਹੈ, ਜਿਸ ਵਿਚ ਲੇਖਕ ਆਪਣੀਆਂ ਧਾਰਮਿਕ ਰਚਨਾਵਾਂ, ਗੀਤ, ਗਜ਼ਲਾਂ, ਵਪਾਰਕ ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਭੇਜਣ ਲਈ ਉਨ੍ਹਾਂ ਨਾਲ 916-796-5003 ਨੰਬਰ ਤੇ ਸੰਪਰਕ ਕਰ ਸਕਦੇ ਹਨ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਕਰਵਾਇਆ ਗਿਆ।

# ਬਾਬਾ ਬਿਲਗਾ ਕਿਤਾਬ ਘਰ ਲਈ ਇਕ ਲੱਖ ਰੁਪਏ ਦਾ ਚੈਕ ਭੇਂਟ



**ਜਲੰਧਰ–** ਸਥਾਨਕ ਦੇਸ਼ ਭਗਤ ਯਾਦਗਾਰ ਕੰਪਲੈਕਸ ਵਿਚ ਬਣਾਏ ਜਾ ਰਹੇ ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਦੀ ਉਸਾਰੀ ਲਈ ਸ਼ਹੀਦ ਬੰਤਾ ਸਿੰਘ ਸੰਘਵਾਲ ਵੈਲਫੇਟਰ ਟਰੱਸਟ ਦੇ ਪ੍ਰਧਾਨ ਡਾ. ਜੀ.ਐਸ. ਗਿੱਲ, ਜਨਰਲ ਸਕੱਤਰ ਸ਼ਹੀਦ ਬੰਤਾ ਸਿੰਘ ਦੀ ਪੋਤਰੀ ਡਾ. ਜਸਬੀਰ ਕੌਰ ਗਿੱਲ ਤੋਂ ਇਲਾਵਾ ਸ਼ਹੀਦ ਬੰਤਾ ਸਿੰਘ ਸੰਘਵਾਲ ਦਾ ਪੋਤਰਾ ਦਲਬਾਗ ਸਿੰਘ, ਸ. ਨਾਜ਼ਰ ਸਿੰਘ ਢਿੱਲੋਂ ਯੂ.ਕੇ. ਹਰਭਜਨ ਸਿੰਘ ਪਹਿਲਵਾਨ, ਸ. ਸਤਨਾਮ ਸਿੰਘ ਅਸਟਰੇਲੀਆ, ਜਸਕਰਨ ਸਿੰਘ ਕੈਨੇਡਾ, ਦਾਤਾਰ ਸਿੰਘ ਕੈਨੇਡਾ, ਜ਼ੋਰਾਵਰ ਸਿੰਘ ਸੰਘਵਾਲ, ਇੰਦਰਜੀਤ ਸਿੰਘ ਨੰਬਰਦਾਰ ਸੰਘਵਾਲ, ਭੁਪਿੰਦਰ ਸਿੰਘ ਯੂ.ਐਸ.ਏ., ਸੁਖਦੇਵ ਸਿੰਘ ਯੂ.ਕੇ., ਡਾ. ਪਰਗਟ ਸਿੰਘ, ਹਰਨੇਕ ਸਿੰਘ ਨੇਕਾ, ਮੈਡਮ ਤੇਜਿੰਦਰ ਕੌਰ, ਬਲਬੀਰ ਸਿੰਘ ਸਾਬਕਾ ਸਰਪੰਚ ਸੰਘਵਾਲ, ਸ੍ਰੀ ਸੋਮ ਲਾਲ ਮੈਨੇਜਰ ਸੰਘਵਾਲ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ ਅਤੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੂੰ ਇਕ ਲੱਖ ਰੁਪਏ ਦਾ ਚੈਕ ਭੇਂਟ ਕੀਤਾ।

ਇਹ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਦਰਬਾਰਾ ਸਿੰਘ ਢਿੱਲੋਂ, ਜਨਰਲ ਸਕੱਤਰ ਡਾ. ਰਘਬੀਰ ਕੌਰ ਅਤੇ ਸਭਿਆਚਾਰਕ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਮੌਕੇ ਟਰੱਸਟੀਜ਼ ਕਾ. ਨੌਨਿਹਾਲ ਸਿੰਘ, ਕਾ. ਸੀਤਲ ਸਿੰਘ ਸੰਘਾ, ਕਾ. ਕੁਲਵੰਤ ਸਿੰਘ ਸੰਧੂ, ਕਾ. ਗੁਰਮੀਤ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਕਾ. ਜਗਰੂਪ, ਕਾ. ਚਿਰੰਜੀ ਲਾਲ ਕੰਗਣੀਵਾਲ, ਦੇਵ ਰਾਜ ਨਯੀਅਰ ਅਤੇ ਕਾਮਰੇਡ ਸ਼ਾਮ ਲਾਲ, ਮਨਜੀਤ ਕੇਸਰ, ਬਲਵਿੰਦਰ ਕੌਰ ਬਾਂਸਲ, ਗੁਰਦੀਪ ਸਿੰਘ ਸੰਧਰ, ਕੇਸਰ, ਪ੍ਰੋ. ਗੋਪਾਲ ਸਿੰਘ ਬੁੱਟਰ ਸ਼ਾਮਲ ਸਨ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਪ੍ਰਧਾਨ ਕਾਮਰੇਡ ਅਵਤਾਰ ਸਿੰਘ ਜੌਹਲ ਅਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਬਰਮਿੰਘਮ ਦੇ ਜਨਰਲ ਸਕੱਤਰ ਸਰਵਣ ਸਿੰਘ ਸੰਘਵਾਲ ਅਤੇ ਉਨ੍ਹਾਂ ਦੀ ਸੁਪਤਨੀ ਗੁਰਮੇਜ ਕੌਰ ਸੰਘਵਾਲ ਉਚੇਚੇ ਤੌਰ 'ਤੇ ਹਾਜ਼ਰ ਹੋਏ। ਯਾਦ ਰਹੇ ਬਾਬਾ ਭਗਤ ਸਿੰਘ ਬਿਲਗਾ ਕਿਤਾਬ ਘਰ ਲਈ ਬਾਬਾ ਜੀ ਦੇ ਪਰਿਵਾਰ ਵੱਲੋਂ ਪਹਿਲਾਂ ਹੀ ਤਿੰਨ ਲੱਖ ਰੁਪਏ ਦੀ ਰਾਸ਼ੀ ਕਮੇਟੀ ਨੂੰ ਭੇਂਟ ਕੀਤੀ ਜਾ ਚੁੱਕੀ ਹੈ।

ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਨੇ ਮਾਣਮੱਤੇ ਸ਼ਬਦਾਂ ਵਿਚ ਕਿਹਾ ਕਿ ਜਦ ਵੀ ਕੰਪਲੈਕਸ ਅੰਦਰ ਉਸਾਰੂ ਕੰਮਾਂ ਲਈ ਕਮੇਟੀ ਨੇ ਲੋਕਾਂ ਨੂੰ ਫੰਡ ਲਈ ਅਪੀਲ ਕੀਤੀ ਤਾਂ ਦੇਸ਼ ਵਿਦੇਸ਼ ਤੋਂ ਲੋਕਾਂ ਨੇ ਲੱਖਾਂ ਦੀ ਗਿਣਤੀ ਵਿਚ ਫੰਡ ਇਕੱਤਰ ਕਰਕੇ ਕਮੇਟੀ ਨੂੰ ਦਿੱਤਾ।

**– ਅਮੋਲਕ ਸਿੰਘ, ਕਨਵੀਨਰ, ਸਭਿਆਚਾਰਕ ਵਿੰਗ**
(91-94170 76735)

# ਪੰਜਾਬ ਯੂਨੀਵਰਸਿਟੀ ਵਿਚ ਡਾ.ਅੰਬੇਦਕਰ ਜੈਯੰਤੀ ਸ਼ਰਧਾ ਨਾਲ ਮਨਾਈ

**ਚੰਡੀਗੜ੍ਹ (ਬਿਊਰੋ)–** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਯੂਨੀਵਰਸਿਟੀ ਦੇ ਅੰਬੇਦਕਰ ਸੈਂਟਰ ਦੇ ਮੰਚ ਤੋਂ ਬਾਬਾ ਸਾਹਿਬ ਅੰਬੇਦਕਰ ਦੇ ਦੇਸ਼ ਪੱਧਰ 'ਤੇ ਮਨਾਏ ਜਾ ਰਹੇ 125ਵੇਂ ਜਨਮ ਦਿਨ ਦੀ ਲੜੀ ਵਿਚ ਯੂਨੀਵਰਸਿਟੀ ਹਾਲ ਵਿਚ 27 ਨਵੰਬਰ ਵਾਲੇ ਦਿਨ ਧੂੰਮ ਧਾਮ ਨਾਲ ਮਨਾਇਆ ਗਿਆ। ਜਿਸ ਵਿਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਸਟਾਫ ਤੋਂ ਇਲਾਵਾ ਸ਼ਹਿਰ ਦੇ ਹੋਰ ਲੋਕਾਂ ਨੇ ਸ਼ਿਰਕਤ ਕੀਤੀ। ਇਸ ਵਿਸ਼ੇਸ਼ ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਲੇਖਕ ਅਤੇ ਸਮਾਜਿਕ ਸਕਾਲਰ ਸੁਰਿੰਦਰ ਐਸ. ਜੋਧਕਾ ਅਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਰੁਣ ਗਰੋਵਰ, ਯੂਨੀਵਰਸਿਟੀ ਡੀਨ ਡਾ. ਰੌਣਕੀ ਰਾਮ, ਸੈਂਟਰ ਦੇ ਮੁਖੀ ਅਤੇ ਕਨਵੀਨਰ ਡਾ. ਨਾਹਰ ਨੇ ਇਕੱਤਰਤਾ ਨੂੰ ਸੰਬੋਧਿਤ ਕੀਤਾ। ਸਮਾਗਮ ਅੰਬੇਦਕਰ ਵੰਦਨਾ ਅਤੇ ਫੁੱਲ ਅਰਪਣ ਨਾਲ ਆਰੰਭ ਹੋਇਆ ਅਤੇ ਭਾਸ਼ਣਾਂ ਤੋਂ ਬਾਅਦ ਸਰੋਤਿਆਂ ਦੇ ਸਵਾਲ ਜਵਾਬ ਨਾਲ ਖਤਮ ਹੋਇਆ, ਜਿਸ ਵਿਚ ਬਾਬਾ ਸਾਹਿਬ ਦੇ ਜੀਵਨ ਅਤੇ ਮਿਸ਼ਨ ਸਬੰਧੀ ਵਿਸ਼ਿਆਂ 'ਤੇ ਭਰਪੂਰ ਚਰਚਾ ਹੋਈ। ਬਾਬਾ ਸਾਹਿਬ ਦੇ ਮੁਕਤੀ ਅੰਦੋਲਨ ਅਤੇ ਉਹਨਾਂ ਦੇ ਸੰਵਿਧਾਨ ਨਿਰਮਾਣ ਵਿਚ ਪਾਏ ਅਹਿਮ ਯੋਗਦਾਨ ਬਾਰੇ ਬੋਲਦਿਆਂ ਮੁੱਖ ਮਹਿਮਾਨ ਸ੍ਰੀ ਜੋਧਕਾ ਨੇ ਜ਼ੋਰ ਦੇ ਕੇ ਕਿਹਾ ਕਿ ਸੰਵਿਧਾਨ ਦੀ ਤਿਆਰੀ ਵਿਚ ਭਾਵੇਂ ਹੋਰ ਕਈ ਵਿਦਵਾਨ ਮੈਂਬਰਾਂ ਨੇ ਹਿੱਸਾ ਲਿਆ ਭਾਵੇਂ ਪੰਡਤ ਨਹਿਰੂ ਅਤੇ ਮਹਾਤਮਾ ਗਾਂਧੀ ਦੀ







ਆਜ਼ਾਦੀ ਸੰਗਰਾਮ ਵਿਚ ਨਿਭਾਈ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਲੇਕਿਨ ਸੰਵਿਧਾਨ ਲਿਖ ਕੇ ਨਵ ਪ੍ਰਾਪਤ ਆਜ਼ਾਦੀ ਨੂੰ ਪੱਕਿਆਂ ਪੈਰਾਂ ਤੇ ਖੜ੍ਹਾ ਕਰਨ, ਲੋਕਤੰਤਰ ਨੂੰ ਵਿਕਸਤ ਅਤੇ ਪ੍ਰਫੁੱਲਿਤ ਕਰਨ ਲਈ ਜੋ ਭੂਮਿਕਾ ਡਾ. ਅੰਬੇਡਕਰ ਨੇ ਨਿਭਾਈ ਹੈ, ਉਸ ਦਾ ਕਿਸੇ ਨਾਲ ਵੀ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਕਿਉਂਕਿ ਭਾਰਤ ਜਿਹੇ ਅਨੇਕਾਂ ਧਰਮਾਂ, ਭਾਸ਼ਾਵਾਂ ਅਤੇ ਸਭਿਆਚਾਰਾਂ ਵਾਲੇ ਦੇਸ਼ ਨੂੰ ਕਿਸੇ ਦਸਤਾਵੇਜ਼ੀ ਸੂਤਰ ਬਿਨਾਂ ਇੱਕਜੁਟ ਬਣਾਈ ਰੱਖਣਾ ਕੋਈ ਸੌਖਾ ਕੰਮ ਨਹੀਂ ਸੀ ਜੋ ਬਾਬਾ ਸਾਹਿਬ ਨੇ ਕਰ ਦਿਖਾਇਆ। ਇਹੀ ਕਾਰਨ ਸੀ ਕਿ ਪੰਡਤ ਨਹਿਰੂ ਨੇ ਬਹੁਤ ਮਤਭੇਦ ਹੁੰਦੇ ਹੋਏ ਵੀ ਉਹਨਾਂ ਨੂੰ ਆਪ ਸੱਦਾ ਦੇ ਕੇ ਆਪਣੇ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਅਤੇ ਸੰਵਿਧਾਨ ਦੀ ਮਸੌਦਾ ਕਮੇਟੀ ਦਾ ਚੇਅਰਮੈਨ ਚੁਣਿਆ ਅਤੇ ਬਾਬਾ ਸਾਹਿਬ ਦੇ ਇਸੇ ਮਹੱਤਵਪੂਰਨ ਕਾਰਜ ਤੋਂ ਪ੍ਰਭਾਵਿਤ ਹੋ ਕੇ ਸੰਵਿਧਾਨ ਸਭਾ ਦੇ ਪ੍ਰਧਾਨ ਡਾ. ਰਾਜਿੰਦਰ ਪ੍ਰਸਾਦ ਨੇ ਇਹ ਸ਼ਬਦ ਕਹੇ ਕਿ ਡਾ. ਅੰਬੇਦਕਰ ਨੇ ਇਹ ਸ਼ਾਨਦਾਰ ਸੰਵਿਧਾਨ ਬਣਾ ਕੇ ਨਾ ਕੇਵਲ ਉਹਨਾਂ ਨੂੰ ਕਮੇਟੀ ਦੇ ਚੇਅਰਮੈਨ ਬਣਾਉਣ ਦੇ ਸਾਡੇ ਫੈਸਲੇ ਨੂੰ ਸਹੀ ਸਾਬਤ ਕੀਤਾ ਬਲਕਿ ਆਪਣੇ ਕਾਰਜ ਨੂੰ ਨੇਪਰੇ ਚਾੜ੍ਹ ਕੇ ਉਸ ਨੂੰ ਚਾਰ ਚੰਨ ਲਗਾ ਦਿੱਤੇ। ਪ੍ਰੋ. ਜੋਧਕਾ ਨੇ ਹੋਰ ਕਿਹਾ ਕਿ ਮੋਦੀ ਸਰਕਾਰ ਨੇ ਪਾਰਲੀਮੈਂਟ ਦੇ ਮੌਜੂਦਾ ਇਲਜਾਸ ਦੇ ਪਹਿਲੇ ਦੋ ਦਿਨ 26-27 ਨਵੰਬਰ ਨੂੰ ਡਾ. ਅੰਬੇਦਕਰ ਦੇ ਸੰਵਿਧਾਨ ਲਈ ਪਾਏ ਯੋਗਦਾਨ ਉਤੇ ਵਿਸਥਾਰਿਤ ਚਰਚਾ ਲਈ ਨਿਸਚਿਤ ਕਰਕੇ ਸਪਸ਼ਟ ਕਰ ਦਿੱਤਾ ਹੈ ਕਿ ਬਾਬਾ ਸਾਹਿਬ ਹਰ ਪਾਰਟੀ ਲਈ ਕਿੰਨੇ ਪ੍ਰਸੰਗਿਕ ਅਤੇ ਜ਼ਰੂਰੀ ਬਣ ਗਏ ਹਨ। ਪ੍ਰੋਗਰਾਮ ਦੀ ਪ੍ਰਧਾਨਗੀ ਕਰ ਰਹੇ ਯੂਨੀਵਰਸਿਟੀ ਡੀਨ ਡਾ. ਰੌਣਕੀ ਰਾਮ ਨੇ ਆਪਦੇ ਸੰਬੋਧਨ ਵਿਚ ਕਿਹਾ ਕਿ ਬਾਬਾ ਸਾਹਿਬ ਸਿਰਫ ਇਸ ਲਈ ਹੀ ਮਹਾਨ ਨਹੀਂ ਕਿ ਉਹਨਾਂ ਨੇ ਆਜ਼ਾਦ ਭਾਰਤ ਦਾ ਸੰਵਿਧਾਨ ਬਣਾਇਆ ਜਾਂ ਦਲਿਤ ਅਤੇ ਪੱਛੜਿਆਂ ਨੂੰ ਰਿਜ਼ਰਵੇਸ਼ਨ ਆਦਿ ਦੇ ਅਧਿਕਾਰ ਪ੍ਰਦਾਨ ਕੀਤੇ ਸਗੋਂ ਉਹਨਾਂ ਦੀ ਮਹਾਨਤਾ ਅਤੇ ਮਹੱਤਤਾ ਇਸ ਕਰਕੇ ਜ਼ਿਆਦਾ ਹੈ ਕਿ ਉਹਨਾਂ ਨੇ ਅਛੂਤ ਕਹੇ ਜਾਣ ਵਾਲੇ ਕਰੋੜਾਂ ਇਨਸਾਨਾਂ ਨੂੰ ਮੁੜ ਬਰਾਬਰ ਦੇ ਇਨਸਾਨਾਂ ਦੀ ਕਤਾਰ ਵਿਚ ਖੜ੍ਹੇ ਕਰ ਦਿੱਤਾ। ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਤੋਂ ਇਲਾਵਾ ਵਾਈਸ ਚਾਂਸਲਰ ਸ੍ਰੀ ਕੇ. ਸੀ. ਸੁਲੇਖ ਨੂੰ ਸਮਾਜ ਸੇਵਾਵਾਂ ਲਈ ਫੁੱਲਾਂ ਦਾ ਦਸਤਾ ਦੇ ਕੇ ਸਨਮਾਨਿਤ ਕੀਤਾ।

# ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਬਾਬਾ ਸਾਹਿਬ ਜੀ ਦਾ 60ਵਾਂ ਮਹਾਂ-ਪ੍ਰੀਨਿਰਵਾਣ ਦਿਵਸ







**ਜਲੰਧਰ–** ਇੱਥੇ ਅੰਬੇਡਕਰ ਭਵਨ ਵਿਖੇ ਭਾਰਤ ਰਤਨ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਜੀ ਦਾ 60ਵਾਂ ਮਹਾਂ ਪ੍ਰੀਨਿਰਵਾਣ ਦਿਵਸ ਅੰਬੇਡਕਰ ਭਵਨ ਟਰੱਸਟ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਵੱਲੋਂ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸ਼ਰਧਾਂਜਲੀ ਸਮਾਗਮ ਦੀ ਪ੍ਰਧਾਨਗੀ ਡਾ. ਭਜਨ ਕੌਰ ਲਾਅ ਡਿਪਾਰਟਮੈਂਟ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਕੀਤੀ।

ਇਸ ਮੌਕੇ 'ਤੇ ਟਰੱਸਟ ਦੇ ਚੇਅਰਮੈਨ ਡਾ. ਜੀ. ਸੀ. ਕੌਲ ਨੇ ਮੁੱਖ ਮਹਿਮਾਨ ਅਤੇ ਵਿਸ਼ਾਲ ਜਨ ਸਮੂਹ ਨੂੰ ਜੀ ਆਇਆਂ ਆਖਦਿਆਂ ਅੰਬੇਡਕਰ ਭਵਨ ਜਲੰਧਰ ਦੇ ਇਤਿਹਾਸਕ ਪਹਿਲੂ 'ਤੇ ਵੀ ਚਾਨਣਾ ਪਾਇਆ। ਮੁੱਖ ਮਹਿਮਾਨ ਡਾ. ਭਜਨ ਕੌਰ ਨੇ ਸ਼ਰਧਾ ਸੁੰਮਨ ਭੇਂਟ ਕਰਦਿਆਂ ਭਾਰਤ ਦੇ ਨਵ-ਨਿਰਮਾਣ 'ਚ ਬਾਬਾ ਸਾਹਿਬ ਦੀ ਬੇਮਿਸਾਲ ਘਾਲਣਾ ਦਾ ਸੰਵਿਧਾਨ ਦੇ ਹਵਾਲਿਆਂ ਨਾਲ ਵਿਸਥਾਰ ਸਹਿਤ ਜ਼ਿਕਰ ਕੀਤਾ ਅਤੇ ਅੱਜ ਵੀ ਔਰਤਾਂ, ਬੱਚਿਆਂ ਅਤੇ ਦੱਬ-ਕੁਚਲੇ ਲੋਕਾਂ ਨਾਲ ਹੁੰਦੀ ਬੇਇਨਸਾਫੀ ਅਤੇ ਕਰੂਰਤਾ ਨੂੰ ਰੋਕਣ ਲਈ ਮਜਬੂਤ ਏਕੇ ਦੀ ਲੋੜ 'ਤੇ ਜ਼ੋਰ ਦਿੱਤਾ।

ਸ੍ਰੀ ਲਾਹੌਰੀ ਰਾਮ ਬਾਲੀ ਸੰਸਥਾਪਕ ਟਰੱਸਟੀ ਨੇ ਬਾਬਾ ਸਾਹਿਬ ਦੀ ਦਿਨ-ਬ-ਦਿਨ ਵੱਧ ਰਹੀ ਮਹਾਨਤਾ ਤੇ ਪ੍ਰਸੰਨਤਾ ਦਾ ਪ੍ਰਗਟਾਵਾ ਕਰਦਿਆਂ ਗੁੰਮਰਾਹ ਕਰਨ ਵਾਲੇ ਪ੍ਰਚਾਰ ਤੋਂ ਸੁਚੇਤ ਰਹਿਣ ਲਈ ਕਿਹਾ। ਡਾ. ਰਾਮਲਾਲ ਜੱਸੀ ਨੇ ਕਿਹਾ ਕਿ ਰੂੜੀਵਾਦੀ, ਪਿਛਾਂਹਖਿੱਚੂ ਵਿਚਾਰਾਂ ਨੂੰ ਤਿਆਗ ਕੇ ਵਿਗਿਆਨਕ ਸੋਚ ਅਨੁਸਾਰ ਚੱਲਣਾ ਹੀ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ ਦੇ ਪ੍ਰਧਾਨ ਡਾ. ਤਰਸੇਮ ਸਾਗਰ ਨੇ ਅੰਬੇਡਕਰ ਦੇ ਵਿਚਾਰਾਂ ਦਾ ਭਾਰਤ ਬਣਾਉਣ ਲਈ ਪ੍ਰਾਚੀਨ ਮਾਨਸਿਕਤਾ ਨੂੰ ਬਦਲਣ ਅਤੇ ਨਵੀਨ ਸਭਿਆਚਾਰਕ ਸੋਚ ਅਪਣਾਉਣਾ ਜ਼ਰੂਰੀ ਦੱਸਿਆ।

ਪ੍ਰਸਿੱਧ ਗਾਇਕ ਜਗਤਾਰ ਵਰਿਆਣਵੀਂ ਨੇ ਗੀਤਾਂ ਨਾਲ ਬਾਬਾ ਸਾਹਿਬ ਦੇ ਮਿਸ਼ਨ ਤੇ ਚਾਨਣਾ ਪਾਇਆ। ਸ੍ਰੀ ਆਰ. ਸੀ. ਸੰਗਰ ਨੇ ਮੁੱਖ ਮਹਿਮਾਨ ਅਤੇ ਵਿਸ਼ਾਲ ਜਨ ਸਮੂਹ ਦਾ, ਸ਼ਰਧਾਂਜਲੀ ਸਮਾਰੋਹ 'ਚ ਸ਼ਾਮਲ ਹੋਣ ਲਈ ਧੰਨਵਾਦ ਪੇਸ਼ ਕੀਤਾ। ਇਸ ਮੌਕੇ ਤੇ ਸਰਵ ਸ੍ਰੀ ਬਰਖਾ ਰਾਮ, ਬਲਦੇਵ ਭਾਰਦਵਾਜ, ਸ੍ਰੀ ਸੋਹਣ ਲਾਲ (ਰਿਟਾ:) ਡੀ. ਪੀ. ਆਈ ਕਾਲਜਾਂ ਪੰਜਾਬ, ਡਾ. ਰਾਹੁਲ ਐਮ. ਐਸ., ਚਰਨ ਦਾਸ ਸੰਧੂ, ਮਹਿੰਦਰ ਸੰਧੂ, ਜਸਵਿੰਦਰ ਵਰਿਆਣਾ, ਜੇ. ਪੀ. ਚੁੰਬਰ, ਚੀਫ ਇੰਜੀਨੀਅਰ, ਗੁਰਦੇਵ ਚੰਦ ਖੋਖਰ, ਹਰਭਜਨ ਲਾਖਾ, ਚਮਨ ਸਾਂਪਲਾ, ਮਾਸਟਰ ਸੁਰਜਨ ਦਾਸ, ਚੌਧਰੀ ਹਰੀ ਰਾਮ, ਸਤਨਾਮ ਅਹੀਰ, ਡਾ. ਤੀਰਥ ਬਸਰਾ, ਚਰਨਜੀਤ ਸਿੰਘ, ਡਾ. ਚਰਨਜੀਤ, ਮੈਡਮ ਸੁਰਿੰਦਰ, ਇੰਜੀ: ਜਸਵੰਤ ਰਾਏ, ਮੈਡਮ ਸੁਨੀਤਾ, ਸ੍ਰੀ ਹਰਭਜਨ, ਮਹਿੰਦਰਪਾਲ ਇੰਜੀਨੀਅਰ ਯੂ. ਐਸ. ਏ., ਨਰੰਜਨ ਦਾਸ ਈ. ਟੀ. ਓ. (ਰਿਟਾ), ਹਰੀਚੰਦ ਸੁੰਮਨ, ਪ੍ਰਿੰ. ਮਹਿੰਦਰ ਸਿੰਘ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਸਮਾਗਮ ਦੇ ਅਖੀਰ ਵਿਚ ਪ੍ਰੀਤੀ ਭੋਜ ਵੀ ਵਰਤਾਇਆ ਗਿਆ।

# ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ (ਰਜਿ) ਵੱਲੋਂ ਡਾ.ਅੰਬੇਦਕਰ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ





'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੀਆਂ ਕਾਪੀਆਂ ਸੰਗਤਾਂ ਦੇ ਰੂਬਰੂ ਕਰਦੇ ਹੋਏ ਕਮੇਟੀ ਮੈਂਬਰ ਅਤੇ ਹੋਰ ਸੱਜਣ





**ਤਲਵਾੜਾ (ਬਿਊਰੋ)–** ਸਥਾਨਕ ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ (ਰਜ਼ਿ) ਵੱਲੋਂ ਬੀ ਬੀ ਐਮ ਬੀ ਕਲੋਨੀ ਦੇ ਸੈਕਟਰ -3 ਵਿਖੇ ਸਥਿਤ ਸ੍ਰੀ ਗੁਰੂ ਰਵਿਦਾਸ ਮੰਦਿਰ ਦੇ ਵਿਹੜੇ ਵਿੱਚ ਭਾਰਤੀ ਸੰਵਿਧਾਨ ਦੇ ਨਿਰਮਾਤਾ, ਉੱਘੇ ਵਿਦਵਾਨ ਤੇ ਭਾਰਤ ਰਤਨ ਡਾ. ਬੀ.ਆਰ. ਅੰਬਦੇਕਰ ਦੇ 59ਵੇਂ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਾਮ ਦੇ ਦੀਵਾਨ ਵਿੱਚ ਕੁਲਦੀਪ ਆਸਫ਼ਪੁਰ ਨੇ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ 'ਤੇ ਅਧਾਰਿਤ ਮਿਸ਼ਨਰੀ ਗੀਤ ਪੇਸ਼ ਕਰਕੇ ਕੀਤੀ। ਇਸ ਉਪਰੰਤ ਸਮਾਗਮ 'ਚ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਡਾ. ਜਸਵੰਤ ਰਾਏ ਨੇ ਬਾਬਾ ਸਾਹਿਬ ਦੇ ਜੀਵਨ ਬਾਰੇ ਦੱਸਦੇ ਹੋਇਆਂ ਕਿਹਾ ਕਿ ਡਾ.ਅੰਬੇਦਕਰ ਬਚਪਨ ਤੋਂ ਹੀ ਭਗਤ ਕਬੀਰ ਤੇ ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਪ੍ਰਭਾਵਿਤ ਸਨ। ਉਨ੍ਹਾਂ ਮੁਸ਼ਕਿਲਾਂ ਦੇ ਬਾਵਜੂਦ ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਜਿਨ੍ਹਾਂ ਦਲਿਤਾਂ ਦੇ ਘਰ ਸਦਾ ਹੀ ਲਹਿੰਦੇ ਪਾਸੇ ਵੱਲ ਹੁੰਦੇ ਸਨ। ਪਰ ਬਾਬਾ ਸਾਹਿਬ ਦੇ ਸੰਘਰਸ਼ ਸਦਕਾ ਅੱਜ ਦਲਿਤ ਸਮਾਜ ਮਹਿਲ ਨੁੰਮਾ ਘਰਾਂ ਵਿੱਚ ਅਤੇ ਆਪਣੀ ਮਰਜ਼ੀ ਦੀ ਦਿਸ਼ਾ ਵਿੱਚ ਰਹਿ ਰਹੇ ਹਨ। ਉਨ੍ਹਾਂ ਦਲਿਤਾਂ, ਔਰਤਾਂ ਤੇ ਦੱਬੇ- ਕੁੱਚਲਿਆਂ ਦੀ ਲੜਾਈ ਕੇਵਲ ਭਾਰਤ ਵਿੱਚ ਹੀ ਨਹੀਂ ਸਗੋਂ ਲੰਡਨ ਆਦਿ ਬਾਹਰਲੇ ਮੁਲਖ਼ਾਂ ਦੀ ਧਰਤੀ 'ਤੇ ਵੀ ਗੋਲਮੇਜ਼ ਕਾਨਫਰੰਸਾਂ ਰਾਹੀਂ ਲੜੀ। ਅੱਜ ਡਾ.ਸਾਹਿਬ ਵੱਲੋਂ ਦਿੱਤੇ ਨਾਅਰੇ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਨੂੰ ਵਿਵਹਾਰਿਕ ਰੂਪ ਵਿੱਚ ਅਪਣਾਉਣ ਦੀ ਲੋੜ ਹੈ। ਇਸ ਮੌਕੇ 'ਤੇ ਨੀਤਿਕਾ ਭੜਿਆਰ ਅਤੇ ਡਾ.ਅਮਰਜੀਤ ਅਨੀਸ ਵੱਲੋਂ ਕਵਿਤਾ ਰਾਹੀਂ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਦਿੱਤੀ ਗਈ। ਅੰਤ ਵਿੱਚ ਸਭਾ ਦੇ ਪ੍ਰਧਾਨ ਯੁੱਧਵੀਰ ਸਿੰਘ ਨੇ ਸਮੂਹ ਸੰਗਤਾਂ ਨੂੰ ਡਾ. ਅੰਬੇਦਕਰ ਸਾਹਿਬ ਦੇ ਵਿਚਾਰਾਂ ਦੇ ਧਾਰਨੀ ਬਣਨ ਦਾ ਸੱਦਾ ਦਿੱਤਾ। ਇਸ ਮੌਕੇ 'ਤੇ ਹਰਮਿੰਦਰ ਮਿਸ਼ਰਾ, ਸੁਰਿੰਦਰ ਸਿੰਘ, ਸਮਾਜ ਸੇਵੀ ਅਸ਼ਵਨੀ ਚੱਡਾ, ਅਧਿਆਪਕ ਆਗੂ ਵਰਿੰਦਰ ਵਿੱਕੀ ਤੇ ਜਸਵੀਰ ਤਲਵਾੜਾ, ਬਲਵਿੰਦਰ ਸਿੰਘ, ਹਰਭਜਨ ਹੀਰ, ਰਾਜ ਮੱਲ ਭਾਟੀਆ, ਰਾਜ ਮੱਲ ਕੱਜਲਾ, ਗੁਰਦਿਆਲ ਸਿੰਘ, ਸੁੱਖਵਿੰਦਰ ਸਿੰਘ ਹੈੱਡ ਗ੍ਰੰਥੀ, ਬੀਬੀ ਊਸ਼ਾ ਦੇਵੀ, ਕਸ਼ਮੀਰ ਕੌਰ, ਸੁਰਜੀਤ ਕੌਰ ਆਦਿ ਪਤਵੰਤਿਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਮੌਜੂਦ ਸਨ।

# ਦਲਿਤ ਅਧਿਕਾਰੀ ਦੇ ਅਪਮਾਨ ਵਿਰੁੱਧ ਫਰੀਦਾਬਾਦ ਦੇ ਚੌਂਕ ਤੇ ਮੰਤਰੀ ਦੇ ਪੁਤਲੇ ਫੂਕੇ




**ਫਰੀਦਾਬਾਦ–** ਭਾਰਤੀ ਸਹਿਹੋਂਦ ਸੰਗਠਨ (ਲਕਸ਼ੈ) ਦੇ ਵਰਕਰਾਂ ਨੇ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਦੁਆਰਾ ਦਲਿਤ ਔਰਤ ਆਈ. ਪੀ. ਐਸ. ਅਧਿਕਾਰੀ ਸੰਗੀਤ ਕਾਲੀਆ ਦੇ ਨਾਲ ਕੀਤੇ ਮਾੜੇ ਵਤੀਰੇ ਦੇ ਮਾਮਲੇ ਨੂੰ ਨੇ ਕੇ ਫਰੀਦਾਬਾਦ ਦੇ ਚੌਂਕ ਤੇ ਮੰਤਰੀ ਅਨਿਲ ਵਿਜ ਦੇ ਪੁਤਲੇ ਫੂਕੇ। ਹਰਿਆਣਾ ਦੀ ਔਰਤ ਕਮਾਂਡਰ ਕਵਿਤਾ ਜਾਟਵ ਨੇ ਮੰਤਰੀ ਅਨਿਲ ਵਿਜ ਦੇ ਵਤੀਰੇ ਬਾਰੇ ਚਰਚਾ ਕਰਦਿਆਂ ਕਿਹਾ ਕਿ ਜਦੋਂ ਦਲਿਤ ਸਮਾਜ ਦੇ ਇਹਨਾਂ ਵੱਡੇ ਅਧਿਕਾਰੀਆਂ ਦੀ ਹਾਲਤ ਅਜਿਹੀ ਹੈ ਤਾਂ ਆਮ ਦਲਿਤਾਂ ਦੀ ਸਥਿਤੀ ਦਾ ਜਾਇਜ਼ਾ ਲਗਾਇਆ ਜਾ ਸਕਦਾ ਹੈ।

ਲਕਸ਼ੈ ਕਮਾਂਡਰ ਮੰਜੂ ਨੇ ਕਿਹਾ ਕਿ ਲਕਸ਼ੈ ਦੀ ਟੀਮ ਦਲਿਤਾਂ ਅਤੇ ਔਰਤਾਂ ਤੇ ਹੋ ਰਹੇ ਅੱਤਿਆਚਾਰਾਂ ਦੇ ਖਿਲਾਫ ਆਵਾਜ਼ ਬੁਲੰਦ ਕਰਦੀ ਰਹੇਗੀ। ਇਹਨਾਂ ਔਰਤ ਕਮਾਂਡਰਾਂ ਨੇ ਕਿਹਾ ਕਿ ਮੰਤਰੀ ਦੇ ਅਨੈਤਿਕ ਵਿਵਹਾਰ ਦੇ ਬਾਵਜੂਦ ਦਲਿਤ ਔਰਤ ਅਧਿਕਾਰੀ ਨੂੰ ਹੀ ਟਰਾਂਸਫਰ ਕਰਕੇ ਉਸਨੂੰ ਸਜ਼ਾ ਦੇ ਦਿੱਤੀ। ਲਕਸ਼ੈ ਇਸ ਘਟਨਾ ਦੀ ਪੁਰਜ਼ੋਰ ਨਿੰਦਾ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਅਜਿਹੇ ਮੰਤਰੀ ਨੂੰ ਸਰਕਾਰ ਤੋਂ ਤੁਰੰਤ ਬਰਖਾਸਤ ਕੀਤਾ ਜਾਵੇ।

# 16ਵੇਂ ਨਗਰ ਕੀਰਤਨ ਸਬੰਧੀ ਅਖੰਡ ਪਾਠਾਂ ਦੀ ਲੜੀ ਆਰੰਭ





ਤਸਵੀਰਾਂ ਅਤੇ ਵੇਰਵਾ- ਜਸਵੰਤ ਸ਼ੀਮਾਰ

**ਰਿਓਲਿੰਡਾ (ਸੈਕਰਾਮੈਂਟੋ)–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ ਗੁਰੂ ਰਵਿਦਾਸ ਜੀ ਦੇ 639ਵੇਂ ਜਨਮ ਦਿਹਾੜੇ ਤੇ ਮਾਰਚ ਮਹੀਨੇ ਕੱਢੇ ਜਾ ਰਹੇ 16ਵੇਂ ਨਗਰ ਕੀਰਤਨ ਦੇ ਸਬੰਧ ਵਿਚ ਜੋ ਅਖੰਡ ਪਾਠਾਂ ਦੀ ਲੜੀ ਚੱਲ ਰਹੀ ਹੈ, ਉਸੇ ਲੜੀ ਵਿਚੋਂ ਛੇ ਦਸੰਬਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਚੱਲ ਰਹੇ ਹਨ, ਉਸੇ ਲੜੀ ਵਿਚੋਂ 6 ਦਸੰਬਰ ਨੂੰ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਜਿਸ ਦੀ ਆਰੰਭਤਾ 4 ਦਸੰਬਰ ਦਿਨ ਸ਼ੁੱਕਰਵਾਰ ਨੂੰ ਹੋਈ ਸੀ। ਇਸ ਅਖੰਡ ਪਾਠ ਸਾਹਿਬ ਦੀ ਸੇਵਾ ਬੀਬੀ ਸੰਤੀ ਦੀ ਯਾਦ ਵਿਚ ਰਾਜਕੁਮਾਰ ਪਰਿਵਾਰ ਅਤੇ ਸੁਰਜੀਤ ਕੁਮਾਰ ਪਰਿਵਾਰ ਵੱਲੋਂ ਕੀਤੀ ਗਈ, ਉਪਰੰਤ ਹਰੀਦਾਸ ਰਾਏ ਜੀ ਨੂੰ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਭਾਈ ਜਸਬੀਰ ਸਿੰਘ ਖਾਲਸਾ ਕੇ ਜਥੇ ਅਤੇ ਗੁਰੂ ਘਰ ਦੇ ਹਜ਼ੂਰੀ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਦਿਨ ਭਾਈ ਜੀਵਨ ਸਿੰਘ (ਜੈਤਾ ਜੀ) ਦਾ ਸ਼ਹੀਦੀ ਦਿਵਸ ਵੀ ਮਨਾ ਇਆ ਗਿਆ। ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਮੌਕੇ ਜੀਵਨ ਰੱਤੂ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

# ਤਰੱਕੀ 'ਚ ਦਲਿਤਾਂ ਨੂੰ ਮਿਲੇ ਰਾਖਵਾਂਕਰਨ: ਮਾਇਆਵਤੀ

**ਨਵੀਂ ਦਿੱਲੀ–**-ਬੀ.ਐਸ.ਪੀ. ਸਪਰੀਮੋ ਮਾਇਆਵਤੀ ਨੇ ਸੋਮਵਾਰ ਨੂੰ ਦਲਿਤਾਂ ਲਈ ਸਰਕਾਰੀ ਤੇ ਨਿੱਜੀ ਖੇਤਰਾਂ 'ਚ ਤਰੱਕੀ 'ਚ ਰਾਖਵਾਂਕਰਨ ਦੇਣ ਦੀ ਮੰਗ ਕੀਤੀ ਹੈ। ਬਸਪਾ ਪ੍ਰਧਾਨ ਨੇ ਕਿਹਾ, "ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸ਼ੁੱਕਰਵਾਰ ਨੂੰ ਸੰਵਿਧਾਨ 'ਤੇ ਹੋਈ ਚਰਚਾ ਦੇ ਅੰਤ 'ਚ ਕਾਫੀ ਗੱਲਾਂ ਕਹੀਆਂ। ਇਹ



ਬੇਹਤਰ ਰਿਹਾ ਹੁੰਦਾ ਜੇਕਰ ਉਨ੍ਹਾਂ ਨੇ ਪਛੜੀ ਜਾਤੀ ਲਈ ਤਰੱਕੀ 'ਚ ਰਾਖਵਾਂਕਰਨ, ਨਿੱਜੀ ਖੇਤਰ 'ਚ ਰਾਖਵਾਂਕਰਨ, ਉੱਚੀ ਜਾਤੀ 'ਚ ਆਰਥਿਕ ਰੂਪ ਤੋਂ ਪਛੜੇ ਲੋਕਾਂ ਲਈ ਰਾਖਵਾਂਕਰਨ ਵਰਗੀਆਂ ਯੋਜਨਾਵਾਂ ਦਾ ਐਲਾਨ ਕਰਦੇ।" ਇਸ ਨਾਲ ਕਮਜ਼ੋਰ ਤਬਕਿਆਂ ਨੂੰ ਲਾਭ ਮਿਲਦਾ।ਉਨ੍ਹਾਂ ਮੋਦੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਵਿਦੇਸ਼ 'ਚ ਬੁੱਧ ਧਰਮ ਦੀ ਮਹਾਨਤਾ ਬਾਰੇ ਗੱਲ ਕਰਦੇ ਹਨ ਪਰ ਭਾਰਤ 'ਚ ਉਨ੍ਹਾਂ ਦੇ ਸਾਥੀਆਂ ਦਾ ਕੰਮ ਸਿੱਖਿਆ ਦੇ ਉਲਟ ਹੁੰਦਾ ਹੈ। ਮਾਇਆਵਤੀ ਨੇ ਕਿਹਾ ਸਰਕਾਰ ਨੂੰ ਅੰਬੇਦਕਰ ਦੇ ਰਸਤੇ 'ਤੇ ਚੱਲਣ ਦੀ ਸਲਾਹ ਦਿਆਂਗੀ।

# ਕਾਂਗਰਸ, ਭਾਜਪਾ ਸਰਕਾਰਾਂ ਸੰਵਿਧਾਨ ਨੂੰ ਨਹੀਂ ਕਰ ਸਕੀਆਂ ਲਾਗੂ - ਕਰੀਮਪੁਰੀ

## ਗਊ ਹੱਤਿਆ ਦੇ ਮਾਮਲੇ ਵਿਚ ਦਲਿਤ ਖਿਲਾਫ ਦਰਜ ਕੀਤਾ ਤੁਰੰਤ ਰੱਦ ਕੀਤਾ ਜਾਵੇ

**ਫਗਵਾੜਾ (ਬੀ ਕੇ ਰੱਤੂ)–** ਬਹੁਜਨ ਸਮਾਜ ਪਾਰਟੀ (ਬਸਪਾ) ਵਲੋਂ ਪਾਰਟੀ ਦਫਤਰ ਵਿਖੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੇ ਪਰਿ ਨਿਰਵਾਣ ਦਿਵਸ ਦੇ ਮੌਕੇ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਇਸ ਮੌਕੇ 'ਤੇ ਬਾਬਾ ਸਾਹਿਬ ਦਾ ਸੰਵਿਧਾਨ ਤੇ ਹੁਣ ਤੱਕ ਦੇ ਹੁਕਮਰਾਨ ਵਿਸ਼ੇ 'ਤੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਨੇ ਹਿੱਸਾ ਲਿਆ। ਸੈਮੀਨਾਰ ਵਿਚ ਮੁੱਖ ਬੁਲਾਰੇ ਦੇ ਤੌਰ 'ਤੇ ਵਿਚਾਰ ਰੱਖਦਿਆ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਮੈਂਬਰ ਰਾਜਸਭਾ ਸ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਕੇਂਦਰ ਵਿਚ ਹੁਣ ਤੱਕ ਦੀਆਂ ਕਾਂਗਰਸ, ਭਾਜਪਾ ਤੇ ਇਨ੍ਹਾਂ ਦੇ ਸਹਿਯੋਗੀਆਂ ਦੀ ਸਰਕਾਰਾਂ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਸਹੀ ਭਾਵਨਾ ਵਿਚ ਲਾਗੂ ਨਹੀਂ ਕਰ ਸਕੀਆਂ। ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਇਸ ਕਰਕੇ ਸੰਵਿਧਾਨ ਨੂੰ ਲਾਗੂ ਨਹੀਂ ਕਰ ਸਕੀਆਂ ਕਿਉਂਕਿ ਬਾਬਾ ਸਾਹਿਬ ਦਾ ਸੰਵਿਧਾਨ ਸਮਾਜਿਕ, ਆਰਥਿਕ ਤੇ ਰਾਜਨੀਤਕ ਸਮਾਨਤਾ ਦੀ ਗੱਲ ਕਰਦਾ ਹੈ ਤੇ ਜਦਕਿ ਕਾਂਗਰਸ ਤੇ ਭਾਜਪਾ ਗੈਰ ਬਰਾਬਰੀ ਵਾਲੀ ਵਿਵਸਥਾ ਨੂੰ ਦੇਸ਼ ਵਿਚ ਸਥਾਪਿਤ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ, ਭਾਜਪਾ ਤੇ ਇਨ੍ਹਾਂ ਦੀਆਂ ਅਕਾਲੀ ਦਲ ਵਰਗੀਆਂ ਸਹਿਯੋਗੀਆਂ ਪਾਰਟੀਆਂ ਅਸਲ ਵਿਚ ਹਿੰਦੂ ਰਾਸ਼ਟਰ ਦੇ ਏਜੰਡੇ 'ਤੇ ਹੀ ਕੰਮ ਕਰਦੀਆਂ ਹਨ। ਇਸ ਕਰਕੇ ਇਹ ਸਭ ਸੰਵਿਧਾਨ ਬਦਲਕੇ ਦੇਸ਼ ਵਿਚ ਮਨੂੰਸਮ੍ਰਿਤੀ ਲਾਗੂ ਕਰਕੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣਾ



ਚਾਹੁੰਦੀਆਂ ਹਨ, ਜਿਸਨੂੰ ਬਸਪਾ ਕਦੇ ਹੋਣ ਨਹੀਂ ਦੇਵੇਗੀ। ਸ. ਕਰੀਮਪੁਰੀ ਨੇ ਇਹ ਵੀ ਕਿਹਾ ਕਿ ਜੇਕਰ ਇਹ ਹਿੰਦੂ ਰਾਸ਼ਟਰ ਦੇ ਪੱਖ ਵਿਚ ਨਹੀਂ ਹਨ ਤਾਂ ਇਹ 25 ਦਸੰਬਰ ਨੂੰ ਵੀ ਮਨਾਉਣ ਜਿਸ ਦਿਨ ਬਾਬਾ ਸਾਹਿਬ ਨੇ ਮਨੂੰਸਿਮ੍ਰਤੀ ਨੂੰ ਸਾੜਿਆ ਸੀ।

ਉਨ੍ਹਾਂ ਕਿਹਾ ਕਿ ਬਾਦਲ ਆਰਐਸਐਸ ਦੇ ਹਿੰਦੂਤਵ ਏਜੰਡੇ ਲਈ ਕੰਮ ਕਰਦਾ ਹੈ। ਬੀਤੇ ਦਿਨੀਂ ਜਲੰਧਰ ਵਿਚ ਇਕ ਦਲਿਤ 'ਤੇ ਮਰੀ ਗਾਂ ਦੇ ਮਾਮਲੇ ਵਿਚ ਦਰਜ ਕੀਤੇ ਕੇਸ ਨੇ ਬਾਦਲ ਦੀ ਇਹ ਸੋਚ ਸਪਸ਼ਟ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ ਅਕਾਲੀ ਭਾਜਪਾ ਸਰਕਾਰ ਵਲੋਂ ਸਪਾਂਸਰਡ ਅੱਤਵਾਦ ਹੈ ਤੇ ਬਸਪਾ ਇਸਦਾ ਡੱਟਕੇ ਮੁਕਾਬਲਾ ਕਰੇਗੀ। ਸ. ਕਰੀਮ-ਪੁਰੀ ਨੇ ਕਿਹਾ ਕਿ 2 ਦਸੰਬਰ ਨੂੰ ਇਕ ਦਲਿਤ 'ਤੇ ਮਰੀ ਹੋਏ ਗਾਂ ਦੀ ਚਮੜੀ ਲਾਉਣ ਦਾ ਕੇਸ ਦਰਜ ਕੀਤਾ ਗਿਆ ਤੇ ਉਸਦੇ ਨਾਲ ਹਿੰਦੂ ਜਥੇਬੰਦੀਆਂ ਦੇ ਮੈਂਬਰਾਂ ਨੇ ਬੁਰੀ ਤਰ੍ਹਾਂ ਕੁੱਟ ਮਾਰ ਵੀ ਕੀਤੀ ਤੇ ਉਸਨੂੰ ਬਿਨ੍ਹਾਂ ਕਿਸੇ ਦੋਸ਼ ਦੇ ਜੇਲ ਵਿਚ ਬੰਦ ਕੀਤਾ ਗਿਆ ਹੈ। ਸ. ਕਰੀਮਪੁਰੀ ਨੇ ਕਿਹਾ ਕਿ ਦਲਿਤਾਂ ਖਿਲਾਫ ਹਿੰਦੂ ਅੱਤਵਾਦ ਸੂਬਾ ਸਰਕਾਰ ਵਲੋਂ ਸਪਾਂਸਰਡ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਇਕ ਹਫਤੇ ਦੇ ਅੰਦਰ ਦਲਿਤ ਖਿਲਾਫ ਗਾਂ ਹੱਤਿਆ ਦਾ ਦਰਜ ਕੀਤੇ ਮਾਮਲਾ ਰੱਦ ਕੀਤਾ ਜਾਵੇ ਤੇ ਦਲਿਤ ਨਾਲ ਮਾਰ ਕੁੱਟ ਕਰਨ ਵਾਲੇ ਹਿੰਦੂ ਜਥੇਬੰਦੀਆਂ ਦੇ ਮੈਂਬਰਾਂ ਖਿਲਾਫ ਐਸਸੀ/ ਐਸਟੀ ਤਹਿਤ ਮਾਮਲਾ ਦਰਜ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਅਜਿਹਾ ਨਹੀਂ ਕੀਤਾ ਤਾਂ ਬਸਪਾ ਜਲੰਧਰ ਵਿਚ ਵੱਡੇ ਪੱਧਰ 'ਤੇ ਅੰਦੋਲਨ ਕਰੇਗੀ।

ਉਨ੍ਹਾਂ ਦਲਿਤ ਸ਼ੋਸ਼ਿਤ ਸਮਾਜ ਦੇ ਲੋਕਾਂ ਨੂੰ ਇਹ ਵੀ ਕਿਹਾ ਕਿ ਉਹ ਬਾਬਾ ਸਾਹਿਬ ਦੀ ਵਿਚਾਰਧਾਰਾ 'ਤੇ ਆਧਾਰਤ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਬਸਪਾ ਅੰਦੋਲਨ ਵਿਚ ਹੀ ਵਿਸ਼ਵਾਸ ਰੱਖਣ ਤੇ ਇਸਦੇ ਰਾਹੀਂ ਸੱਤ੍ਹਾ ਹਾਸਿਲ ਕਰਨ। ਤੱਦ ਹੀ ਉਹ ਬਾਬਾ ਸਾਹਿਬ ਦੇ ਸੰਵਿਧਾਨ ਨੂੰ ਸਹੀ ਅਰਥਾਂ ਵਿਚ ਲਾਗੂ ਕਰਕੇ ਦੇਸ਼ ਵਿਚ ਬਰਾਬਰੀ ਵਾਲੀ ਵਿਵਸਥਾ ਦਾ ਨਿਰਮਾਣ ਕਰ ਸਕਦੇ ਹਨ ਤੇ ਵਧੀਆ ਜਿੰਦਗੀ ਹਾਸਿਲ ਕਰ ਸਕਦੇ ਹਨ। ਇਸ ਪਹਿਲਾਂ ਸ. ਕਰੀਮਪੁਰੀ ਨੇ ਬਸਪਾ ਦੇ ਹੋਰ ਆਗੂਆਂ ਨਾਲ ਡਾ. ਅੰਬੇਡਕਰ ਚੌਕ 'ਤੇ ਵੀ ਬਾਬਾ ਸਾਹਿਬ ਨੂੰ ਸਰਧਾਂਜਲੀ ਭੇਂਟ ਕੀਤੀ। ਇਸ ਮੌਕੇ 'ਤੇ ਬਸਪਾ ਸੂਬਾ ਕੋਆਰਡੀਨੇਟਰ ਪ੍ਰਕਾਸ਼ ਭਾਰਤੀ, ਰਛਪਾਲ ਰਾਜੂ, ਚੌਧਰੀ ਗੁਰਨਾਮ ਸਿੰਘ, ਅਜੀਤ ਸਿੰਘ ਭੈਣੀ, ਜੋਗਾ ਸਿੰਘ ਪਨੋਦੀਆ, ਜਲੰਧਰ ਜੋਨ ਇੰਚਾਰਜ ਮਾਸਟਰ ਰਾਮ ਲੁਭਾਇਆ, ਬਲਵਿੰਦਰ ਕੁਮਾਰ ਅੰਬੇਡਕਰ, ਰੋਹਿਤ ਖੋਖਰ, ਹਰਭਜਨ ਬਜਹੇੜੀ, ਸੰਤ ਰਾਮ ਮੱਲੀਆਂ, ਗੁਰਪ੍ਰੀਤ ਸਿੰਘ ਗੋਗੀ, ਗੁਰਮੇਲ ਚੁੰਬਰ, ਸੇਵਾ ਸਿੰਘ ਰੱਤੂ, ਰਵਿੰਦਰ ਹੰਸ, ਹਰਭਜਨ ਬਲਾਲੋਂ, ਸਵਰਣ ਸਿੰਘ ਸੱਗੂ, ਬਲਵੀਰ ਸਿੰਘ ਤੇਹੰਗ, ਧਰਮਵੀਰ ਧੰਮਾ, ਜਗਦੀਸ਼ ਰਾਣਾ, ਗੋਪਾਲ ਚੰਦ ਢਿਲਵਾਂ, ਸੁਰਿੰਦਰ ਮਹੇ, ਜਗਦੀਸ਼ ਸ਼ੇਰਪੁਰੀ, ਕਮਲ ਦੇਵ ਜੰਡੂਸਿੰਘਾ, ਰਮੇਸ਼ ਕੌਲ, ਨਿਸ਼ਾਨ ਚੌਧਰੀ, ਲਾਲ ਚੰਦ ਔਜਲਾ, ਪ੍ਰਿੰ. ਮੇਜਰ ਸਿੰਘ ਜੱਸੀ, ਗੁਰਬਖਸ਼ ਮਹੇ ਆਦਿ ਵੀ ਮੌਜੂਦ ਸਨ।

# ਪੰਜਾਬ ਬੁੱਧਿਸਟ ਸੁਸਾਇਟੀ ਨੇ ਡਾ.ਅੰਬੇਦਕਰ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ

**ਕਾਦੀਆਂ (ਲੁਧਿਆਣਾ)–** ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 60ਵਾਂ ਪ੍ਰੀ-ਨਿਰਵਾਣ ਦਿਵਸ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁਧਿਆਣਾ ਵਿਖੇ ਬਹੁਤ ਸ਼ਰਧਾ ਨਾਲ ਮਨਾਇਆ ਗਿਆ। ਭਿਖਸ਼ੂ ਸੰਘ ਵੱਲੋਂ ਵੰਦਨਾ, ਤਰੀਸ਼ਰਣ ਅਤੇ ਪੰਚਸ਼ੀਲ ਦੇ ਪਾਠ ਪੜ੍ਹਨ ਉਪਰੰਤ ਸ਼ਰਧਾਲੂਆਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਧ ਨੂੰ ਫੁੱਲਾਂ ਦੇ ਹਾਰ ਪਹਿਨਾਂ ਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਇਸ ਮੌਕੇ ਤੇ ਮੁੱਖ ਮਹਿਮਾਨ ਸ੍ਰੀ ਰਾਮ ਪਾਲ ਰਾਹੀ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ ਇੰਗਲੈਂਡ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਦਲਿਤਾਂ ਅਤੇ ਔਰਤਾਂ ਦੀ ਭਲਾਈ ਵਾਸਤੇ ਸੰਘਰਸ਼ ਕੀਤਾ ਅਤੇ ਉਹਨਾਂ ਨੂੰ ਮਨੁੱਖੀ ਅਧਿਕਾਰ ਲੈ ਕੇ ਦਿੱਤੇ, ਜਿਸ ਦੀ ਬਦੌਲਤ ਭਾਰਤ ਦੇ ਕਰੋੜਾਂ ਅਛੂਤਾਂ, ਦਲਿਤਾਂ ਅਤੇ ਔਰਤਾਂ ਨੂੰ ਵਿਸ਼ਵ ਦੇ ਨਕਸ਼ੇ ਉਪਰ ਲਿਆ ਖੜ੍ਹਾ ਕੀਤਾ।





ਸ੍ਰੀ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਨੇ ਗਰੀਬਾਂ ਅਤੇ ਦੱਬੇ ਕੁਚਲੇ ਲੋਕਾਂ ਨੂੰ ਆਪਣੇ ਅਧਿਕਾਰ ਪ੍ਰਾਪਤ ਕਰਨ ਲਈ ਸੰਘਰਸ਼ ਕਰਦੇ ਰਹਿਣ ਦੀ ਪ੍ਰੇਰਨਾ ਦਿੱਤੀ ਅਤੇ ਭਾਰਤੀ ਸੰਵਿਧਾਨ ਵਿਚੋਂ ਦਲਿਤਾਂ ਨੂੰ ਅਧਿ-ਕਾਰ ਦੇ ਕੇ ਉਹਨਾਂ ਦਾ ਮਾਣ ਵਧਾਇਆ। ਇਸ ਮੌਕੇ 'ਤੇ ਸ੍ਰੀ ਦਲਬੀਰ ਸਿੰਘ ਸਰੋਏ, ਗੁਰਨਾਮ ਮੱਲ, ਗੁਰਮੀਤ ਸਿੰਘ, ਰਾਮ ਸੇਵਕ ਭਾਰਤੀ ਅਤੇ ਸ੍ਰੀ ਈਸ਼ਵਰ ਸਿੰਘ ਨੇ ਵੀ ਸ਼ਰਧਾਂਜਲੀ ਭੇਟ ਕੀਤੀ। **ਰਿਪੋਰਟ – ਹਰਭਜਨ ਸਾਂਪਲਾ (ਪ੍ਰਧਾਨ)**

ਦੇਸ਼ ਦੁਆਬਾ

# ਵਿਗੜ ਰਿਹਾ ਕੁਦਰਤ ਦਾ ਸੰਤੁਲਨ

ਵਾਤਾਵਰਣ ਵਿਗਾੜ ਨੂੰ ਲੈ ਕੇ ਸਾਰੀ ਦੁਨੀਆਂ ਵਿਚ ਚੱਲ ਰਹੀਆਂ ਕੋਸ਼ਿਸ਼ਾਂ ਨੂੰ ਤਾਂ ਹਾਲੇ ਬੂਰ ਨਹੀਂ ਪੈ ਸਕਿਆ ਪਰ ਵਿਗੜ ਰਹੇ ਕੁਦਰਤ ਦੇ ਸੰਤੁਲਨ ਨੇ ਆਪਣਾ ਰੰਗ ਦਿਖਾਉਣਾ ਆਰੰਭ ਕਰ ਦਿੱਤਾ ਹੈ। ਇਹ ਸਾਲ 2015 ਇਤਿਹਾਸ ਵਿਚ ਸਭ ਤੋਂ ਜ਼ਿਆਦਾ ਗਰਮ ਸਾਲ ਰਿਹਾ ਹੈ। ਹਰ ਰੋਜ਼ ਵੱਧ ਰਹੀ ਗਰਮਾਇਸ਼ ਦੇ ਕਾਰਨ ਗਲੇਸ਼ੀਅਰ ਸੁੰਗੜ ਰਹੇ ਹਨ ਅਤੇ ਸਮੁੰਦਰਾਂ ਦਾ ਪਾਣੀ ਵਧਦਾ ਜਾ ਰਿਹਾ ਹੈ। ਹਾਲ ਹੀ ਵਿਚ ਭਾਰਤ ਦੇ ਚੇਨਈ ਸ਼ਹਿਰ ਵਿਚ ਜੋ ਬਰਸਾਤ ਹੋਈ, ਉਹ ਵੀ ਕੁਦਰਤ ਦੇ ਵਿਗੜ ਰਹੇ ਸੰਤੁਲਨ ਦਾ ਹੀ ਨਤੀਜਾ ਹੈ। ਆਫਤ ਦੇ ਮਨੁੱਖ ਦੁਆਰਾ ਬਣਾਏ ਪੱਖ ਦੀ ਬਜਾਏ ਇਸਨੂੰ ਗਲੋਬਲ ਵਾਰਮਿੰਗ ਨਾਲ ਜੋੜ ਕੇ ਦੇਖਿਆ ਅਤੇ ਦਿਖਾਇਆ ਜਾ ਰਿਹਾ ਹੈ, ਇਹ ਤਾਂ ਹੋਣਾ ਹੀ ਸੀ। ਕਈ ਮੌਸਮ ਮਾਹਿਰ ਇਸ ਨੂੰ ਤੇਜ਼ੀ ਨਾਲ ਹੋ ਰਿਹਾ ਉਦਯੋਗੀਕਰਨ ਅਤੇ ਵਾਤਾਵਰਣ ਵਿਨਾਸ਼ ਦੇ ਨਤੀਜੇ ਵਿਚਕਾਰ ਹੀ ਤੇਜ਼ੀ ਨਾਲ ਵੱਧ ਰਿਹਾ ਸ਼ਹਿਰੀਕਰਨ ਕਹਿ ਰਹੇ ਹਨ। ਚੇਨਈ ਵਿਚ ਇੰਨੀ ਜ਼ਿਆਦਾ ਬਰਸਾਤ ਇੱਕਦਮ ਡਿੱਗੀ ਕਿ ਚਾਰੇ ਪਾਸੇ ਆਫਤ ਮੱਚ ਗਈ। ਸੜਕਾਂ ਤੇ ਪੰਜ-ਪੰਜ ਫੁੱਟ ਪਾਣੀ ਚੜ੍ਹ ਗਿਆ, ਲੋਕਾਂ ਦੇ ਘਰਾਂ ਵਿਚ ਪਾਣੀ ਵੜ ਗਿਆ। ਰੇਲਵੇ ਅਤੇ ਹੋਰ ਜਨਤਕ ਸਹੂਲਤਾਂ ਠੱਪ ਹੋ ਕੇ ਰਹਿ ਗਈਆਂ। 1969, 76, 85, 96, 2015 ਅਤੇ ਹੁਣ 2015 ਵਿਚ ਦੋਵਾਂ ਦੇ ਮਿਲਾਪ ਨੇ ਬੀਤੇ ਛੇ ਦਹਾਕਿਆਂ ਵਿਚ ਲਗਾਤਾਰ ਭਾਰੀ ਬਰਸਾਤ ਦੇ ਰੂਪ ਵਿਚ ਤਬਾਹੀ ਮਚਾਈ ਗਈ ਹੈ ਪਰ ਹੜ੍ਹ ਆਇਆ ਤਾਂ ਹਰ ਵਾਰ ਸ਼ੋਰ ਇਸ ਤਰ੍ਹਾਂ ਕੀਤਾ ਜਾਂਦਾ ਹੈ, ਜਿਵੇਂ ਇਹ ਬਹੁਤ ਵੱਡਾ ਖਤਰਾ ਹੋਵੇ। ਪਿਛਲੇ ਸਮੇਂ ਅਤੇ ਅੱਜ ਦੇ ਸਮੇਂ ਦੀ ਤੁਲਨਾ ਕਰਕਿਆਂ ਵਾਤਾਵਰਣ ਵਿਗਾੜ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। 19ਵੀਂ ਸਦੀ ਵਿਚ ਬਿਜਲੀ ਨਹੀਂ ਸੀ, ਪੱਖੇ ਨਹੀਂ ਸਨ ਅਤੇ ਨਾ ਹੀ ਇਲੈਕਟ੍ਰਾਨਿਕ ਸਮਾਨ ਸੀ। ਮੋਟਰ-ਵਹੀਕਲ ਨਹੀਂ ਸਨ। ਉਸ ਵਕਤ ਲੋਕੀ ਆਸਾਨੀ ਨਾਲ ਕੱਚਿਆਂ ਘਰਾਂ ਵਿਚ ਵੀ ਰਹਿ ਲੈਂਦੇ ਸਨ। ਹੁਣ ਸਹੂਲਤਾਂ ਹੋਣ ਦੇ ਬਾਵਜੂਦ ਵੀ ਗੰਭੀਰ ਬਿਮਾਰੀਆਂ ਦੀ ਲਪੇਟ ਵਧਦੀ ਜਾ ਰਹੀ ਹੈ। ਵਾਤਾਵਰਣ ਵਿਗਾੜ ਦੀ ਹਾਲਤ ਇਹ ਹੈ ਕਿ ਦੁਨੀਆਂ ਵਿਚ ਕਈ ਸ਼ਹਿਰ ਅਜਿਹੇ ਹਨ, ਜਿੱਥੇ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਚੀਨ ਦੇ ਬੀਜਿੰਗ, ਭਾਰਤ ਦੇ ਦਿੱਲੀ ਅਤੇ ਮੁੰਬਈ ਸਮੇਤ ਏਸ਼ੀਆ ਦੇ ਕਈ ਸ਼ਹਿਰ ਤੇਜ਼ ਉਦਯੋਗੀਕਰਨ ਦੀ ਲਪੇਟ ਵਿਚ ਆ ਕੇ ਜਨ-ਜੀਵਨ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਚੁੱਕੇ ਹਨ। ਯੂਰਪੀਅਨ ਅਤੇ ਅਮਰੀਕੀ ਮੁਲਕਾਂ ਵਿਚ ਵੀ ਕਈ ਸ਼ਹਿਰ ਅਜਿਹੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਦੁਨੀਆਂ ਵਾਤਾਵਰਣ ਵਿਗਾੜ ਦੇ ਨਤੀਜੇ ਦੇਖਣ ਦੇ ਬਾਵਜੂਦ ਵੀ ਫਿਲਹਾਲ ਸੁਧਾਰ ਕਰਨ ਲਈ ਤਿਆਰ ਨਹੀਂ ਹੈ। ਦੁਨੀਆਂ ਦੇ ਜ਼ਿਆਦਾਤਰ ਮੁਲਕ ਸੁਧਾਰ ਲਈ ਇਸ ਕਰਕੇ ਤਿਆਰ ਨਹੀਂ ਕਿਉਂਕਿ ਉਹਨਾਂ ਨੂੰ ਡਰ ਲੱਗਿਆ ਰਹਿੰਦਾ ਹੈ ਕਿ ਕਿਤੇ ਉਹਨਾਂ ਦੇ ਆਰਥਿਕ ਵਿਕਾਸ ਦੀ ਗਤੀ ਧੀਮੀ ਨਾ ਹੋ ਜਾਵੇ। ਵਿਕਾਸਸ਼ੀਲ ਮੁਲਕ ਇਸੇ ਗੱਲੋਂ ਡਰਦੇ ਹਨ ਪਰ ਵਿਕਸਤ ਮੁਲਕ ਤਰੱਕੀ ਦੀ ਦੌੜ ਵਿਚ ਪੱਛੜ ਜਾਣ ਦੇ ਡਰ ਕਾਰਨ ਇਸ ਪਾਸੇ ਕਦਮ ਨਹੀਂ ਚੁੱਕਦੇ ਹਨ।

ਮਨੁੱਖਤਾ ਦੀ ਭਲਾਈ ਹਰੇਕ ਮੁਲਕ ਅਤੇ ਸਰਕਾਰ ਦਾ ਪਹਿਲਾ ਧਰਮ ਹੈ। ਜੇਕਰ ਮਨੁੱਖਤਾ ਦੀ ਭਲਾਈ ਚਾਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਮਨੁੱਖ ਦੇ ਰਹਿਣ ਲਈ ਅਨੁਕੂਲ ਵਾਤਾਵਰਣ ਵੱਲ ਧਿਆਨ ਦੇਣਾ ਜ਼ਰੂਰੀ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਸਭ ਲਈ ਪ੍ਰੇਸ਼ਾਨੀਆਂ ਹੀ ਵਧਣਗੀਆਂ ਅਤੇ ਆਮ ਆਦਮੀ ਦਾ ਜਿਊਣਾ ਅਤਿ ਮੁਸ਼ਕਿਲ ਹੋ ਜਾਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ਼ੰਕਾ-ਨਵਿਰਤੀ- 28



ਮੇਘ ਰਾਜ ਮਿੱਤਰ
+91-98887-87440

? ਸਰਕਾਰ ਵੱਲੋਂ ਧਾਰਮਿਕ ਮਕਸਦਾਂ ਲਈ ਦਿੱਤੀਆਂ ਜਾਂਦੀਆਂ ਗਰਾਂਟਾਂ ਬਾਰੇ ਤਰਕਸ਼ੀਲਾਂ ਦੇ ਕੀ ਵਿਚਾਰ ਹਨ?

* ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੀਆਂ ਗਰਾਂਟਾਂ ਉਹ ਧਾਰਮਿਕ ਸਥਾਨਾਂ ਨੂੰ ਦਿੰਦੀਆਂ ਹਨ, ਉਹ ਸਭ ਜਾਂ ਤਾਂ ਬੰਦ ਕੀਤੀਆਂ ਜਾਣ ਜਾਂ ਮੁਕਾਬਲਤਨ ਨਾ-ਮੰਨਣ ਵਾਲੇ ਅਦਾਰਿਆਂ ਨੂੰ ਵੀ ਦਿੱਤੀਆਂ ਜਾਣ।

? ਕੀ ਤਰਕਸ਼ੀਲ ਚਾਹੁੰਦੇ ਹਨ ਕਿ ਭਾਰਤ ਵਿਚ ਯੂਨੀਫਾਰਮ ਸਿਵਲ ਕੋਡ ਹੋਣਾ ਚਾਹੀਦਾ ਹੈ?

* ਤਰਕਸ਼ੀਲ ਹਮੇਸ਼ਾ ਹੀ ਇਹ ਮੰਗ ਕਰਦੇ ਰਹੇ ਹਨ ਕਿ ਇੱਥੋਂ ਦੇ ਸੰਵਿਧਾਨ ਵਿੱਚ ਜਿਹੜੇ ਵੀ ਅਧਿਕਾਰ ਧਾਰਮਿਕ ਵਿਅਕਤੀਆਂ ਨੂੰ ਉਪਲਬਧ ਹਨ, ਉਹ ਸਾਰੇ ਹੀ ਨਾਸਤਿਕਾਂ, ਤਰਕਸ਼ੀਲਾਂ ਅਤੇ ਹੋਰ ਨਾ-ਮੰਨਣ ਵਾਲਿਆਂ ਨੂੰ ਵੀ ਮਿਲਣੇ ਚਾਹੀਦੇ ਹਨ।

? ਤਰਕਸ਼ੀਲ ਲਹਿਰ ਦਾ ਮੋਢੀ ਕੌਣ ਹੈ ਅਤੇ ਇਸ ਦਾ ਮੁੱਢ ਕਦੋਂ ਬੰਨ੍ਹਿਆ ਗਿਆ?

* ਦੁਨੀਆਂ ਵਿੱਚ ਤਰਕਸ਼ੀਲ ਲਹਿਰ ਫੈਲਾਉਣ ਵਾਲੇ ਬਹੁਤ ਸਾਰੇ ਵਿਦਵਾਨ ਹੋਏ ਹਨ। ਇਨ੍ਹਾਂ ਵਿੱਚ ਇੰਗਰਸੋਲ, ਬਰਾਡਲੇ, ਡਾ. ਕੋਵੂਰ, ਜੇਮਜ਼ ਰਾਂਡੀ ਆਦਿ ਦੇ ਨਾਂ ਲਏ ਜਾ ਸਕਦੇ ਹਨ। ਪੰਜਾਬ ਵਿੱਚ ਤਰਕਸ਼ੀਲ ਸੁਸਾਇਟੀ 1984 ਵਿੱਚ ਬਣੀ ਸੀ। ਇਹ ਮੈਂ ਆਪਣੇ ਯਤਨਾਂ ਨਾਲ ਹੋਂਦ ਵਿੱਚ ਲੈ ਕੇ ਆਇਆ ਸੀ। ਡਾ. ਕੋਵੂਰ ਦੀ ਪਹਿਲੀ ਕਿਤਾਬ ਦਾ ਅਨੁਵਾਦ ਮੈਂ ਅਤੇ ਸਰਜੀਤ ਤਲਵਾਰ ਨੇ ਕੀਤਾ ਸੀ। ਇਸ ਕਿਤਾਬ ਦਾ ਨਾਂ '...ਤੇ ਦੇਵ ਪੁਰਸ਼ ਹਾਰ ਗਏ ਹੈ।

? ਤੁਸੀਂ ਤਰਕਸ਼ੀਲ ਹੋ। ਤੁਸੀਂ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਦੇ ਹੋ। ਜਗ੍ਹਾ-ਜਗ੍ਹਾ ਤੇ ਤਰਕਸ਼ੀਲ ਮੇਲੇ ਲਗਾਉਂਦੇ ਹੋ। ਧਾਰਮਿਕ ਲੋਕ ਤੁਹਾਨੂੰ ਗਾਲ੍ਹਾਂ ਕੱਢਦੇ ਹਨ, ਬੁਰਾ ਭਲਾ ਕਹਿੰਦੇ ਹਨ। ਪਰ ਫੇਰ ਵੀ ਤੁਸੀਂ ਅਜਿਹਾ ਕਿਉਂ ਕਰਦੇ ਹੋ। ਤੁਹਾਨੂੰ ਅਜਿਹਾ ਕਰਨ ਤੇ ਕੀ ਮਿਲਦਾ ਹੈ।

* ਅਸਲ ਵਿੱਚ ਲੋਕਾਂ ਨੂੰ ਭਰਮਾਂ-ਵਹਿਮਾਂ ਵਿੱਚ ਫਸਾਉਣ ਵਾਲੀ ਧਿਰ ਲੋਕ ਵਿਰੋਧੀ ਹੈ। ਸਾਧ-ਸੰਤ, ਜੋਤਿਸ਼ੀ ਅਤੇ ਸਿਆਸੀ-ਧਾਰਮਿਕ ਆਗੂ ਲੋਕਾਂ ਨੂੰ ਗੁੰਮਰਾਹ ਕਰਕੇ ਅੰਧਵਿਸ਼ਵਾਸਾਂ ਨੂੰ ਕਾਇਮ ਰੱਖਣਾ ਚਾਹੁੰਦੇ ਹਨ। ਅਸੀ ਇਸ ਧਰਤੀ ਤੋਂ ਗੰਦਗੀ ਫੈਲਾਉਣ ਵਾਲੇ ਮੱਖੀ-ਮੱਛਰਾਂ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ। ਪਰ ਗੰਦਗੀ ਵਿੱਚ ਰਹਿਣ ਵਾਲੇ ਮੱਖੀ-ਮੱਛਰਾਂ ਨੇ ਸਾਨੂੰ ਕੱਟਣਾ ਵੀ ਹੈ, ਰੋਕਣਾ ਵੀ ਹੈ।

ਸੋ, ਅਸੀਂ ਆਪਣੇ ਰਸਤੇ 'ਤੇ ਚਲਦੇ ਰਹਿਣਾ ਹੈ। ਸਮੁੱਚੀ ਧਰਤੀ ਉਨ੍ਹਾਂ ਲੋਕਾਂ ਦੇ ਸਿਰ 'ਤੇ ਹੀ ਅੱਜ ਦੀ ਸਥਿਤੀ ਵਿੱਚ ਪਹੁੰਚੀ, ਜਿਨ੍ਹਾਂ ਨੇ ਇਤਿਹਾਸ ਦੇ ਪਹੀਏ ਨੂੰ ਅਗਾਂਹ ਨੂੰ ਤੋਰਿਆ ਹੈ।

? ਸ਼੍ਰੀਮਾਨ ਜੀ, ਜੇਕਰ ਮੈਂ ਤਰਕਸ਼ੀਲ ਵਿਚਾਰਾਂ ਦਾ ਹਾਂ ਤਾਂ ਮੈਨੂੰ ਉਹਨਾਂ ਲੋਕਾਂ ਨਾਲ ਕਿਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ ਜੋ ਤਰਕਸ਼ੀਲ ਵਿਚਾਰਾਂ ਨੂੰ ਸੁਣਨ ਤੇ ਝਗੜੇ 'ਤੇ ਉਤਰ ਆਉਂਦੇ ਹਨ?

* ਤਰਕਸ਼ੀਲਾਂ ਨੂੰ ਇਨਸਾਨੀਅਤ ਦਾ ਹੀ ਸਨਮਾਨ ਕਰਨਾ ਚਾਹੀਦਾ ਹੈ। ਇਸ ਪੰਧ 'ਤੇ ਤੁਰਦਿਆਂ ਬਹੁਤ ਸਾਰੇ ਮਨੁੱਖਾਂ ਦੇ ਘਸੇ-ਪਿਸੇ ਵਿਚਾਰ ਤਰਕਸ਼ੀਲਾਂ ਦੇ ਰਾਹਾਂ ਦੇ ਕੰਡੇ ਬਣਦੇ ਹਨ। ਅਜਿਹੇ ਕੰਡਿਆਂ ਨੂੰ ਚੁਗਣ ਲਈ ਉਹਨਾਂ ਨੇ ਆਪਣਾ ਰਾਹ ਆਪਣੀ ਮਰਜ਼ੀ ਨਾਲ ਚੁਣਿਆ ਹੈ ਕਿਸੇ ਮਜ਼ਬੂਰੀ ਵੱਸ ਨਹੀਂ। ਸੋ ਜੇ ਅਜਿਹੇ ਵੇਲੇ ਕੁਝ ਕੰਡੇ ਚੁਭ ਵੀ ਜਾਂਦੇ ਹਨ ਤਾਂ ਇਹ ਚੀਸ ਮੂੰਹ ਵਿੱਚ ਹੀ ਵੱਟ ਲੈਣੀ ਚਾਹੀਦੀ ਹੈ ਤੇ ਨਿਰੰਤਰ ਆਪਣੀ ਚਾਲੇ ਤੁਰਦੇ ਰਹਿਣਾ ਹੀ ਜ਼ਿੰਦਗੀ ਹੈ।

? ਬੱਚਿਆਂ ਦੇ ਅੰਦਰੋਂ ਵਹਿਮ-ਭਰਮਾਂ ਦੇ ਡਰ ਨੂੰ ਕਿਵੇਂ ਕੱਢ ਸਕਦੇ ਹਾਂ।। ਵਿਸਥਾਰ ਨਾਲ ਦੱਸੋ।

* ਬੱਚਿਆਂ ਨੂੰ ਕਿਸੇ ਕਿਸਮ ਦੀ ਅਜਿਹੀ ਗੱਲ ਨਾ ਦੱਸੀ ਜਾਵੇ ਜੋ ਉਨ੍ਹਾਂ ਨੂੰ ਡਰਾਉਂਦੀ ਹੋਵੇ। ਸਗੋਂ ਅਜਿਹੀਆਂ ਚੀਜ਼ਾਂ ਨੂੰ ਨੇੜਿਓਂ ਤੱਕਣ ਦਾ ਅਤੇ ਛੂਹਣ ਦਾ ਆਪਣੀ ਨਿਗਰਾਨੀ ਵਿੱਚ ਮੌਕਾ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਡਰਾਉਣ ਵਾਲੇ ਟੈਲੀਵਿਜ਼ਨ ਪ੍ਰੋਗਰਾਮ ਵੇਖਣ ਨਾ ਦਿੱਤੇ ਜਾਣ, ਸਗੋਂ ਉਨ੍ਹਾਂ ਨੂੰ ਅਜਿਹੀਆਂ ਕਹਾਣੀਆਂ ਸੁਣਾਈਆਂ ਜਾਣ, ਜਿਹੜੀਆਂ ਬਹਾਦਰੀ ਭਰੀਆਂ ਹੋਣ।

? ਬੱਚਿਆਂ ਵਿੱਚ ਵਿਗਿਆਨਕ ਸੂਝ-ਬੂਝ ਪੈਦਾ ਕਰਨ ਲਈ ਬਾਲ ਸਾਹਿਤ ਦੀਆਂ ਕਿਤਾਬਾਂ ਬਾਰੇ ਦੱਸੋ?

* ਵਿਗਿਆਨਕ ਸੂਝ ਪੈਦਾ ਕਰਨ ਵਾਲੀਆਂ ਪੁਸਤਕਾਂ ਹੇਠ ਲਿਖੀਆਂ ਹਨ: (1) ਕਣ-ਕਣ ਵਿੱਚ ਵਿਗਿਆਨ, (2) ਮਾਦੇ ਤੋਂ ਮਨੁੱਖ ਤੱਕ, (3) ਮਨੋਰੰਜਨ ਰਾਹੀਂ ਵਿਗਿਆਨ, (4) ਵਿਗਿਆਨ ਹੀ ਵਿਗਿਆਨ, (5) ਖੇਡ-ਖੇਡ 'ਚ ਵਿਗਿਆਨ, (6) ਸਮੇਂ ਦਾ ਇਤਿਹਾਸ, (7) ਤਰਕਸ਼ੀਲ ਦਿਮਾਗੀ ਕਸਰਤਾਂ, (8) ਦਿਮਾਗੀ ਵਿਕਾਸ ਕਿਵੇਂ ਕਰੀਏ, (9) ਰਸੋਈ ਵਿੱਚ ਵਿਗਿਆਨ, (10) ਵਿਗਿਆਨਕ ਜਾਦੂਗਰ, (11) ਕਮਿਸਟਰੀ ਦੇ ਟਰਿੱਕ, (12) ਅੰਕਾਂ ਦਾ ਜਾਦੂ, (13) ਰੌਸ਼ਨੀ, (14) ਤਰਕਬਾਣੀ।

? ਤਰਕਸ਼ੀਲ ਰੱਬ ਨੂੰ ਨਹੀਂ ਮੰਨਦੇ ਕਿਉਂਕਿ ਉਸਨੂੰ ਲੋਕਾਂ ਨੇ ਪੈਦਾ ਕੀਤਾ ਹੈ, ਫੇਰ ਤਾਂ ਮਾਂ-ਪਿਉਂ, ਭੈਣ, ਭਰਾ ਦੇ ਰਿਸ਼ਤੇ ਵੀ ਸਮਾਜ ਦੀ ਪੈਦਾਵਾਰ ਹਨ ਕੀ ਉਹਨਾਂ ਤੋਂ ਵੀ ਮੁਨਕਰ ਹੋ ਜਾਣਾ ਚਾਹੀਦਾ ਹੈ?

* ਤਰਕਸ਼ੀਲ ਰੱਬ ਨੂੰ ਇਸ ਲਈ ਨਹੀਂ ਮੰਨਦੇ ਕਿਉਂਕਿ ਕੋਈ ਵੀ ਵਿਅਕਤੀ ਉਸ ਦੀ ਹੋਂਦ ਨੂੰ ਸਿੱਧ ਨਹੀਂ ਕਰ ਸਕਿਆ ਹੈ। ਜਿਸ ਦਿਨ ਵੀ ਕੋਈ ਅਜਿਹਾ ਵਿਅਕਤੀ ਧਰਤੀ 'ਤੇ ਪੈਦਾ ਹੋ ਜਾਵੇਗਾ, ਜਿਹੜਾ ਉਸ ਦੀ ਹੋਂਦ ਨੂੰ ਸਿੱਧ ਕਰ ਸਕੇ ਤਾਂ ਤਰਕਸ਼ੀਲਾਂ ਨੂੰ ਵੀ ਉਸ ਨੂੰ ਮੰਨ ਲੈਣ ਵਿੱਚ ਕੋਈ ਸੰਕੋਚ ਨਹੀਂ ਹੋਵੇਗਾ। ਤਰਕਸ਼ੀਲ ਮਨੁੱਖੀ ਰਿਸ਼ਤਿਆਂ ਨੂੰ ਪਿਆਰ ਤੇ ਪ੍ਰਵਾਨ ਕਰਦੇ ਹਨ ਕਿਉਂਕਿ ਇਹਨਾਂ ਦੀ ਹੋਂਦ ਹੈ। ਮਨੁੱਖ ਵਿੱਚ ਆਪਣੇ ਆਲੇ-ਦੁਆਲੇ ਤੋਂ ਮਨੁੱਖੀ ਯਾਦਾਂ ਬਚਪਨ ਤੋਂ ਹੀ ਬੱਝਣੀਆਂ ਸ਼ੁਰੂ ਹੋ ਜਾਂਦੀਆਂ ਹਨ।

? ਤਰਕਸ਼ੀਲ ਹੋਣ ਨਾਤੇ ਇਕ ਤਰਕਸ਼ੀਲ ਵਿਅਕਤੀ ਨੂੰ ਤਿਉਹਾਰਾਂ ਪ੍ਰਤੀ ਕੀ ਰਵੱਈਆ ਅਪਣਾਉਣਾ ਚਾਹੀਦਾ ਹੈ। ਉਦਾਹਰਣ ਦੇ ਤੌਰ 'ਤੇ ਰੱਖੜੀ ਬੰਨ੍ਹ ਲੈਣੀ ਚਾਹੀਦੀ ਹੈ ਜਾਂ ਨਹੀਂ?

* ਸਮਾਜ ਨੂੰ ਬਦਲਣ ਲਈ ਤਰਕਸ਼ੀਲਾਂ ਨੂੰ ਮੁਕਾਬਲੇ ਦੇ ਤਿਉਹਾਰ ਪੈਦਾ ਕਰਨੇ ਹੀ ਪੈਣੇ ਹਨ। ਭਵਿੱਖ ਵਿੱਚ ਅਜਿਹਾ ਹੋ ਜਾਵੇਗਾ। ਫਿਲਹਾਲ ਸਾਨੂੰ ਤਿਉਹਾਰਾਂ ਦੀਆਂ ਅਜਿਹੀਆਂ ਵੰਨਗੀਆਂ ਜਿਨ੍ਹਾਂ ਵਿੱਚ ਧਾਰਮਿਕ ਰਸਮਾਂ ਨਹੀਂ ਹੁੰਦੀਆਂ, ਨੂੰ ਬਹੁਤਾ ਰੋਕਣਾ ਨਹੀਂ ਚਾਹੀਦਾ। ਜੋ ਇਨ੍ਹਾਂ ਵਿਚ ਕੁਝ ਫਜ਼ੂਲ ਹੁੰਦਾ ਹੈ ਜਿਹੜਾ ਵਾਤਾਵਰਨ ਨੂੰ ਅਸ਼ੁੱਧ ਕਰਦਾ ਹੈ, ਖਰਚੀਲਾ ਹੈ ਅਜਿਹੀਆਂ ਰਸਮਾਂ ਦਾ ਵਿਰੋਧ ਕਰਨਾ ਚਾਹੀਦਾ ਹੈ।

? ਇੱਕ ਨੌਜੁਆਨ ਨੇ ਜੋ ਕਿ ਆਪਣੇ ਆਪ ਨੂੰ ਭਗਤ ਸਿੰਘ ਦਾ ਚੇਲਾ ਅਖਵਾਉਂਦਾ ਹੈ, ਨੇ ਆਪਣੀ ਪਤਨੀ ਵਲੋਂ ਗੁਰਦੁਆਰੇ ਮੱਥਾ ਟੇਕਣ ਦੀ ਸਜ਼ਾ ਮਾਰ-ਕੁਟਾਈ ਦਿੱਤੀ ਕੀ ਇਹ ਤਰਕਸ਼ੀਲਤਾ ਦਾ ਔਰੰਗਜ਼ੇਬੀ ਵਰਤਾਰਾ ਨਹੀਂ?

* ਤਰਕਸ਼ੀਲ ਜਮਹੂਰੀ ਹੁੰਦੇ ਹਨ। ਆਪਣੇ ਘਰਾਂ ਵਿੱਚ ਵੀ ਆਪਣੀਆਂ ਗੱਲਾਂ ਮੰਨਵਾਉਣ ਲਈ ਜਮਹੂਰੀ ਢੰਗਾਂ ਦਾ ਇਸਤੇਮਾਲ ਹੀ ਕਰਦੇ ਹਨ। ਕਿਤੇ ਵੀ ਇਕੱਲੀ-ਇਕਹਿਰੀ ਘਟਨਾ ਨੂੰ ਛੱਡ ਦੇਈਏ ਪਰ ਵੱਡੇ ਪੱਧਰ 'ਤੇ ਅਜਿਹਾ ਵਰਤਾਰਾ ਤੁਹਾਨੂੰ ਕਿਤੇ ਨਜ਼ਰ ਨਹੀਂ ਆਵੇਗਾ ਧਾਰਮਿਕ ਵਿਅਕਤੀ ਅਜਿਹਾ ਜ਼ਰੂਰ ਕਰਦੇ ਹਨ।

ਦੱਖਣੀ ਭਾਰਤ ਵਿੱਚ ਹਿੰਦੂ ਧਰਮ ਦੇ ਸ਼ਰਧਾਲੂਆਂ ਵਿਚ ਤੇ ਸਿੱਖ ਧਰਮ ਵਿਚ ਵੀ ਤੁਹਾਨੂੰ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਮਿਲ ਜਾਣਗੀਆਂ। ਸਾਰੇ ਧਰਮਾਂ ਵਾਲੇ ਆਪਣੇ ਧਰਮਾਂ ਵਾਲੇ ਵਿਅਕਤੀਆਂ ਨੂੰ ਤਾਂ ਚੰਗਾ ਸਮਝਦੇ ਹਨ ਪਰ ਦੂਜੇ ਧਰਮ ਵਾਲਿਆਂ ਪ੍ਰਤੀ ਉਨ੍ਹਾਂ ਦੀ ਨਫਰਤ ਹਰ ਰੋਜ਼ ਉਨ੍ਹਾਂ ਦੀ ਜ਼ੁਬਾਨ 'ਤੇ ਹੁੰਦੀ ਹੈ। ਕੀ ਅਜਿਹਾ ਨਹੀਂ ਹੁੰਦਾ?

# ਮੇਰੀਆਂ ਅਭੁੱਲ ਯਾਦਾਂ ਕਿਸ਼ਤ ਨੰਬਰ- 3



ਫਰੈਡੀ ਜੋਜ਼ਫ

ਲੱਗਭੱਗ 30 ਸਾਲ ਸੈਕੁਲਰ ਅਖਬਾਰਾਂ ਵਿਚ ਬਤੌਰ ਪੱਤਰਕਾਰ ਕੰਮ ਕਰਦਾ ਰਿਹਾ ਹਾਂ। ਇਸ ਦੌਰਾਨ ਲੱਗਭੱਗ 300 ਪ੍ਰੈਸ ਕਾਨਫਰੰਸਾਂ ਵਿਚ ਸ਼ਾਮਲ ਹੋਇਆ। ਇਹਨਾਂ ਤਿੰਨ ਸੌ ਵਿਚੋਂ ਤਿੰਨ ਕਾਨਫਰੰਸਾਂ ਮੇਰੀ ਹਮੇਸ਼ਾ ਦੀ ਯਾਦ ਬਣ ਕੇ ਰਹਿ ਗਈਆਂ ਹਨ। ਪਹਿਲੀ ਪ੍ਰੈਸ ਕਾਨਫਰੰਸ ਸੀ ਪੰਜਾਬ ਦੇ ਵਿੱਤ ਮੰਤਰੀ ਸ. ਬਲਵੰਤ ਸਿੰਘ ਦੀ ਜੋ ਕਿ ਮੇਰੀ ਪਹਿਲੀ ਪ੍ਰੈਸ ਕਾਨਫਰੰਸ ਸੀ। ਦੂਸਰੀ ਮੁੱਖ ਮੰਤਰੀ ਸਵਰਗੀ ਬੇਅੰਤ ਸਿੰਘ ਦੀ ਤੀਸਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ।

ਵਾਜਪਾਈ ਸਰਕਾਰ 13 ਦਿਨ ਬਾਅਦ ਹੀ ਟੁੱਟ ਗਈ ਸੀ ਤੇ ਦੇਸ਼ ਵਿਚ ਪਾਰਲੀਮੈਂਟ ਦੀਆਂਉਪ ਚੋਣਾਂ ਹੋਣ ਜਾ ਰਹੀਆਂ ਸਨ। ਵਾਜਪਾਈ ਦੇਸ਼ ਦੇ ਦੌਰੇ ਤੇ ਸਨ। ਪੰਜਾਬ ਵਿਚ ਉਨ੍ਹਾਂ ਨੇ ਜਲੰਧਰ ਦੇ ਸਰਕਟ ਹਾਊਸ ਵਿਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਬੜੀ ਭਰਵੀਂ ਪ੍ਰੈਸ ਕਾਨਫਰੰਸ ਸੀ- ਪੰਜਾਬ ਤੋਂ ਇਲਾਵਾ ਰਾਸ਼ਟਰੀ ਪੱਧਰ ਦੇ ਪੱਤਰਕਾਰ ਵੀ ਆਏ ਸਨ। ਭਾਜਪਾ ਦੇ ਪੰਜਾਬ ਪੱਧਰ ਦੇ ਉਘੇ ਨੇਤਾ ਮੌਜੂਦ ਸਨ। ਹਾਲ ਖਚਾਖਚ ਭਰਿਆ ਹੋਇਆ ਸੀ। ਇਹ ਲੱਗਭੱਗ ਨਿਸਚਿਤ ਸੀ ਕਿ ਅਗਲੀ ਵਾਰੀ ਵੀ ਐਨ. ਡੀ. ਏ. ਹੀ ਜਿੱਤੇਗੀ ਤੇ ਉਸਦੀ ਹੀ ਸਰਕਾਰ ਬਣੇਗੀ ਤੇ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਹੀ ਹੋਣਗੇ। ਸਾਰੇ ਪੱਤਰਕਾਰ ਸਮਝ ਰਹੇ ਸਨ ਕਿ ਉਹ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਨਾਲ ਗੱਲ ਕਰ ਰਹੇ ਸਨ। ਮੇਰੀ ਵਾਰੀ ਆਉਣ ਤੱਕ ਲੱਗਭੱਗ ਦੋ ਤਿਹਾਈ ਪੱਤਰਕਾਰ ਆਪੋ ਆਪਣੇ ਪ੍ਰਸ਼ਨ ਕਰ ਚੁੱਕੇ ਸਨ। ਕਿਸੇ ਨੇ ਵੀ ਉਹਨਾਂ ਨੂੰ ਕੋਈ ਤਿੱਖਾ ਪ੍ਰਸ਼ਨ ਨਹੀਂ ਕੀਤਾ। ਬਹੁਤ ਹਲਕੇ ਹਲਕੇ ਪ੍ਰਸ਼ਨ ਹੀ ਕੀਤੇ ਗਏ। ਜਦ ਮੇਰੀ ਵਾਰੀ ਆਈ ਤਾਂ ਮੈਂ ਕਿਹਾ- ਵਾਜਪਾਈ ਜੀ, ਬਾਕੀ ਸਭ ਨੇ ਆਪ ਕੋ ਤਿੰਨ ਤਿੰਨ ਚਾਰ ਚਾਰ ਪ੍ਰਸ਼ਨ ਕੀਏ ਹੈਂ ਲੇਕਿਨ ਮੈਂ ਆਪ ਕੋ ਕੇਵਲ ਏਕ ਹੀ ਪ੍ਰਸ਼ਨ ਕਰੂੰਗਾ।'' ਸ੍ਰੀ ਵਾਜਪਾਈ ਨੇ ਆਪਣੇ ਵੱਖਰੇ ਹੀ ਅੰਦਾਜ ਵਿਚ ਤਨਜ਼ ਨਾਲ ਮੁਸਕਰਾਉਂਦੇ ਹੋਏ ਕਿਹਾ, ਆਪ ਵੀ ਤਿੰਨ ਚਾਰ ਪ੍ਰਸ਼ਨ ਕਰ ਲੋ। ਮੈਂ ਕਿਹਾ ਨਹੀਂ, ਮੈਂ ਏਕ ਹੀ ਪ੍ਰਸ਼ਨ ਕਰੂੰਗਾ। ਆਪ ਕੀ ਪਾਰਟੀ ਪ੍ਰਚਾਰ ਕਰਤੀ ਹੈ ਕਿ ਇਸਾਈਅਤ ਔਰ ਇਸਲਾਮ ਵਿਦੇਸ਼ੀ ਧਰਮ ਹੈਂ। ਪਰ ਜਿਸ ਆਧਾਰ ਪਰ ਆਪ ਈਸਾਈਅਤ ਔਰ ਇਸਲਾਮ ਕੋ ਵਿਦੇਸ਼ੀ ਬਤਾਤੇਂ ਹੈਂ ਉਸ ਆਧਾਰ ਪਰ ਤੋ ਹਿੰਦੂ ਧਰਮ ਭੀ ਵਿਦੇਸ਼ੀ ਹੈ। ਜਬ ਯੇ ਤਿੰਨੇ ਹੀ ਵਿਦੇਸ਼ੀ ਹੈਂ ਤੋ ਆਪ ਹਿੰਦੂ ਧਰਮ ਮਾਨਨੇ ਪਰ ਹੀ ਕਿਉਂ ਜ਼ੋਰ ਦੇਤੇ ਹੋ?

ਭਾਰਤ ਵਿਚ ਅਟਲ ਬਿਹਾਰੀ ਵਾਜਪਾਈ ਤੇ ਲਾਲੂ ਪ੍ਰਸਾਦ ਦੋ ਅਜਿਹੇ ਨੇਤਾ ਹਨ ਜੋ ਵੱਡੇ ਵੱਡੇ ਪੱਤਰਕਾਰਾਂ ਦੇ ਪ੍ਰਸ਼ਨਾਂ ਦੇ ਪੈਰ ਨਹੀਂ ਲੱਗਣ ਦਿੰਦੇ।

ਪਰ ਮੇਰਾ ਪ੍ਰਸ਼ਨ ਸੁਣ ਕੇ ਵਾਜਪਾਈ ਜੀ ਚਕਰਾ ਗਏ।

ਉਹਨਾਂ ਥੋੜ੍ਹਾ ਰੁਕ ਕੇ ਉਲਟਾ ਮੈਨੂੰ ਪ੍ਰਸ਼ਨ ਕੀਤਾ,

ਆਪ ਕੌਣ ਸੀ ਅਖਬਾਰ ਸੇ ਹੋ?

ਮੈਂ ਕਿਹਾ- ਅੱਜ ਦੀ ਆਵਾਜ ਸੇ।

ਉਨ੍ਹਾਂ ਨੇ ਥੋੜ੍ਹਾ ਲਟਕਵੀ ਜਿਹੀ ਆਵਾਜ਼ ਵਿਚ ਪੁੱਛਿਆ, ਆਪ ਕਾ ਨਾਮ

ਮੈਂ ਕਿਹਾ- ਫਰੈਡੀ ਜੋਜ਼ਫ। ਨਾਲ ਹੀ ਮੈਂ ਕਿਹਾ ਮੈਂ ਖੁਦ ਕਿਸੇ ਧਰਮ ਕੋ ਦੇਸੀ ਜਾਂ ਵਿਦੇਸ਼ੀ ਨਹੀਂ ਮਾਨਤਾ ਹੂੰ। ਆਪ ਕੀ ਪਾਰਟੀ ਧਰਮੋ ਕੋ ਦੇਸੀ ਔਰ ਵਿਦੇਸ਼ੀ ਕੀ ਨਜ਼ਰ ਸੇ ਦੇਖਤੀ ਹੈ, ਇਸੀ ਲੀਏ ਮੈਨੇ ਯੇ ਪ੍ਰਸ਼ਨ ਕੀਤਾ ਹੈ।

ਮੈਂ ਕਦੀ ਵੀ ਕਿਸੇ ਪ੍ਰੈਸ ਕਾਨਫਰੰਸ ਵਿਚ ਕਿਸੇ ਨੇਤਾ ਵੱਲੋਂ ਕਿਸੇ ਪੱਤਰਕਾਰ ਨੂੰ ਉਸਦਾ ਨਾਮ ਜਾਂ ਉਸਦੇ ਅਖਬਾਰ ਦਾ ਨਾਂ ਪੁੱਛਦਿਆਂ ਨਹੀਂ ਦੇਖਿਆ। ਮੈਂ ਸਮਝ ਗਿਆ ਸੀ ਕਿ ਵਾਜਪਾਈ ਸਾਹਿਬ ਮੇਰੇ ਪ੍ਰਸ਼ਨ ਦਾ ਉਤਰ ਲੱਭਣ ਲਈ ਸਮਾਂ ਲੱਭ ਰਹੇ ਹਨ। ਇਸ ਕਰਕੇ ਗੱਲ ਨੂੰ ਲਟਕਾ ਰਹੇ ਹਨ।

ਆਖਿਰ ਉਹਨਾਂ ਕਿਹਾ, ਨਹੀਂ ਮੈਂ ਕਿਸੀ ਧਰਮ ਕੋ ਦੇਸੀ ਜਾਂ ਵਿਦੇਸ਼ੀ ਨਹੀਂ ਮਾਨਤਾ ਹੂੰ। ਪੂਜਾ ਪੱਤੀਆਂ ਅਲੱਗ ਅਲੱਗ ਹੈਂ। ਭਗਵਾਨ ਏਕ ਹੀ ਹੈ। ਧਰਮ ਸਭ ਕਾ ਇਕ ਹੀ ਹੈ। ਕੋਈ ਦੇਸੀ ਜਾਂ ਵਿਦੇਸ਼ੀ ਨਹੀਂ। ਇਸ ਤੇ ਬਹੁਤ ਸਾਰੇ ਪੱਤਰਕਾਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਰਾਤ ਦਿਨ ਤਾਂ ਤੁਹਾਡੀ ਪਾਰਟੀ ਰੌਲਾ ਪਾਉਂਦੀ ਹੈ- ਦੇਸੀ ਅਤੇ ਵਿਦੇਸ਼ੀ ਦਾ। ਗੱਲ ਛੇਤੀ ਆਈ ਗਈ ਹੋ ਗਈ।

ਜਦ ਬਾਹਰ ਆਏ ਤਾਂ ਦੋ ਬਹੁਤ ਸੀਨੀਅਰ ਸਿੱਖ ਪੱਤਰਕਾਰਾਂ ਨੇ ਮੈਨੂੰ ਕਿਹਾ- ਤੇਰੇ ਸੁਆਲ ਨੇ ਵਾਜਪਾਈ ਨੂੰ ਚੱਕਰ ਵਿਚ ਪਾ ਦਿੱਤਾ। ਇਕ ਪੱਤਰਕਾਰ ਨੇ ਕਿਹਾ- ਤੇਰਾ ਸਵਾਲ ਬਿਲਕੁਲ ਠੀਕ ਸੀ, ਇਹਨਾਂ ਲੋਕਾਂ ਨੂੰ ਅਜਿਹੇ ਪ੍ਰਸ਼ਨ ਪੁੱਛਣੇ ਚਾਹੀਦੇ ਹਨ।

(ਚਲਦਾ)


# ਮੁੜ ਸ਼ੁਰੂ ਹੋਵੇਗੀ ਭਾਰਤ-ਪਾਕਿ ਵਾਰਤਾ

ਇਸਲਾਮਾਬਾਦ- ਭਾਰਤ ਅਤੇ ਪਾਕਿਸਤਾਨ ਨੇ ਦੁਵੱਲੇ ਰਿਸ਼ਤਿਆਂ ਨੂੰ ਲੀਹ 'ਤੇ ਲਿਆਉਣ ਲਈ ਮੁੜ ਤੋਂ ਵਾਰਤਾ ਦਾ ਰਾਹ ਚੁਣਿਆ ਹੈ। ਦੋਹਾਂ ਮੁਲਕਾਂ ਨੇ ਅੱਜ ਐਲਾਨ ਕੀਤਾ ਕਿ ਉਨ੍ਹਾਂ ਸ਼ਾਂਤੀ, ਸੁਰੱਖਿਆ ਅਤੇ ਜੰਮੂ-ਕਸ਼ਮੀਰ ਸਮੇਤ ਸਾਰੇ ਮੁੱਦਿਆਂ 'ਤੇ ਵਿਆਪਕ ਗੱਲਬਾਤ ਕਰਨ ਦਾ ਫ਼ੈਸਲਾ ਲਿਆ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜ਼ਮੀਨੀ ਰਿਕਾਰਡ ਸਬੰਧੀ ਪਾਰਦਰਸ਼ਤਾ ਅਤੇ ਸੂਚਨਾ ਉਪਲਬਧ ਕਰਾਉਣਾ ਸਰਕਾਰ ਦਾ ਨਿਵੇਕਲਾ ਉੱਦਮ - ਸੇਵਾ ਸਿੰਘ ਸੇਖਵਾਂ



**ਬਟਾਲਾ (ਬਰਨਾਲ)**--ਪੰਜਾਬ ਸਰਕਾਰ ਨੇ ਜ਼ਮੀਨੀ ਰਿਕਾਰਡ ਸਬੰਧੀ ਪਾਰਦਰਸ਼ਤਾ ਅਤੇ ਸੂਚਨਾ ਨੂੰ ਮਹਿਜ਼ ਇੱਕ ਫੋਨ ਕਾਲ 'ਤੇ ਉਪਲਬਧ ਕਰਾਉਣ ਦਾ ਨਿਵੇਕਲਾ ਉਦਮ ਕਰਦਿਆਂ ਇੱਕ ਵਿਆਪਕ ਹੈਲਪ ਲਾਈਨ (ਡਾਇਲ 168 ਜਾਂ 1800-1800-168) ਸ਼ੁਰੂ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਹ ਹੈਲਪ ਲਾਈਨ ਆਮ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਨ ਦੇ ਨਾਲ ਮਾਲ ਵਿਭਾਗ ਦੇ ਕੰਮ ਕਾਜ ਵਿੱਚ ਹੋਰ ਵਧੇਰੇ ਕੁਸ਼ਲਤਾ ਅਤੇ ਪਾਰਦਸ਼ਤਾ ਲਿਆਵੇਗੀ।

ਇਸ ਹੈਲਪ ਲਾਈਨ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਪੰਜਾਬ ਦੇ ਚੇਅਰਮੈਨ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਦੱਸਿਆ ਕਿ ਮਾਲ ਵਿਭਾਗ ਦੀ ਇਸ ਹੈਲਪ ਲਾਈਨ ਰਾਹੀਂ ਜ਼ਮੀਨ ਅਤੇ ਜਾਇਦਾਦ ਨਾਲ ਸਬੰਧਤ ਸਾਰੀਆਂ ਸੇਵਾਵਾਂ ਸੁਚੱਜੇ ਢੰਗ ਨਾਲ ਪ੍ਰਦਾਨ ਕੀਤੀਆਂ ਜਾ ਸਕਣਗੀਆਂ।

ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਅੱਗੇ ਦੱਸਿਆ ਕਿ ਉਕਤ ਹੈਲਪ ਲਾਈਨ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਹੈ, ਪਹਿਲੇ ਹਿੱਸੇ ਵਿੱਚ ਜ਼ਮੀਨੀ ਰਿਕਾਰਡ ਅਤੇ ਜਾਇਦਾਦਾਂ ਦੀ ਰਜਿਸਟਰੇਸ਼ਨ ਸਬੰਧੀ ਜਾਣਕਾਰੀ ਹਾਸਲ ਕੀਤੀ ਜਾ ਸਕੇਗੀ, ਦੂਸਰੇ ਹਿੱਸੇ ਵਿੱਚ ਕੋਈ ਵੀ ਵਿਅਕਤੀ ਇੱਕ ਫੋਨ ਕਾਲ ਜ਼ਰੀਏ ਮਾਲ ਵਿਭਾਗ 'ਚ ਵਿਚਾਰ ਅਧੀਨ ਮਾਮਲਿਆਂ ਬਾਰੇ ਤਾਜ਼ਾ ਜਾਣਕਾਰੀ, ਵਿਭਾਗ ਨਾਲ ਸਬੰਧਤ ਵੱਖ-ਵੱਖ ਸਮੱਸਿਆਵਾਂ ਦੇ ਨਿਪਟਾਰੇ ਬਾਰੇ ਜਾਣਕਾਰੀ ਤੋਂ ਇਲਾਵਾ ਇੰਤਕਾਲ, ਖ਼ਸਰਾ ਗਰਦਾਵਰੀ ਦੀ ਤਬਦੀਲੀ ਅਤੇ ਜ਼ਮੀਨ ਦੀ ਨਿਸ਼ਾਨਦੇਹੀ ਬਾਰੇ ਸੂਚਨਾ ਲੈ ਸਕੇਗਾ। ਇਸੇ ਤਰਾਂ ਤੀਸਰੇ ਹਿੱਸੇ ਵਿੱਚ ਕੋਈ ਵੀ ਵਿਅਕਤੀ ਮਾਲ ਵਿਭਾਗ ਜਾਂ ਕਿਸੇ ਮਾਲ ਅਧਿਕਾਰੀ ਬਾਰੇ ਸ਼ਿਕਾਇਤ ਦਰਜ਼ ਕਰਵਾ ਸਕੇਗਾ।

ਉਨ੍ਹਾਂ ਕਿਹਾ ਕਿ ਹੈਲਪ ਲਾਈਲ 'ਤੇ ਫੋਨ ਕਰਨ ਵਾਲੇ ਹਰ ਵਿਅਕਤੀ ਨੂੰ ਇੱਕ ਨਿਵੇਕਲਾ ਨੰਬਰ ਦਿੱਤਾ ਜਾਵੇਗਾ ਅਤੇ ਉਸ ਵਲੋਂ ਲੋੜੀਂਦੀ ਜਾਣਕਾਰੀ ਨਿਰਧਾਰਿਤ ਸਮੇਂ ਦੌਰਾਨ ਪ੍ਰਦਾਨ ਕੀਤੀ ਜਾਵੇਗੀ। ਇਹ ਹੈਲਪ ਲਾਈਨ ਦੇਸ਼ ਭਰ ਅੰਦਰ ਸਵੇਰੇ ਸੱਤ ਤੋਂ ਸ਼ਾਮ ਸੱਤ ਵਜੇ ਤੱਕ ਉਪਲਬਧ ਹੋਵੇਗੀ ਅਤੇ ਪਰਵਾਸੀ ਸ਼ਿਕਾਇਤ ਕਰਤਾਵਾਂ ਲਈ ਇਹ ਦਿਨ ਰਾਤ ਉਪਲਬਧ ਹੋਵੇਗੀ। ਜਥੇਦਾਰ ਸੇਖਵਾਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਆਪਣੇ ਜ਼ਮੀਨੀ ਰਿਕਾਰਡ ਸਬੰਧੀ ਸੂਚਨਾ ਜਾਂ ਮਾਲ ਵਿਭਾਗ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਡਾਇਲ 168 ਜਾਂ 1800-1800-168 ਟੋਲ ਫਰੀ ਨੰਬਰ 'ਤੇ ਸੰਪਰਕ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਟੋਲ ਫਰੀ ਨੰਬਰ ਤੇ ਮਿਲੀ ਸ਼ਿਕਾਇਤ ਨੂੰ ਸਮਾਂਬੱਧ ਢੰਗ ਨਾਲ ਨਜਿੱਠਣ ਲਈ ਅਧਿਕਾਰੀਆਂ ਨੂੰ ਪੂਰੀ ਸਖ਼ਤੀ ਨਾਲ ਆਦੇਸ਼ ਦਿੱਤੇ ਗਏ ਹਨ।

# ਨੈਸ਼ਨਲ ਗੇਮਜ਼ ਫੈਡਰੇਸ਼ਨ ਕਾਨਪੁਰ ਚ ਸਾਰਚੂਰ ਦੇ ਸਤਨਾਮ ਸਿੰਘ ਨੇ ਜਿੱਤਿਆ ਗੋਲਡ ਮੈਡਲ




**ਬਟਾਲਾ, (ਬਰਨਾਲ)** ਨੈਸ਼ਨਲ ਗੇਮਜ਼ ਫੈਡਰੇਸ਼ਨ ਕਾਨਪੁਰ ਤੇ ਰੂਰਲ ਗੇਮਜ ਫੈਡਰੇਸ਼ਨ ਕਾਨਪੁਰ ਵੱਲੋਂ ਕਰਵਾਈਆ ਖੇਡਾਂ ਵਿੱਚ ਸਰਕਾਰੀ ਹਾਈ ਸਕੂਲ ਸਾਰਚੂਰ (ਗੁਰਦਾਸਪੁਰ) ਦੇ ਵਿਦਿਆਰਥੀ ਸਤਨਾਮ ਸਿੰਘ ਨੇ ਗੋਲਡ ਮੈਡਲ ਤੇ ਸਰਟੀਫਿਕੇਟ ਜਿੱਤ ਕੇ ਸਾਰਚੂਰ ਸਕੂਲ ਦਾ ਨਾ ਰੋਸ਼ਨ ਕੀਤਾ ਹੈ। ਅੰਡਰ 17 ਉਮਰ ਗੁਟ ਵਿਚ ਗੋਲਡ ਮੈਡਲ ਜਿੱਤ ਕੇ ਆਉਣ ਤੇ ਸਕੂਲ ਮੁਖ ਅਧਿਆਪਕ ਸ੍ਰੀ ਰਘਬੀਰ ਸਿੰਘ ਨੇ ਵਿਦਿਆਰਥੀ ਤੇ ਉਸ ਦੇ ਮਾਤਾ ਪਿਤਾ ਨੂੰ ਵਧਾਈ ਦਿਤੀ। ਸਕੂਲ ਦੀ ਪੀ ਟੀ ਆਈ ਸ੍ਰੀ ਮਤੀ ਪ੍ਰਭਜੋਤ ਕੌਰ ਦੀ ਮਿਹਨਤ ਸਦਕਾ ਸਕੂਲ ਨੂੰ ਇਹ ਪ੍ਰਾਪਤੀ ਹੋਈ ਹੈ। ਸਕੂਲ ਵਿਖੇ ਵਿਦਿਆਰਥੀ ਸਤਨਾਮ ਸਿੰਘ ਦੇ ਸਨਮਾਨ ਮੌਕੇ ਕੁਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਰਾਮਸ਼ਰਨ ,ਬਲਦੇਵ ਸਿੰਘ,ਰਮਨਜੀਤ ਕੌਰ, ਮੀਨਾ ਸ਼ਰਮਾ, ਤੇ ਮੈਡਮ ਪੂਜ਼ਾ ਆਦਿ ਸਟਾਫ ਮੈਬਰ ਹਾਜ਼ਰ ਸਨ।

# ਪੰਜਾਬ ਵਿਚ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੇਣ ਦਾ ਫੈਸਲਾ ਸ਼ਲਾਘਾਯੋਗ-ਏਸੰਨਤਾ



**ਬਟਾਲਾ (ਬਰਨਾਲ)**--ਆਲ ਇੰਡੀਆ ਸਟੇਟ ਐਂਡ ਨੈਸ਼ਨਲ ਐਵਾਰਡੀ ਟੀਚਰਜ਼ ਐਸੋਸੀਏਸ਼ਨ(ਏਸੰਨਤਾ) ਦੇ ਕੌਮੀ ਪ੍ਰਧਾਨ ਅਤੇ ਪ੍ਰਸੰਨਤਾ ਦੇ ਸੂਬਾ ਜਨਰਲ ਸਕੱਤਰ ਡਾ. ਪਰਮਜੀਤ ਸਿੰਘ ਕਲਸੀ, ਕੌਮੀ ਸਪੋਕਸਮੈਨ ਹਰਦੀਪ ਸਿੰਘ ਢੀਂਡਸਾ, ਕੌਮੀ ਵਿੱਤ ਸਕੱਤਰ ਚਰਨਜੀਤ ਸਿੰਘ ਰੋਪੜ, ਵਿੱਤ ਸਕੱਤਰ ਮੁਖਤਾਰ ਸਿੰਘ ਅਮ੍ਰਿਤਸਰ, ਪ੍ਰਸੰਨਤਾ ਦੇ ਸੂਬਾ ਪ੍ਰਧਾਨ ਰੌਸ਼ਨ ਖੇੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਸਿੱਖਿਆ ਮੰਤਰੀ ਡਾ.ਦਲਜੀਤ ਸਿੰਘ ਚੀਮਾ ਵੱਲੋ ਪੰਜਾਬ ਦੇ ਸਟੇਟ ਅਤੇ ਨੈਸ਼ਨਲ ਐਵਾਰਡੀ ਅਧਿਆਪਕਾਂ ਲਈ ਸਾਲ ਵਿਚ ਇਕ ਔਰਤ ਅਧਿਆਪਕ ਅਤੇ ਇਕ ਮਰਦ ਅਧਿਆਪਕ ਲਈ 1-1 ਲੱਖ ਰੁਪਏ ਨਾਲ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਦਾਨ ਕਰਨ ਦਾ ਲਿਆ ਗਿਆ ਇਤਿਹਾਸਿਕ ਫੈਸਲਾ ਸ਼ਲਾਘਾਯੋਗ ਹੈ। ਇਸ ਨਾਲ ਜਿੱਥੇ ਅਧਿਆਪਕਾਂ ਵਿਚ ਸਿੱਖਿਆ ਨੂੰ ਸਮਰਪਿਤ ਭਾਵਨਾ ਨਾਲ ਕੰਮ ਕਰਨ ਵਿਚ ਹੋਰ ਬਲ ਮਿਲੇਗਾ, ਉਥੇ ਅਧਿਆਪਕਾਂ ਦਾ ਰਾਜ ਪੱਧਰੀ ਮਾਣ-ਸਨਮਾਨ ਵੀ ਵਧੇਗਾ। ਕੌਮੀ ਪ੍ਰਧਾਨ ਡਾ.ਪਰਮਜੀਤ ਸਿੰਘ ਕਲਸੀ ਅਤੇ ਕੌਮੀ ਸਪੋਕਸਮੈਨ ਸ੍ਰ.ਹਰਦੀਪ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਪੂਰੀ ਏਸੰਨਤਾ ਦੀ ਟੀਮ ਨਾਲ ਭਾਰਤ ਸਰਕਾਰ ਦੀ ਮਨਿਸਟੀ ਆਫ ਹਿਊਮਨ ਰਿਸੋਰਸ ਐਂਡ ਡਿਵੈਲਪਮੈਂਟ ਦੇ ਕੇਂਦਰੀ ਮੰਤਰੀ ਸ਼੍ਰੀਮਤੀ ਸਿਮਰਤੀ ਇਰਾਨੀ ਪਾਸੋਂ ਵੀ ਇਹ ਚਾਹੁਣਗੇ ਕਿ ਭਾਰਤ ਦੇ ਸਮੂਹ ਸਟੇਟ ਅਤੇ ਨੈਸ਼ਨਲ ਐਵਾਰਡੀ ਅਧਿਆਪਕਾਂ ਲਈ ਵੀ ਰਾਸ਼ਟਰ ਪੱਧਰ 'ਤੇ ਅਜਿਹਾ ਹੀ ਮਿਸਾਲੀ ਲਾਈਫ ਟਾਈਮ ਅਚੀਵਮੈਂਟ ਐਵਾਰਡ ਸ਼ੁਰੂ ਕੀਤਾ ਜਾਵੇ। ਏਸੰਨਤਾ ਅਹੁਦੇਦਾਰਾਂ ਵਿਚ ਕੌਮੀ ਸੰਯੁਕਤ ਸਕੱਤਰ ਮੇਜਰ ਸਿੰਘ ਜੀਰਾ, ਕੌਮੀ ਜਨਰਲ ਸਕੱਤਰ ਸ੍ਰ.ਕਸ਼ਮੀਰ ਸਿੰਘ ਜੰਮੂ ਐਂਡ ਕਸ਼ਮੀਰ, ਤਕਨੀਕੀ ਸਕੱਤਰ ਵਿਜੇ ਗੁਪਤਾ ਫਾਜ਼ਿਲਕਾ, ਕੌਮੀ ਸਲਾਹਕਾਰ ਨਰਿੰਦਰਪਾਲ ਸਿੰਘ ਫਿਰੋਜ਼ਪੁਰ, ਮੀਨਾਕਸ਼ੀ ਗੁਜਰਾਤ, ਡਾ.ਕਰਨੈਲ ਸਿੰਘ ਮਾਨਸਾ ਆਦਿ ਨੇ ਵੀ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ।

# ਸਰਕਾਰੀ ਕੰਨਿਆ ਸਕੂਲ ਬਟਾਲਾ ਵਿਖੇ ਵਿਸ਼ਵ ਪੱਧਰੀ ਅਪਾਹਜ਼ ਦਿਵਸ ਮਨਾਇਆ



**ਬਟਾਲਾ ( ਬਰਨਾਲ )**– ਵਿਸ਼ਵ ਪੱਧਰ ਤੇ ਸੰਯਕੁਕਤ ਰਾਸਟਰ ਦੀਆਂ ਸਕਾਰਾਤਮਕ ਸੋਚਾਂ ਅਧੀਨ ਸੰਸਾਰ ਭਰ ਵਿਚ ਇਕ ਅਰਬ ਦੇ ਕਰੀਬ ਕਿਸੇ ਨਾ ਕਿਸ਼ੇ ਅਪੰਗਤਾ ਦੇ ਪੀੜਤ ਹਨ। ਅਪੰਗ ਵਿਅਕਾਕਤੀਆਂ ਨੂੰ ਕਈ ਤਰਾਂ ਦੀਆ ਮੁਸਕਲਤਾ ਵਿਚੋ ਲੰਘ ਕੇ ਜਿੰਦਗੀ ਗੁਜਾਰਨੀ ਪੈਦੀ ਹੈ ਤੇ ਸਮਾਜਕ ਨਾ ਬਰਾਬਰੀ ਦਾ ਸਾਹਮਣਾ ਵੀ ਕਰਨਾ ਪੈਦਾ ਹੈ। ਅਪੰਗ ਵਿਆਕਤੀਆਂ ਪ੍ਰਤੀ ਸੋਚ ਨੂੰ ਹਾਂ ਪੱਖੀ ਕਰਦਿਆ ਗੈਰ-ਬਰਾਬਰੀਆਂ ਪ੍ਰਤੀ ਆਮ ਲੋਕਾਂ ਨੂੰ ਚੇਤੰਨ ਕਰਨ ਦੇ ਮਕਸਦ ਨਾਲ ਸਰਕਾਰੀ ਸੀਨੀਅਰ ਸੰਕੈਡਰੀ ਸਕੂਲ ਕੰਨਿਆ ਬਟਾਲਾ ਵਿਖੇ ਰਾਸ਼ਟਰੀ ਅਪਾਹਜ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਸ੍ਰੀ ਮਤੀ ਕਮਲੇਸ਼ ਕੌਰ ਦੀ ਪ੍ਰਧਾਨਗੀ ਵਿਚ ਕਰਵਾਏ ਸਮਾਗਮ ਦੌਰਾਨ ਸ੍ਰੀ ਹਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਅਪੰਗਤਾ ਦੇ ਸਬੰਧ ਵਿਚ ਵਿਸ਼ਥਾਰ ਪੂਰਵਕ ਜਾਣਕਾਰੀ ਦਿਤੀ। ਵਿਦਿਆਰਥੀਆਂ ਨੂੰ ਵੱਖ ਅਧਿਆਪਕਾਂ ਨੇ ਸਮਝਾਉਦਿਆਂ ਕਿਹਾ ਕਿ ਸਾਨੂੰ ਸਮਾਜ ਵਿਚ ਅਪੰਗ ਵਿਆਕਤੀਆਂ ਨੂੰ ਵੀ ਪੂਰਾ ਪੂਰਾ ਮਾਨ ਸਤਿਕਾਰ ਦੇਣਾ ਚਾਹੀਦਾ ਹੈ। ਇਸ ਮੌਕੇ ਹਾਜ਼ਰ ਸਟਾਫ ਮੈਬਰਾਂ ਵਿਚ ਹਰਪ੍ਰੀਤ ਸਿੰਘ, ਜੀਵਨ ਸਿੰਘ, ਅਮਨਦੀਪ ਸਿੰਘ, ਚਰਨਜੀਤ ਸਿੰਘ, ਹਰੀ ਉਮ, ਰੂਪ ਸਿੰਘ, ਹਰ ਕ੍ਰਿਸ਼ਨ, ਹਰਪ੍ਰੀਤ ਸਿੰਘ, ਸੂਭਾਸ਼ ਚੰਦਰ, ਕਰਨਪਾਲ ਸਿੰਘ, ਕਮਲੇਸ਼ ਕੌਰ, ਸੁਨੀਤਾ ਸ਼ਰਮਾ, ਰਾਜ ਸ਼ਰਮਾ, ਪਰਜਜੀਤ ਕੌਰ, ਰਾਜ ਬੀਰ ਕੌਰ, ਜਤਿੰਦਰ ਕੌਰ, ਸੁਖਪਾਲ ਕੌਰ, ਅਨੀਤਾ, ਸੀਮਾ ਕੁਮਾਰੀ, ਸੁਮਨ ਬਾਲਾ ਤੇ ਹਿੰਦੀ ਮਿਸਟ੍ਰੈਸ ਰਜਨੀ ਬਾਲਾ ਤੋ ਇਲਾਵਾ ਸਮੂਹ ਸਟਾਫ ਮੈਬਰ ਹਾਜ਼ਰ ਸਨ।

# ਸਰਕਾਰੀ ਐਲੀਮੈਂਟਰੀ ਸਕੂਲ ਬਰਕਤ ਵਿਖੇ ਬਾਲ ਮੈਗਜ਼ੀਨ (ਨਵੀ ਸਵੇਰ ਭਾਗ-2 ) ਲੋਕ ਅਰਪਣ



**ਬਟਾਲਾ (ਬਰਨਾਲ)**– ਵਿਦਿਆਰਥੀਆਂ ਦਾ ਮਨ ਸਾਫ ਤੇ ਸਵੱਛ ਹੁੰਦਾ ਹੈ। ਜਿਹੜੀ ਵੀ ਸੋਚ ਇਹਨਾ ਵਿਦਿਆਰਥੀਆਂ ਨੂੰ ਸਾਰਥਕ ਦੇ ਪਿਆਰ ਭਾਵਨਾਂ ਦੇ ਢੰਗ ਤਰੀਕਿਆਂ ਨਾਲ ਸਮਝਾਈ ਜਾਵੇਗੀ , ਉਹੀ ਸੋਚ ਵਿਦਿਆਰਥੀ ਮਨਾਂ ਤੇ ਘਰ ਕਰ ਜਾਂਦੀ ਹੈ ਤੇ ਪ੍ਰਾਇਮਰੀ ਪੱਧਰ ਦੇ ਉਸਾਰੂ ਸੋਚ ਤਾ ਸੋਨੇ ਤੇ ਸੁਹਾਗਾ ਸਾਬਤ ਹੁੰਦੀ ਹੈ ਇਹਨਾ ਸਬਦਾਂ ਦਾ ਪ੍ਰਗਟਾਵਾ ਬਲਾਕ ਕਾਹਨੂੰਵਾਨ -1 ਦੇ ਹੈਂਡ ਟੀਚਰ ਨੇ ਮੈਗਜੀਨ ਲੋਕ ਅਰਪਰ ਕਰਦਿਆ ਕੀਤਾ ਹੈ। ਸਰਕਾਰੀ ਐਲੀਮੈਂਟਰੀ ਸਕੂਲ ਬਰਕਤ ਬਲਾਕ ਕਾਹਨੂੰਵਾਨ -1 ਵਿਖੇ ਕਰਵਾਏ ਇਸ ਪ੍ਰਭਾਵਸ਼ਲੀ ਸਮਾਗਮ ਦੌਰਾਨ ਬੱਚਿਆਂ ਤੇ ਅਧਿਆਪਕਾ ਵੱਲੋ ਤਿਆਰ ਕੀਤਾ ਬਾਲ ਮੈਗਜੀਨ ਨਵੀ ਸਵੇਰ ਭਾਂਗ -2 ਜਾਰੀ ਕੀਤਾ ਗਿਆ। ਇਸ ਮੌਕੇ ਬਲਾਕ ਸਿਖਿਆ ਅਧਿਕਾਰੀ ਕਾਹਨੂੰਵਾਲ ਸ੍ਰੀ ਦੇਵੀ ਦਿਆਲ ਭੰਡਾਰੀ, ਬੀ ਆਰ ਪੀ ਦੀਪ ਲਾਲ, ਹੈਡ ਟੀਚਰ ਗੁਰਮੇਜ ਸਿੰਘ, ਪੀ ਸੀ ਸੀ ਸੁਖਬੀਰ ਸਿੰਘ, ਸਰਪਪੰਚ ਸਵਰਨ ਸਿੰਘ, ਚੇਅਰਮੈਨ ਕਸ਼ਮੀਰ ਸਿੰਘ, ਹਾਜਰੀ ਵਿੱਚ ਬਾਲ ਮੈਗਜੀਨ ਜਾਰੀ ਕਰਦਿਆ ਬੀ ਪੀ ਈ ਿ ਸ੍ਰੀ ਭੰਡਾਰੀ ਨੇ ਕਿਹਾ ਇਹ ਸਕੂਲ ਪੰਜਾਬ ਵਿਚੋ ਇੱਕ ਵਿਲੱਖਣ ਪਹਿਚਾਣ ਰੱਖਦਾ ਹੈ, ਇਸ ਦੇ ਵਿਦਿਆਰਥੀ ਪੰਜਾਬ ਪੱਧਰ ਤੇ ਆਪਣੀ ਪਹਿਚਾਣ ਬਣਾ ਚੁੱਕੇ ਹਨ। ਹੈਡ ਟੀਚਰ ਗੁਰਮੇਜ ਸਿੰਘ ਪੰਜਾਬ ਪੱਧਰ ਤੇ ਅਧਿਆਪਕ ਦਿਵਸ ਤੇ ਵਧੀਆ ਅਧਿਆਪਕ ਦਾ ਪ੍ਰਸੰਸਾ ਪੱਤਰ ਪ੍ਰਾਪਤ ਕਰ ਚੁੱਕਾ ਹੈ , ਬੇਟ ਦੇ ਇਲਾਕੇ ਵਿੱਚ ਵਧੀਆ ਸਕੂਲ ਦਾ ਹੋਣਾ ਸਿਖਿਆ ਵਿਭਾਗ ਵਾਸਤੇ ਮਾਣ ਵਾਲੀ ਗੱਲ ਹੈ। ਸਮਾਗਮ ਦੌਰਾਨ ਸਕੂਲ ਵਿਖੇ ਬਾਲ ਸਭਾ ਦੌਰਾਨ ਵਿਦਿਆਰਥੀਆਂ ਵੱਲੋ ਸਕਿੱਟਾਂ, ਕਵਿੱਜ ਮੁਕਾਬਲਾ, ਨਾਟਕ, ਤੇ ਸਮਾਜ ਉਸਾਰੂ ਸਕਿੱਟਾਂ ਪੇਸ਼ ਕੀਤੀਆ ਗਈਆਂ।

ਇਸ ਵਿਸ਼ੇਸ ਮੌਕੇ ਤੇ ਸਰਕਾਰੀ ਹਾਈ ਸਕੂਲ ਦੇ ਮੁਖ ਅਧਿਆਪਕ ਸ੍ਰੀ ਮੂਨੀਸ਼ ਕੁਮਾਰ, ਗੁਰਨਾਮ ਸਿੰਘ, ਮਨਪ੍ਰੀਤ ਸਿੰਘ, ਪਲਵਿੰਦਰ ਕੌਰ, ਗੁਰਪ੍ਰੀਤ ਸਿੰਘ, ਕੁਲਵਿੰਦਰ ਸਿੰਘ ਤੋ ਇਲਾਵਾ ਬੱਚਿਆਂ ਦੇ ਮਾਤਾ ਪਿਤਾ, ਐਸ ਐਮ ਸੀ ਮੈਂਬਰ ਤੇ ਪੰਚਾਇਤ ਮੈਬਰ ਆਦਿ ਹਾਜ਼ਰ ਸਨ।

# ਮੁਸਾਫਿਰ, ਮੁਕਤਸਰੀ, ਚਿਰਾਗ, ਰੰਧਾਵਾ, ਕੋਮਲ, ਟਾਂਡੀ ਅਤੇ ਸੋਨੀਆ ਦਾ ਸਨਮਾਨ

**ਮੁਹਾਲੀ**– ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਵਲੋਂ ਬਲਵੰਤ ਸਿੰਘ ਮੁਸਾਫਿਰ (ਸ਼ਿਲਪਕਾਰ ਤੇ ਸ਼ਾਇਰ), ਬੀਬੀ ਜਸਵੀਰ ਕੌਰ ਮੁਸਾਫਿਰ, ਜਗਜੀਤ ਮੁਕਤਸਰੀ (ਗੀਤਕਾਰ ਤੇ ਗਾਇਕ), ਬੀ. ਆਰ. ਚਿਰਾਗ (ਸ਼ਾਇਰ), ਬੀਬੀ ਵਰਿੰਦਰ ਕੌਰ ਰੰਧਾਵਾ (ਕਹਾਣੀਕਾਰਾ ਤੇ ਕਵਿੱਤਰੀ), ਮਿਸ ਕਮਲਜੀਤ ਕੌਰ ਕੋਮਲ (ਕਵਿੱਤਰੀ), ਅਸ਼ੋਕ ਟਾਂਡੀ (ਸ਼ਾਇਰ) ਅਤੇ ਪ੍ਰਿੰ: ਪਰਵੀਨ ਕੌਰ ਸੋਨੀਆ (ਕਵਿੱਤਰੀ) ਦਾ ਉਨ੍ਹਾਂ ਵਲੋਂ ਸਾਹਿਤਕ-ਖੇਤਰ ਵਿਚ ਪਾਏ ਜਾ ਰਹੇ ਵੱਡਮੁੱਲੇ ਯੋਗਦਾਨ ਵਜੋ 26 ਦਸੰਬਰ, 15 ਨੂੰ ਸ਼ਿਵਾਲਿਕ ਪਬਲਿਕ ਸਕੂਲ, ਫੇਜ-6 ਮੁਹਾਲੀ ਦੇ ਆਡੀਟੋਰੀਅਮ ਵਿਖੇ ਬੜੀ ਸ਼ਾਨੋ-ਸ਼ੌਕਤ ਨਾਲ ਸਨਮਾਨ ਕੀਤਾ ਜਾ ਰਿਹਾ ਹੈ। ਪ੍ਰੈਸੱ ਨੂੰ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਲਾਲ ਸਿੰਘ ਲਾਲੀ ਅਤੇ ਜਨਰਲ ਸਕੱਤਰ ਪ੍ਰੀਤਮ ਲੁਧਿਆਣਵੀ ਨੇ ਦੱਸਿਆ ਕਿ ਇਸ ਅਵਸਰ ਤੇ ਓਸ਼ਾ ਆਰ. ਸ਼ਰਮਾ, ਆਈ. ਏ. ਐਸ. (ਰਿ.) ਅਤੇ ਸ੍ਰੀ ਆਰ. ਐਲ. ਕਲਸੀਆ, ਆਈ. ਏ. ਐਸ. (ਰਿ.) ਜੀ ਮੁੱਖ ਮਹਿਮਾਨ ਵਜੋਂ ਪਧਾਰ ਰਹੇ ਹਨ।

# ਇੰਡਸਵੈਲੀ ਚੈਂਬਰ ਆਫ ਕਾਮਰਸ ਦੀ ਸਾਲਾਨਾ ਡਿਨਰ ਪਾਰਟੀ ਅਤੇ ਰੌਣਕ

**ਸੈਕਰਾਮੈਂਟੋ (ਕਮਲ ਬੰਗਾ)**– ਪਿਛਲੇ ਸਾਲਾਂ ਵਾਂਗ ਹੀ ਬੀਤੇ ਸ਼ੁੱਕਰਵਾਰ ਨੂੰ ਚੈਂਬਰ ਵੱਲੋਂ ਲਗੂਨਾ ਟਾਊਨ 'ਚ ਨਵੇਂ ਸਾਲ ਲਈ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਰਾਜਨੀਤਿਕ ਲੀਡਰਾਂ ਤੋਂ ਇਲਾਵਾ ਵੱਖ ਵੱਖ ਭਾਈਚਾਰੇ ਦੇ ਮੈਂਬਰ, ਬਿਜਨਸ ਗਰੁੱਪ, ਸਪਾਂਸਰਜ਼ ਅਤੇ ਕਲਾਕਾਰਾਂ ਨੇ ਹਿੱਸਾ ਲਿਆ। ਚੈਂਬਰ ਦੇ ਜਨਰਲ ਸੈਕਟਰੀ ਸੁਖਚੈਨ ਸਿੰਘ ਨੇ ਚਾਈਨੀਜ਼ ਲੇਡੀਜ਼ ਦੇ ਸੰਗੀਤ ਅਤੇ ਡਾਂਸ ਨਾਲ ਪ੍ਰੋਗਰਾਮ ਸ਼ੁਰੂ ਕੀਤਾ। ਫਿਰ ਚੈਂਬਰ ਦੇ ਪ੍ਰਧਾਨ ਪਵਿੱਤਰ ਨਾਹਲ ਨੇ ਬੋਰਡ ਮੈਂਬਰਾਂ ਨੂੰ ਸਟੇਜ ਤੇ ਸੱਦ ਕੇ ਸਾਰਿਆਂ ਦੇ ਸਨਮੁਖ ਕੀਤਾ, ਨਾਲ ਹੀ ਕਾਂਗਰਸਮੈਨ ਐਮੀ ਬੈਰਾ, ਚੀਫ ਗੈਸਟ ਅਤੇ ਸਟੇਟ ਸੈਨੇਟਰ ਰਿਚਰਡ ਪੈਨ ਨੂੰ ਸਟੇਜ ਤੇ ਬੁਲਾਵਾ ਦਿੱਤਾ। ਉਹਨਾਂ ਨੇ ਬੋਰਡ ਮੈਂਬਰਾਂ ਨਾਲ ਹੱਥ ਮਿਲਾ ਕੇ ਆਪਣੀ ਸਪੀਚ ਵਿਚ ਚੈਂਬਰ ਦਾ ਧੰਨਵਾਦ ਕੀਤਾ ਅਤੇ ਦੇਸ਼ ਵਿਚ ਏਕਤਾ ਅਤੇ ਸਾਂਝੀਵਾਲਤਾ ਵਧਾਉਣ ਲਈ ਸੁਨੇਹਾ ਦਿੱਤਾ। ਇਸ ਤੋਂ ਬਾਅਦ ਡਾ. ਲਖਵੀਰ ਰੰਧ-ਾਵਾ ਨੇ ਵਾਰੀ ਵਾਰੀ ਬਿੱਕਰ ਮਾਨ, ਪੂਨਮ ਮਲਹੋਤਰਾ ਅਤੇ ਮਾਈਕ ਸੈਨਵਾਲ ਨੂੰ ਗੀਤ ਗਾਉਣ ਲਈ ਸੱਦਾ ਦਿੱਤਾ। ਤਿੰਨਾਂ ਨੇ ਹੀ ਹਿੰਦੀ ਗੀਤ ਗਾਏ। ਨਾਲ ਹੀ ਮਾਈਕ ਗੁਰੇਰਾ, ਗੁਰਪ੍ਰੀਤ ਸਿੱਧੂ ਅਤ ਬਲਬੀਰ ਸੋਢੀ ਨੂੰ ਜੇ. ਪੀ. ਸਿੰਘ, ਮਾਈਕ ਹੋਠੀ ਅਤੇ ਗੁਰਪ੍ਰੀਤ ਸਿੱਘੂ ਨੂੰ ਅਸੈਂਬਲੀ ਅਵਾਰਡ ਭੇਂਟ ਕੀਤੇ। ਫਿਰ ਮਿਸ ਜੇਂਗ, ਤੋਰ ਪੰਜਾਬਣ ਦੀ, ਪੰਜਾਬੀ ਮੁਟਿਆਰਾਂ ਨੇ ਅਤੇ ਆਪਣਾ ਵਿਰਸਾ ਦੇ ਮੁ-ੰਡਿਆਂ ਨੇ ਡਾਂਸ, ਗਿੱਧਾ ਤੇ ਨੱਚ ਕੇ ਭੰਗੜਾ ਪਾ ਕੇ ਵਾਹਵਾ ਖੱਟੀ। ਫਿਰ ਲਖਵਿੰਦਰ ਕੌਰ ਨੇ ਨਵੇਂ ਬਣੇ ਮੈਂਬਰ ਬਿੱਕਰ ਮਾਨ, ਦਿਲ ਨਿੱਜਰ, ਮੋਨਿਕਾ ਸਿੱਧੂ, ਹਰਪ੍ਰੀਤ ਗਿੱਲ, ਮਾਈਕਲ ਹੈਡ ਤੇ ਮੋਨਿਕਾ ਸ਼ਰਮਾ ਨੂੰ ਸਟੇਜ ਤੇ ਲੋਕਾਂ ਦੇ ਰੂਬਰੂ ਕੀਤਾ ਅਤੇ ਸਵਰਨ ਗਿੱਲ, ਦਿਲ ਨਿੱਜਰ, ਹਰਪ੍ਰੀਤ ਗਿੱਲ, ਗਿਆਨ ਸਿੰਘ ਧੂਟ ਤੇ ਸੁਦਰਸ਼ਨ ਲਾਂਬਾ ਨੂੰ ਮਨਜੀਤ ਸੀਬੀਆ ਤੇ ਤਜਿੰਦਰ ਮਾਨ ਨੇ ਸਨਮਾਨ ਚਿੰਨ੍ਹ ਪ੍ਰਦਾਨ ਕੀਤੇ। ਤਰਲੋਚਨ ਸਿੰਘ ਨੇ ਇੰਦਰੀ ਤੇ 350 ਨਾਂ ਦਰਜ ਕੀਤੇ ਅਤੇ ਨੇਮ ਟੈਗ ਦਿੱਤਾ। ਕਾਕਟੇਲ ਤਾਕੀ ਤੇ ਵੀ ਭੀੜ ਲੱਗੀ ਰਹੀ। ਹੋਰਨਾਂ ਤੋਂ ਇਲਾਵਾ ਸੁਰਿੰਦਰ ਬਿੰਦਰਾ, ਕੇਵਲ ਬੋਲੀਨਾ, ਕਮਲ ਬੰਗਾ, ਹੰਸ ਰਾਜ ਕਾਜਲਾ, ਮੁਹਿੰਦਰ ਸਿੰਘ ਘੱਗ, ਰਮੇਸ਼ ਬੰਗੜ, ਹਰਬੰਸ ਸਿੰਘ ਜਗਿਆਸੂ, ਰਾਠੀ ਸੂਰਾਪੁਰੀ, ਇੰਦਰਜੀਤ ਗਰੇਵਾਲ, ਪਾਲ ਬਿੰਦਰਾ, ਪ੍ਰਮਿੰਦਰ ਸੁੱਖ, ਡੇਵ ਟਮਾਇਆ, ਡਾ. ਟਾਮ, ਲਿੰਡਾ ਜਿੰਨ, ਚਰਨਜੀਤ ਕੌਰ, ਜਾਦੂ ਰਾਮ ਆਦਿ ਨੇ ਪਾਰਟੀ 'ਚ ਰੌਣਕ ਵਧਾਈ। ਸਾਂਝੀ ਰਸੋਈ ਰੈਸਟੋਰੈਂਟ ਦਾ ਚਾਹ ਪਾਣੀ-ਖਾਣਾ ਸੁਆਦਲਾ ਸੀ। ਅੰਤ ਵਿਚ ਸਾਰਲਾ ਪਰਲਾਟਾ ਅਤੇ ਪ੍ਰਧਾਨ ਪਵਿੱਤਰ ਨਾਹਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸਾਰੇ ਜਗਤ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ।

# ਮੋਦੀ ਨੇ ਡਾ ਅੰਬੇਡਕਰ ਦੀ ਯਾਦ 'ਚ ਜਾਰੀ ਕੀਤੇ 125 ਅਤੇ 10 ਰੁਪਏ ਦੇ ਸਿੱਕੇ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਬਾਲਾ ਸਾਹਿਬ ਭੀਮਰਾਵ ਅੰਬੇਡਕਰ ਦੀ 125ਵੀਂ ਜੈਯੰਤੀ ਸਾਲਾਨਾ ਸਮਾਰੋਹ ਦੇ ਮੌਕੇ 125 ਰੁਪਏ ਅਤੇ 10 ਰੁਪਏ ਦੇ ਯਾਦਗਾਰੀ ਸਿੱਕੇ ਜਾਰੀ ਕੀਤੇ। ਪ੍ਰਧਾਨ ਮੰਤਰੀ ਨੇ ਆਪਣੇ ਘਰ ਇਕੱਠੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜਿਹੇ ਕੁਝ ਹੀ ਲੋਕ ਹਨ ਜੋ ਦਿਹਾਂਤ ਦੇ 60 ਸਾਲ ਬਾਅਦ ਵੀ ਜਨ ਚੇਤਨਾ 'ਚ ਹੁਣ ਵੀ ਜਿਉਂਦੇ ਹਨ। ਉਨ੍ਹਾਂ ਨੇ ਕਿਹਾ ਕਿ ਅਸੀਂ ਭਾਰਤ ਦੇ ਸਾਹਮਣੇ ਫਿਲਹਾਲ ਮੌਜੂਦ ਮੁੱਦਿਆਂ ਦੇ ਸੰਦਰਭ 'ਚ ਜਿੰਨਾ ਅੰਬੇਡਕਰ ਦੇ ਵਿਚਾਰਾਂ ਨੂੰ ਯਾਦ ਕਰਾਂਗੇ, "ਅਸੀਂ ਉਨ੍ਹਾਂ ਦੇ ਦ੍ਰਿਸ਼ਟੀਕੋਣ ਅਤੇ ਸਮੁੱਚਤਾ ਦੇ ਉਨ੍ਹਾਂ ਦੇ ਰੁੱਖ ਦਾ ਓਨਾ ਹੀ ਵਧ ਸਨਮਾਨ ਕਰਾਂਗੇ।" ਪ੍ਰਧਾਨ ਮੰਤਰੀ ਨੇ ਕਿਹਾ ਕਿ ਸਮਾਜਿਕ ਨਿਆਂ ਦੇ ਪ੍ਰਤੀ ਉਨ੍ਹਾਂ ਦੇ ਯੋਗਦਾਨ ਨੂੰ ਪਛਾਣ ਮਿਲੀ ਹੈ ਪਰ ਉਨ੍ਹਾਂ ਦੇ ਆਰਥਿਕ ਵਿਚਾਰਾਂ ਅਤੇ ਦ੍ਰਿਸ਼ਟੀਕੋਣ ਨੂੰ ਹੁਣ ਵੀ ਪੂਰੀ ਤਰ੍ਹਾਂ ਨਾਲ ਸਮਝਿਆ ਨਹੀਂ ਗਿਆ ਹੈ ਅਤੇ ਇਸ ਦੀ ਸ਼ਲਾਘਾ ਹੋਣੀ ਚਾਹੀਦੀ ਹੈ।



ਮੋਦੀ ਨੇ ਕਿਹਾ ਕਿ ਅੰਬੇਡਕਰ ਅਤੇ ਭਾਰਤ ਦੇ ਸੰਵਿਧਾਨ ਦੀ ਇਸ ਦੇਸ਼ 'ਚ ਹਮੇਸ਼ਾ ਚਰਚਾ ਹੋਣੀ ਚਾਹੀਦੀ ਹੈ ਅਤੇ 26 ਨਵੰਬਰ ਨੂੰ ਸੰਵਿਧਾਨ ਦਿਵਸ ਮਨਾਉਣਾ ਇਸ ਦਿਸ਼ਾ 'ਚ ਇਕ ਕਦਮ ਸੀ।

ਪ੍ਰਧਾਨ ਮੰਤਰੀ ਦਫਤਰ ਵੱਲੋਂ ਜਾਰੀ ਇਕ ਪ੍ਰੈਸ ਬਿਆਨ 'ਚ ਕਿਹਾ ਗਿਆ ਹੈ ਕਿ ਔਰਤ ਮਜ਼ਬੂਤੀਕਰਨ, ਭਾਰਤ ਦੀ ਸੰਘੀ ਬਣਤਰ, ਵਿੱਤ ਅਤੇ ਸਿੱਖਿਆ ਵਰਗੇ ਵਿਸ਼ਿਆਂ 'ਤੇ ਅੰਬੇਡਕਰ ਦੇ ਨਜ਼ਰੀਏ ਦੀ ਪ੍ਰਸ਼ੰਸਾ ਹੋਣੀ ਚਾਹੀਦੀ ਹੈ।

ਵਿੱਤ ਮੰਤਰੀ ਅਰੁਣ ਜੇਤਲੀ ਅਤੇ ਸਮਾਜਿਕ ਨਿਆਂ ਅਤੇ ਮਜ਼ਬੂਤੀਕਰਨ ਮੰਤਰੀ ਥਾਵਰ ਚੰਦ ਗਹਿਲੋਤ ਇਸ ਮੌਕੇ ਮੌਜੂਦ ਸਨ। ਇਸ ਤੋਂ ਪਹਿਲਾਂ ਐਤਵਾਰ ਨੂੰ ਮੋਦੀ ਨੇ ਸੰਸਦ ਕੰਪਲੈਕਸ ਲਾਨ 'ਚ ਅੰਬਡੇਕਰ ਦੀ ਮੂਰਤੀ 'ਤੇ ਫੁੱਲ ਭੇਟ ਕੀਤੇ। ਉਨ੍ਹਾਂ ਨੇ ਟਵਿੱਟਰ 'ਤੇ ਅੰਬੇਡਕਰ ਦੀ ਮੂਰਤੀ ਨਾਲ ਆਪਣੀ ਤਸਵੀਰ ਪਾਉਂਦੇ ਹੋਏ ਲਿਖਿਆ ਕਿ ਬਾਬਾ ਸਾਹਿਬ ਅੰਬੇਡਕਰ ਨੂੰ ਉਨ੍ਹਾਂ ਦੀ ਬਰਸੀ 'ਤੇ ਯਾਦ ਕਰਦੇ ਹੋਏ।

# ਡਾ. ਬੀ. ਆਰ. ਅੰਬਦੇਕਰ ਦੇ ਪ੍ਰੀ-ਨਿਰਮਾਣ ਦਿਵਸ ਮੌਕੇ ਵੱਖ-ਵੱਖ ਸ਼ਖ਼ਸੀਅਤਾਂ ਵਲੋਂ ਸ਼ਰਧਾਂਜ਼ਲੀਆਂ ਭੇਟ

**ਜਲੰਧਰ–** ਡਾ.ਬੀ.ਆਰ.ਅੰਬੇਦਕਰ ਜੀ ਦੇ ਪ੍ਰੀ-ਨਿਰਮਾਣ ਦਿਵਸ ਸਬੰਧੀ ਅੱਜ ਅੰਬੇਦਕਰ ਚੌਕ ਜਲੰਧਰ ਵਿਖੇ ਡਾ.ਬੀ.ਆਰ.ਅੰਬੇਦਕਰ ਜੀ ਨੂੰ ਵੱਖ-ਵੱਖ ਰਾਜਨੀਤਿਕ ਆਗੂਆਂ ਜਿਨ੍ਹਾਂ ਵਿਚ ਸ੍ਰੀ ਪਵਨ ਕੁਮਾਰ ਟੀਨੂੰ ਮੁੱਖ ਸੰਸਦੀ ਸਕੱਤਰ, ਸ੍ਰੀ ਅਵਿਨਾਸ਼ ਚੰਦਰ ਮੁੱਖ ਸੰਸਦੀ ਸਕੱਤਰ, ਸ੍ਰ. ਸਰਵਣ ਸਿੰਘ ਫਿਲੌਰ ਵਿਧਾਇਕ ਕਰਤਾਰਪੁਰ, ਸ੍ਰ.ਗੁਰਚਰਨ ਸਿੰਘ ਚੰਨੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਨੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ।

ਇਸ ਮੌਕੇ ਸ੍ਰੀ ਪਵਨ ਕੁਮਾਰ ਟੀਨੂੰ ਮੁੱਖ ਸੰਸਦੀ ਸਕੱਤਰ ਪੰਜਾਬ ਨੇ ਡਾ.ਬੀ.ਆਰ.ਅੰਬੇਦਕਰ ਜੀ ਨੂੰ ਸਰਧਾਂਜ਼ਲੀ ਭੇਟ ਕਰਦਿਆਂ ਕਿਹਾ ਕਿ ਡਾ.ਅੰਬੇਦਕਰ ਜੀ ਨੇ ਆਪਣਾ ਸਾਰਾ ਜੀਵਨ ਸਮਾਜ ਦੇ ਦਬੇ ਕੁਚਲੇ ਲੋਕਾਂ ਦੀ ਰਾਖੀ ਲਈ ਸਮਰਪਿਤ ਕੀਤਾ ਅਤੇ ਉਨ੍ਹਾਂ ਨੂੰ ਮੌਲਿਕ ਹੱਕ ਦਿਵਾਉਣ ਲਈ ਸੰਘਰਸ਼ੀਲ ਰਹੇ। ਉਨ੍ਹਾਂ ਦੱਸਿਆ ਕਿ ਡਾ.ਸਾਹਿਬ ਨੇ ਨਾਰੀ ਸ਼ਕਤੀ ਨੂੰ ਵਿਸ਼ੇਸ਼ ਸਨਮਾਨ ਦਿੱਤਾ ਅਤੇ ਪੁਰਸ਼ਾਂ ਦੇ ਬਰਾਬਰ ਦੇ ਅਧਿਕਾਰ ਦੁਆ ਕੇ ਭਾਰਤ ਵਿਚ ਨਾਰੀ ਨੂੰ ਬਣਦਾ ਸਨਮਾਨ ਦੁਆਇਆ। ਉਨ੍ਹਾਂ ਸਵੈ ਮਾਨ ਨਾਲ ਜੀਣਾ ਸਿੱਖਣ ਦਾ ਸੰਦੇਸ਼ ਦਿੱਤਾ।

ਉਨ੍ਹਾਂ ਕਿਹਾ ਕਿ ਡਾ.ਭੀਮ ਰਾਓ ਅੰਬੇਦਕਰ ਵਲੋਂ ਭਾਰਤੀ ਸੰਵਿਧਾਨ ਦੇ ਨਿਰਮਾਣ ਵਿਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੇਸ਼ ਨੂੰ ਇਕ ਲਿਖਤੀ,



ਕਠੋਰ ਅਤੇ ਲਚਕੀਲਾ ਸੰਵਿਧਾਨ ਦੇ ਕੇ ਦੇਸ਼ ਦੇ ਨਾਗਰਿਕਾਂ ਦੇ ਸਰਵਪੱਖੀ ਵਿਕਾਸ ਦਾ ਮੁੱਢ ਬੰਨਿਆ ਹੈ। ਉਨ੍ਹਾਂ ਦੇਸ਼ ਵਿਚ ਜਾਤੀ ਵਿਵਸਥਾ ਦੇ ਖਿਲਾਫ ਲੜਾਈ ਲੜਨੀ ਸ਼ੁਰੂ ਕੀਤੀ ਅਤੇ ਇਸ ਦੇ ਖਿਲਾਫ ਆਖਰੀ ਦਮ ਤੱਕ ਲੜਦੇ ਰਹੇ।

ਇਸ ਮੌਕੇ ਸ੍ਰੀ ਅਵਿਨਾਸ਼ ਚੰਦਰ ਨੇ ਕਿਹਾ ਕਿ ਡਾ.ਅਬੈਦਕਰ ਦੀ ਵਿਚਾਰ ਧਾਰਾ 'ਤੇ ਚੱਲਦਿਆਂ ਹੀ ਦੇਸ਼ ਨੂੰ ਇਕਮੁੱਠ, ਵਿਕਾਸਮਈ ਅਤੇ ਮਜਬੂਤ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਇਖਲਾਕੀ ਫਰਜ਼ ਬਣਦਾ ਹੈ ਕਿ ਅਸੀਂ ਬਾਬਾ ਸਾਹਿਬ ਦੀ ਸੋਚ 'ਤੇ ਪਹਿਰਾ ਦਿੰਦੇ ਹੋਏ ਉਨ੍ਹਾਂ ਵਲੋਂ ਦਰਸਾਏ ਹੋਏ ਮਾਰਗ 'ਤੇ ਚੱਲਦੇ ਹੋਏ ਸਮਾਜ ਦੇ ਹਰ ਵਰਗ ਦੀ ਸਹਾਇਤਾ ਕਰੀਏ।

ਸ੍ਰ.ਸਰਵਣ ਸਿੰਘ ਫਿਲੌਰ ਨੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਬਾਬਾ ਸਾਹਿਬ ਨੇ ਭਾਰਤ ਦੇ ਸੰਵਿਧਾਨ ਨੂੰ ਘੜ ਕੇ ਦੇਸ ਵਿਚ ਵਸਦੇ ਲੱਖਾਂ ਕਰੋੜਾਂ ਲੋਕਾਂ ਲਈ ਇਕਜੁਟਤਾ ਵਾਲਾ ਮਾਹੌਲ ਸਿਰਜਣ ਦੀ ਮਿਸਾਲ ਪੈਦਾ ਕੀਤੀ ਅਤੇ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਬਣਨ ਦਾ ਮਾਨ ਹਾਸਿਲ ਕੀਤਾ। ਇਸ ਮੌਕੇ ਸ੍ਰ.ਗੁਰਚਰਨ ਸਿੰਘ ਚੰਨੀ ਨੇ ਡਾ.ਬੀ.ਆਰ.ਅੰਬੇਦਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਡਾ.ਭੀਮ ਰਾਓ ਅੰਬੇਦਕਰ ਵਲੋਂ ਤਿਆਰ ਕੀਤਾ ਗਿਆ ਸੰਵਿਧਾਨ ਸਾਡੇ ਸਾਰਿਆਂ ਲਈ ਪੂਜਣ ਯੋਗ ਹੈ ਜਿਸ ਵਿਚ ਉਨ੍ਹਾਂ ਹਰ ਵਰਗ ਦਾ ਧਿਆਨ ਰੱਖਿਆ ਅਤੇ ਦੇਸ਼ ਦੇ ਹਰ ਨਾਗਰਿਕ ਨੂੰ ਵੋਟ ਦਾ ਹੱਕ ਦੁਆਇਆ ਅਤੇ ਸਮਾਜ ਨੂੰ ਇਕ ਸੁਨੇਹਾ ਦਿੱਤਾ ਕਿ ਜੇਕਰ ਤੁਸੀਂ ਚੰਗਾ ਅਤੇ ਸੁਖਾਵਾਂ ਜੀਵਨ ਬਤੀਤ ਕਰਨਾ ਚਾਹੁੰਦੇ ਹੋ ਤਾਂ ਆਪਣੀ ਮਦਦ ਆਪ ਕਰੋ ਇਹੀ ਇਕ ਸੱਚਾ ਤੇ ਸੁੱਚਾ ਮਾਰਗ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਬਲਜੀਤ ਸਿੰਘ ਨੀਲਾਮਹਿਲ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ , ਮੈਡਮ ਮੰਜੂ ਛਿੱਬਰ, ਸ੍ਰੀ ਪ੍ਰਕਾਸ਼ ਚੰਦ ਜੱਸਲ, ਸ੍ਰੀ ਰਾਜ ਕੁਮਾਰ ਮਹਿਮੀ, ਸ੍ਰੀ ਅਮਰਜੀਤ ਸਿੱਧੂ, ਸ੍ਰੀ ਪ੍ਰਭਦਿਆਲ, ਸ੍ਰੀ ਰਜਿੰਦਰ ਬਿੱਟੂ, ਸ੍ਰੀ ਯਸ਼ਪਾਲ ਬਹਿਲ, ਸ੍ਰੀ ਸੁਭਾਸ਼ ਸੋਂਧੀ, ਸ੍ਰੀ ਨਿਰਮਲ ਸਿੰਘ, ਸ੍ਰੀ ਚਰਨ ਦਾਸ ਕ੍ਰਾਂਤੀ, ਸ੍ਰੀ ਚਰਨਜੀਤ ਸ਼ੇਰੂ ਅਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ।

# ਇੰਟਰਨੈਸ਼ਨਲ ਅੰਬੇਡਕਰ ਫੋਰਸ ਆਸਟਰੇਲੀਆ ਨੇ ਬਾਬਾ ਸਾਹਿਬ ਦਾ ਪ੍ਰੀਨਿਰਵਾਨ ਦਿਵਸ ਖ਼ੂਨਦਾਨ ਕੈਂਪ ਲਗਾ ਕੇ ਮਨਾਇਆ

## ਬਾਬਾ ਸਾਹਿਬ ਅੰਬੇਡਕਰ ਜੀ ਨੇ ਸੰਵਿਧਾਨ ਲਿਖ ਕੇ ਭਾਰਤ ਵਾਸੀਆਂ ਨੂੰ ਕਾਨੂੰਨੀ ਹੱਕ ਲੈ ਕੇ ਦਿੱਤੇ - ਅਜੇ ਕਟਾਰੀਆ

**ਫਗਵਾੜਾ (ਬੀ ਕੇ ਰੱਤੂ)–** ਇੰਟਰਨੈਸ਼ਨਲ ਅੰਬੇਡਕਰ ਫੋਰਸ ਆਸਟਰੇਲੀਆ ਵਲੋਂ ਮਹਾਮਾਨਵ, ਬੋਧੀਸੱਤਵ, ਵਿਸ਼ਵ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀਨਿਰਵਾਨ ਦਿਵਸ ਪ੍ਰਧਾਨ ਅਜੇ ਕੁਮਾਰ ਕਟਾਰੀਆ ਦੀ ਅਗਵਾਈ ਹੇਠ 51 ਕਲਾਰਕ ਸਟਰੀਟ ਸਾਊਥ ਬੈਂਕ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਗਾ ਕੇ ਮਨਾਇਆ ਗਿਆ। ਇਸ ਖ਼ੂਨਦਾਨ ਕੈਂਪ 'ਚ 21 ਖ਼ੂਨਦਾਨੀਆ ਨੇ ਖ਼ੂਨਦਾਨ ਕਰਕੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਉਪਰੰਤ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਅਜੇ ਕਟਾਰੀਆ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰ-ਬੇਡਕਰ ਜੀ ਨੇ ਆਪਣਾ ਸਾਰਾ ਜੀਵਨ ਦੱਬੇ - ਕੁਚਲੇ ਸਮਾਜ ਦੀ ਜੀਵਨ ਪੱਧਰ ਉੱਚਾ ਚੁੱਕਣ ਲਈ ਲਗਾਇਆ। ਉੱਥੇ ਹੀ ਬਾਬਾ ਸਾਹਿਬ ਜੀ ਨੇ ਭਾਰਤ ਦਾ ਸੰਵਿਧਾਨ ਲਿਖ ਕੇ ਭਾਰਤ ਵਾਸੀਆਂ ਨੂੰ ਕਾਨੂੰਨੀ ਹੱਕ ਲੈ ਕੇ ਦਿੱਤੇ ਅਤੇ ਭਾਰਤ ਲੋਕਤੰਤਰ ਦੇਸ਼ ਬਣਿਆ। ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਜੀ ਦੀਆਂ ਸਿੱਖਿਆਵਾਂ 'ਤੇ ਪਹਿਰਾ ਦਿੰਦੇ ਹੋਏ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਐਜੂਕੇਸ਼ਨ ਦੇਣੀ ਚਾਹੀਦੀ ਹੈ ਅਤੇ ਰਾਜ ਸੱਤ੍ਹਾ 'ਤੇ ਕਾਬਜ ਹੋਣ ਲਈ ਸਭ ਨੂੰ ਹੰਭਲਾ ਮਾਰਨਾ ਚਾਹੀਦਾ ਹੈ। ਇਸ ਮੌਕੇ ਫੋਰਸ ਦੇ ਵਾਇਸ ਪ੍ਰਧਾਨ ਜਸਪਾਲ ਰੱਤੂ ਨੇ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਖ਼ੂਨਦਾਨੀਆਂ ਦਾ ਤਹਿ



ਦਿਲੋਂ ਧੰਨਵਾਦ ਕੀਤਾ। ਰੱਤੂ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸੱਚੀ ਤੇ ਸੁੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਬਾਬਾ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ 'ਚ ਅਪਨਾ ਕੇ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਸਿਰਜਣ




ਲਈ ਸੱਤ੍ਹਾ ਦੀ ਚਾਬੀ ਆਪਣੇ ਹੱਥਾਂ 'ਚ ਲਈਏ। ਅੰਤ 'ਚ ਫੋਰਸ ਵਲੋਂ ਖ਼ੂਨਦਾਨੀਆਂ ਨੂੰ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇੰਡੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰਸਿੱਧ ਲੇਖਕ ਸੋਹਣ ਸਹਿਜਲ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਜਿਸ ਨੇ ਇਨਸਾਨ ਭਾਰਤ ਦਾ ਸੰਵਿਧਾਨ ਲਿਖ ਭਾਰਤ ਦੇ ਹਰ ਵਰਗ ਨੂੰ ਕਾਨੂੰਨੀ ਹੱਕ ਲੈ ਕੇ ਦਿੱਤੇ ਉਸ ਮਹਾਨ ਰਹਿਬਰ ਨੂੰ ਸਰਕਾਰਾਂ ਨੇ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ। ਸਹਿਜਲ ਨੇ ਕਿਹਾ ਕਿ ਜੇਕਰ ਦੇਸ਼ ਤੇ ਰਾਜ ਕਰਨ ਵਾਲੀਆਂ ਸਰਕਾਰਾਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਲਿਖਿਆ ਸੰਵਿਧਾਨ ਪੂਰੀ ਇਮਾਨਦਾਰੀ ਨਾਲ ਲਾਗੂ ਕਰ ਦੇਣ ਤਾਂ ਭਾਰਤ ਦੇਸ਼ ਸਾਰੇ ਦੇਸ਼ਾਂ ਨਾਲ ਖ਼ੁਸ਼ਹਾਲ ਦੇਸ਼ ਹੋਵੇਗਾ। ਫੋਰਸ ਵਲੋਂ ਖ਼ੂਨਦਾਨ ਕੈਂਪ ਲਗਾ ਕੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਸ਼ਰਧਾਂਜਲੀ ਭੇਟ ਕਰਨ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਅਮਨਦੀਪ, ਰਾਹੁਲ ਲੇਖ, ਹਿੰਮਤ ਸਿੰਘ ਗਿੱਲ, ਅਸ਼ੋਕ ਕੁਮਾਰ ਸੈਣੀ, ਗੌਰਵ ਭੱਟੀ, ਹਰਜਿੰਦਰ ਮਹਿਮੀ, ਕੁਲਜੀਤ ਬਾਂਸਲ, ਨਵਲਪ੍ਰੀਤ ਸਿੰਘ, ਪਵਨ ਕੁਮਾਰ, ਸੁਰਜੀਤ ਪਾਲ ਤੋਂ ਇਲਾਵਾ ਭਾਰੀ ਗਿਣਤੀ 'ਚ ਸਮੱਰਥਕ ਹਾਜ਼ਰ ਸਨ।

# ਅੰਬੇਡਕਰ ਨੇ ਸੰਵਿਧਾਨ ਵਿੱਚ 36 ਭਾਈਚਾਰਿਆਂ ਨੂੰ ਸੁਰੱਖਿਆ ਦਿੱਤੀ: ਅਭਿਮੰਨਿਊ

**ਜੀਂਦ–** ਬਾਬਾ ਸਾਹਿਬ ਡਾ. ਭੀਮਰਾਵ ਅੰਬੇਡਕਰ ਨੂੰ ਯੁੱਗ ਪੁਰਸ਼ ਦੇ ਰੂਪ ਵਿੱਚ ਜਾਣਿਆ ਜਾਂਦਾ ਰਹੇਗਾ। ਉਨ੍ਹਾਂ ਨੇ ਆਜ਼ਾਦੀ ਦੇ ਸਮੇਂ ਵਿਦੇਸ਼ੀ ਤਾਕਤਾਂ ਨੂੰ ਬਾਹਰ ਕਰਨ ਵਿੱਚ ਆਪਣੀ ਵਿਸੇਸ਼ ਭੁਮਿਕਾ ਨਿਭਾਈ। ਆਜ਼ਾਦੀ ਤੋਂ ਮਗਰੋਂ ਭਾਰਤ ਕਿਹੋ ਜਿਹਾ ਹੋਵੇਗਾ, ਇਹ ਆਪਣੇ ਵਿਵੇਕ ਅਤੇ ਬੁੱਧੀ ਦੇ ਦਮ ਤੋਂ ਕਰਕੇ ਵਿਖਾਇਆ ਅਤੇ ਦੇਸ਼ ਨੂੰ ਦੁਨੀਆ ਦਾ ਸਭ ਤੋਂ ਸ੍ਰੇਸ਼ਟ ਸੰਵਿਧਾਨ ਬਣਾ ਕੇ ਦਿੱਤਾ। ਇਹ ਗੱਲ ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਭਿਮੰਨਿਊ ਨੇ ਅੱਜ ਇੱਥੇ ਡਾ. ਭੀਮਰਾਓ ਅੰਬੇਡਕਰ ਦੇ ਵਿਦਿਆਰਥੀ ਹੋਸਟਲ ਵਿੱਚ ਡਾ. ਭੀਮਰਾਓ ਅੰਬੇਡਕਰ ਦਿਵਸ ਉੱਤੇ ਕਰਵਾਏ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਹੀ।

ਵਿੱਤ ਮੰਤਰੀ ਨੇ ਕਿਹਾ ਕਿ ਆਜ਼ਾਦੀ ਤੋਂ ਮਗਰੋਂ ਬਾਬਾ ਸਾਹਿਬ ਨੇ ਦੇਸ਼ ਦੇ ਲੋਕਾਂ ਨੂੰ ਇੱਕ ਅਜਿਹਾ ਸੰਵਿਧਾਨ ਦਿੱਤਾ, ਜਿਸ ਵਿੱਚ ਗਰੀਬ ਤੇ ਪਿਛੜੇ ਵਰਗ ਦੀ ਆਵਾਜ ਬੁਲੰਦ ਹੈ। ਪੂਰੀ ਦੁਨੀਆ ਨੇ ਭਾਰਤ ਦੇ ਸੰਵਿਧਾਨ ਦੇ ਮਹੱਤਵ ਨੂੰ ਸਮਝਿਆ ਹੈ।

ਅੱਜ ਪੂਰਾ ਰਾਸ਼ਟਰ ਅਜਿਹੇ ਮਹਾਨ ਚਿੰਤਕ ਤੇ ਸਿਖਿਆ ਵਿਦਵਾਨ ਨੂੰ ਸ਼ਰਧਾਂਜਲੀ ਦਿੰਦਾ ਹੈ। ਉਨ੍ਹਾਂ ਨੇ ਕਿਹਾ ਕਿ ਬਾਬਾ ਸਾਹਿਬ ਨੇ ਅਪਣੀ ਕਲਮ ਤੇ ਬੁੱਧੀ ਦੇ ਦਮ ਉੱਤੇ ਅਪਣੀ ਵਿਸੇਸ਼ ਪਹਿਚਾਣ ਬਣਾਈ। ਦੇਸ਼ ਦਾ ਇਹ ਸੰਵਿਧਾਨ ਕਰੋੜਾਂ ਲੋਕਾਂ ਦੇ ਹਿੱਤਾਂ ਦੀ ਵਕਾਲਤ ਕਰਦਾ ਹੈ ਅਤੇ ਮਜ਼ਬੂਤ ਲੋਕਤੰਤਰ ਭਾਰਤ ਦੀ ਵਿਸੇਸ਼ ਪਹਿਚਾਣ ਹੈ।

ਉਨ੍ਹਾਂ ਨੇ ਕਿਹਾ ਕਿ ਅੰਗਰੇਜ਼ ਸਾਸ਼ਕਾਂ ਦਾ ਇਹ ਮੰਨਣਾ ਸੀ ਕਿ ਆਜ਼ਾਦੀ ਮਿਲਣ ਮਗਰੋਂ ਭਾਰਤ ਦੇ ਲੋਕੀਂ ਇਸ ਆਜ਼ਾਦੀ ਨੂੰ ਬਰਕਰਾਰ ਨਹੀਂ ਰੱਖ ਸਕਣਗੇ ਤੇ ਉਹ ਲੰਬੇ ਸਮੇਂ ਤੱਕ ਆਜ਼ਾਦ ਨਹੀਂ ਰਹਿ ਸਕਣਗੇ ਪਰੰਤੂ ਬਾਬਾ ਸਾਹਿਬ ਨੇ ਦੇਸ਼ ਦੇ ਲੋਕਾਂ ਨੂੰ ਇਕ ਅਜਿਹਾ ਸੰਵਿਧਾਨ ਦਿੱਤਾ ਜਿਸ ਵਿੱਚ 36 ਬਿਰਾਦਰੀ ਦੇ ਲੋਕਾਂ ਦੇ ਹਿੱਤ ਸੁਰਖਿਅਤ ਹਨ।

ਆਜ਼ਾਦੀ ਤੋਂ ਮਗਰੋਂ ਭਾਰਤ ਇੱਕ ਸਕਤੀਸ਼ਾਲੀ ਰਾਸ਼ਟਰ ਦੇ ਰੂਪ ਵਿੱਚ ਉਭਰਿਆ ਅਤੇ ਅੱਜ ਭਾਰਤ ਦੁਨੀਆ ਵਿੱਚ ਸਰਵਸ੍ਰੇਸ਼ਟ ਲੋਕਤੰਤਰ ਦੇਸ਼ ਹੈ।

ਉਨ੍ਹਾਂ ਨੇ ਕਿਹਾ ਕਿ ਭਾਰਤ ਦੇ ਲੋਕਤੰਤਰ ਵਿੱਚ ਹਰ ਗਰੀਬ ਤੋਂ ਗਰੀਬ ਵਿਅਕਤੀ ਨੂੰ ਅਪਣੇ ਵੋਟ ਦਾ ਅਧਿਕਾਰ ਦਿੱਤਾ। ਵੋਟ ਦੇ ਅਧਿਕਾਰ ਨਾਲ ਉਹ ਕਿਸੇ ਵੀ ਸਰਕਾਰ ਨੂੰ ਬਦਲ ਸਕਦਾ ਹੈ। ਇਹ ਲੋਕਤੰਤਰ ਦੀ ਹੀ ਤਾਕਤ ਹੈ ਕਿ ਜਨ ਪ੍ਰਤੀਨਿੱਧੀ ਨੂੰ ਵੋਟ ਮੰਗਣ ਲਈ ਲੋਕਾਂ ਦੇ ਵਿਚਕਾਰ ਜਾਣਾ ਪੈਂਦਾ ਹੈ। ਸਾਡੇ ਸੰਵਿਧਾਨ ਦੀ ਇਹ ਵਿਸੇਸ਼ਤਾ ਹੈ ਕਿ ਕੋਈ ਵੀ ਵਿਅਕਤੀ ਵੱਡੇ ਤੋਂ ਵੱਡੇ ਪਦ ਤੱਕ ਪਹੁੰਚ ਸਕਦਾ ਹੈ। ਇਸ ਮੌਕੇ ਵਿੱਤ ਮੰਤਰੀ ਨੇ ਬਾਬਾ ਸਾਹਿਬ ਦੇ ਬੁੱਤ ਉੱਤੇ ਫੁੱਲ ਅਰਪਿਤ ਕੀਤੇ ਤੇ ਅਪਣੀ ਸਵੈਇੱਛਕ ਫੰਡ ਵਿੱਚੋਂ 2 ਲੱਖ 51 ਹਜਾਰ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ।

# 'ਆਪ' ਵੱਲੋਂ ਅੰਬੇਡਕਰ ਨੂੰ ਸ਼ਰਧਾਂਜਲੀ

**ਨਵੀਂ ਦਿੱਲੀ–** ਆਮ ਆਦਮੀ ਪਾਰਟੀ ਵੱਲੋਂ ਦਿੱਲੀ ਵਿੱਚ ਅੱਜ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੀ 60ਵੀਂ ਸ਼ਹੀਦੀ ਸ਼ਤਾਬਦੀ ਮੌਕੇ ਸ਼ਰਧਾਂਜਲੀ ਦਿੱਤੀ ਗਈ। ਪਾਰਟੀ ਨੇ ਟਵੀਟ ਕੀਤਾ ਹੈ ਕਿ ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਨੇ ਭਾਰਤ ਦੇ ਸੰਵਿਧਾਨ ਦੇ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਦਾ ਜਨਮ 14 ਅਪਰੈਲ 1891 ਨੂੰ ਹੋਇਆ ਸੀ ਤੇ ਉਨ੍ਹਾਂ ਦੀ ਮੌਤ 6 ਦਸੰਬਰ 1956 ਨੂੰ ਹੋਈ ਸੀ। ਇਸ ਸਬੰਧੀ ਅੱਜ ਇਥੇ ਸਮਾਰੋਹ ਹੋਇਆ ਜਿਸ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਡਾ ਭੀਮ ਰਾਓ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਦਿੱਲੀ ਵਿੱਚ ਇਸ ਸਬੰਧੀ ਹੋਰ ਵੀ ਕਈ ਸਮਾਗਮ ਹੋਏ। ਡਾ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਵਿੱਚ ਹੋਰ ਉਘੀਆਂ ਸ਼ਖਸੀਅਤਾਂ ਵੀ ਸਨ। ਡਾ ਅੰਬੇਡਕਰ ਨੂੰ ਸ਼ਰਧਾ ਦੇ ਫੁੱਲ ਬਸਪਾ ਤੇ ਹੋਰ ਪਾਰਟੀਆਂ ਨੇ ਵੀ ਭੇਟ ਕੀਤੇ।

## ਵਿੱਦਿਆ ਵੀਚਾਰੀ ਤਾਂ ਪਰਉਪਕਾਰੀ

# ਧੁੱਪਸੜੀ ਸਕੂਲ ਵਿਖੇ ਵਿਦਿਆਰਥੀਆਂ ਦੇ ਅੰਗਰੇਜੀ ਵਿਸ਼ੇ ਦੇ ਲੇਖ ਰਚਨਾ ਮੁਕਾਬਲੇ ਕਰਵਾਏ



**ਬਟਾਲਾ (ਬਰਨਾਲ)–** ਵਿਦਿਆਰਥੀਆਂ ਵਿਚ ਅੰਗਰੇਜ਼ੀ ਭਾਸ਼ਾ ਪ੍ਰਤੀ ਉਤਸ਼ਾਹ ਪੈਦਾਕਰਨ ਅਤੇ ਇਸ ਭਾਸ਼ਾ ਨੂੰ ਰੋਚਕ ਬਣਾਉਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧੁੱਪਸੜੀ ਵਿਖੇ ਸ਼੍ਰੀ ਮਤੀ ਸਤਿੰਦਰ ਕੌਰ ਅੰਗਰੇਜੀ ਲੈਕ: ਦੇ ਪ੍ਰਬੰਧਾਂ ਹੇਠ ਵਿਦਿਆਰਥੀਆਂ ਦੇ ਲੇਖ ਰਚਨਾ ਮੁਕਾਬਲੇ ਕਰਵਾਏਗਏ। ਇਸ ਮੁਕਾਬਲੇ ਵਿਚ ਗਿਆਰਵੀਂ 'ਤੇ ਬਾਰਵੀ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਇਸ ਵਿਚ ਨਵਪ੍ਰੀਤ ਕੌਰ ਨੇ ਪਹਿਲਾ, ਗੁਰਲੀਨ ਕੋਰ ਨੇ ਦੂਸਰਾ ਅਤੇ ਰਣਜੀਤ 'ਤੇ ਅਮਨ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਖਵੰਤ ਕੌਰ ਨੇ ਜੇਤੂਆਂ ਨੂੰ ਇਨਾਮ ਦਿੱਤੇ ਅਤੇ ਮੁਕਾਬਲਿਆਂ ਵਿਚ ਵੱਧ ਚੜ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।

# ਸਰਕਾਰੀ ਕੰਨਿਆ ਸਕੂਲ ਬਟਾਲਾ ਦੀ ਬੈਂਡ ਟੀਮ ਦੀ ਵੱਖਰੀ ਪਹਿਚਾਣ

## ਸਰਕਾਰੀ ਤੇ ਗੈਰ ਸਰਕਾਰੀ ਸਮਾਗਮਾਂ ਹਿੱਸਾ ਲੈਣ ਕਾਰਨ ਸਕੂਲ ਦਾ ਨਾਮ ਚਮਕਿਆ

**ਬਟਾਲਾ (ਬਰਨਾਲ)–** ਦੀ ਸਿੱਖਿਆ ਵਿਭਾਗ ਵਿਦਿਆਰਥੀਆਂ ਨੂੰ ਸਿਖਿਆ ਪ੍ਰਦਾਨ ਕਰਨ ਦੇ ਨਾਲ ਉਹਨਾ ਦੀ ਬਹੁ ਪੱਖੀ ਸਖਸ਼ੀਅਤਾ ਨੂੰ ਨਿਖਾਰਨ ਵਾਸਤੇ ਵੀ ਉਪਰਾਲੇ ਕਰਦਾ ਹੈ, ਅਜਿਹਾ ਹੀ ਸਰਕਾਰੀ ਕੰਨਿਆ ਸੀਨੀਅਰ ਸੰਕੈਡਰੀ ਸਕੂਲ ਬਟਾਲਾ ਵਿਖੇ ਕੀਤਾ ਜਾ ਰਿਹਾ।

ਕੰਨਿਆ ਸਕੂਲ ਬਟਾਲਾ ਵਿਖੇ ਲੜਕੀਆਂ ਤੇ ਉਹਨਾਂ ਦੇ ਇੰਚਾਰਜ ਅਧਿਆਪਕ ਅਸੋਕ ਕੁਮਾਰ ਡੀ ਪੀ ਈ ਤੇ ਨਿਸ਼ਾ ਗੁਪਤਾ ਡੀ ਪੀ ਵੱਲੋ ਤਿਆਰ ਕੀਤਾ ਸਕੂਲ ਦਾ ਬੈਂਡ ਹਰ ਖੁਸੀ ਦੇ ਮੌਕੇ ਵਧੀਆ ਵਰਦੀ ਤੇ ਅਨੂਸਾਸ਼ਨ ਵਿਚ ਵੇਖਿਆ ਜਾ ਸਕਦਾ।

ਅਜਾਦੀ ਦਿਵਸ਼ ਤੇ ਛੱਬੀ ਜਨਵਰੀ ਦੇ ਸਮਾਗਮਾਂ ਵਿੱਚ ਵੀ ਇਸ ਬੈਂਡ ਦੀ ਸਫਤਲਾ ਰਹੀ। ਸਕੂਲ ਦਾ ਕੋਈ ਸਮਾਗਮ ਹੋਵੇ ਇਸ ਬੈਂਡ ਪਾਰਟੀ ਦੀ ਟੌਹਰ ਆਪਣੀ ਹੀ ਹੁੰਦੀ ਹੈ।


ਬੀਤੇ ਦਿਨ ਸਕੂਲ ਵਿਖੇ ਸੇਵਾ ਮੁਕਤੀ ਕਰਵਾਏ ਸਮਾਗਮ ਵਿੱਚ ਗਾਈਡ ਅਧਿਆਪਕਾਂ ਦੁਆਰਾ ਪ੍ਰੇਡ ਆ ਆਯੋਜਨ ਕੀਤਾ ਗਿਆ। ਜਿਲੇ ਭਰ ਤੋਂ ਪਹੁੰਚੇ ਪ੍ਰਿੰਸੀਪਲ ਤੇ ਅਧਿਆਪਕਾਂ ਨੇ ਇਸ ਟੀਮ ਦੀ ਤਾਰੀਫ ਕੀਤੀ। ਇਸ ਟੀਮ ਨੂੰ ਆਪਸੀ ਪਿਆਰ ਸਦਭਾਵਨਾ ਤੇ ਅਨੂਸਾਸਨ ਦਾ ਸੁਮੇਲ ਕਿਹਾ ਜਾ ਸਕਦਾ ਹੈ ਤੇ ਇਸੇ ਕਰਕੇ ਹੀ ਸਕੂਲ ਪ੍ਰਿੰਸੀਪਲ ਸ੍ਰੀ ਭਾਰਤ ਭੂਸ਼ਨ, ਅਸੋਕ ਕੁਮਾਰ ਡੀ ਪੀ ਤੇ ਨਿਸ਼ਾ ਗੁਪਤਾ ਦੀ ਇਹੀ ਕੋਸ਼ਿਸ ਹੈ ਕਿ ਇਸ ਟੀਮ ਵਿੱਚ ਹੋਰ ਪਿਆਰ ਤੇ ਸਦਭਾਵਨਾ ਆਵੇ ਤਾਂ ਜੋ ਇਸ ਦੀ ਹੋਰ ਵੀ ਸਖਸੀਅਤ ਨਿਖਰ ਸਕੇ।



## ਵਰ੍ਹੇਗੰਢ ਮੁਬਾਰਕ



ਸ੍ਰੀ ਬਲਵਿੰਦਰ ਪਾਲ ਪ੍ਰਿੰਸੀਪਲ ਤੇ ਅੰਜੂ ਵਾਸੀ ਫੈਜਪੁਰਾ (ਬਟਾਲਾ) ਨੇ ਵਿਆਹ ਦੀ 13 ਵੀ ਵਰੇਗੰਢ ਮਨਾਈ।




ਤਰਸੇਮ ਸਿੰਘ ਤੇ ਪਰਮਜੀਤ ਕੌਰ ਵਾਸੀ ਉਮਰਪੁਰਾ ਬਟਾਲਾ ਨੂੰ ਵਰੇ ਗੰਢ ਦੀ ਬਹੁਤ ਬਹੁਤ ਮੁਬਾਰਕਾਂ

# ਸੀ ਸੀ ਟੀ ਵੀ ਕੈਮਰਿਆਂ ਨੂੰ ਲੈਸ ਮਾਡਲ ਸਕੂਲ ਦੀਨਾਨਗਰ







**ਗੁਰਦਾਸਪੁਰ–** (ਬਰਨਾਲ)–ਸਿਖਿਆ ਵਿਭਾਂਗ ਵਿਚ ਗੁਣ–ਿਮਤ ਸਿੱਖਿਆ ਦੇਣ ਵਾਸਤੇ ਕਈ ਕੋਸਿਸਾ ਕੀਤੀਆਂ ਰਹੀਆਂ ਹਨ, ਵੱਖ ਵੱਖ ਪ੍ਰੋਜੈਕਟਾਂ ਰਹੀ ਕੀਤੇ ਜਾ ਰਹੇ ਸਕਾਰਾਤਮਕ ਕੰਮਾਂ ਪ੍ਰਤੀ ਸਿਖਿਆ ਵਿਭਾਗ ਵੱਲੋ ਪੰਜਾਬ ਭਰ ਵਿੱਚ ਨਿਰੀਖਣ ਟੀਮਾਂ ਦਾ ਗਠਨ ਕੀਤਾ ਗਿਆ ਹੈ, ਡਾਇਰੈਕਟਰ ਜਨਰਲ ਪੰਜਾਬ ਤੇ ਜਿਲਾ ਸਿਖਿਆ ਅਫਸਰ ਸ੍ਰੀ ਅਮਰਦੀਪ ਸਿੰਘ ਸੈਣੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਡਾਇਰੈਕਟਰ ਜਨਰਲ ਦੀ ਟੀਮ ਵੱਲੋ ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ ਦੀਨਾ ਨਗਰ ਦਾ ਸਲਾਨਾ ਨਿਰੀਖਣ ਕੀਤਾ ਗਿਆ। ਟੀਮ ਇੰਚਾਰਜ਼ ਸ੍ਰੀ ਅਮਰਜੀਤ ਸਿੰਘ ਭਾਟੀਆਂ ਸਾਬਕਾ ਡੀ ਈ (ਜਿਲਾ ਪ੍ਰੀਸ਼ਦ) ਨੇ ਵਿਦਿਆਰਥੀਆ ਨੂੰ ਸਕੂਲ ਦੇ ਸਵੇਰ ਦੀ ਸਭਾ ਦੌਰਾਨ ਮਨ ਕੀ ਬਾਤ ਪ੍ਰੋਜੈਕਟਰ ਸੁਰੂ ਕਰਦਿਆ ਕਿਹਾ , ਜਿੰਦਗੀ ਵਿੱਚ ਮਿਹਨਤ ਕਰਕੇ ਸਫਲ ਹੋਣਾ , ਸਾਡੇ ਜੀਵਨ ਦਾ ਮਨੋਰਥ ਹੋਣਾ ਚਾਹੀਦਾ, ਭਾਵੇ ਸਕੂਲ ਦੇ ਵਿਦਿਅਰਥੀਆਂ ਨੇ ਬਲਾਕ ਪੱਧਰੀ, ਜਿਲਾ ਪੱਧਰੀ, ਤੇ ਨੈਸ਼ਨਲ ਪੱਧਰ ਤੇ ਬਹੁਤ ਮੱਲਾਂ ਮਾਰੀਆਂ ਹਨ,ਪਰ ਸਾਰੇ ਵਿਦਿਅਰਥੀਆਂ ਫਰਜ਼ ਬਣਦਾ ਹੈ ਕਿ ਸਕੂਲ ਦੇ ਅਗਾਂਹਵਧੂ ਵਿਦਿਆਰਥੀਆਂ ਤੋ ਸੇਧ ਲੈਂਦਿਆ ਸਾਰਿਆਂ ਨੂੰ ਮਿਹਨਤ ਕਰਨੀ ਚਾਹੀਦੀ ਹੈ, ਤਾਂ ਹੀ ਸਕੂਲ ਅਧਿਆਪਕਾਂ ਤੇ ਮਾਤਾ ਪਿਤਾ ਦਾ ਸਮਾਜ ਵਿੱਚ ਅਹਿਮ ਸਥਾਨ ਬਣੇਗਾ। ਇਸ ਮੌਕੇ ਸਵੇਰ ਦੀ ਸਭਾ ਦੌਰਾਨ ਸਕੂਲ ਦੀ ਸਾਫ ਸਫਾਈ ਦੇ ਮੁਕਾਬਲਿਆਂ ਦੀ ਨਤੀਜਾ ਐਲਾਇਆ ਗਿਆ। ਛੇਵੀਂ ਜਮਾਤ ਇਸ ਸਫਾਈ ਅਭਿਆਨ ਸਿੰਘ ਪਹਿਲੇ ਸਥਾਨ ਤੇ ਰਹੀ। ਪ੍ਰਿੰਸੀਪਲ ਜਸਕਰਨਜੀਤ ਸਿੰਘ ਤੇ ਸਮੁਚੀ ਟੀਮ ਵੱਲੋ ਵਿਦਿਆਰਥੀਆਂ ਨੂੰ ਇਨਾਮਾ ਦੀ ਵੰਡ ਕੀਤੀ ਗਈ। ਖੇਡਾ ਵਿੱਚ ਮੋਹਰੀ ਤੇ ਖਾਸ ਕਰਕੇ ਸਕੂਲ ਦੀ ਗਿੱਧਾ ਟੀਮ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਉਪਰੰਤ ਸਕੂਲ ਦਾ ਸਲਾਨਾ ਨਿਰੀਖਣ ਕੀਤਾ ਗਿਆ। ਜਿਸ ਦੌਰਾਨ ਅਧਿਆਪਕ ਡਾਇਰੀਆਂ, ਸੀ ਸੀ ਈ ਰਜਿਸਟਰ, ਸਾਂਇੰਸ ਲੈਬਜ, ਰਮਸਾ, ਮਿਡ ਡੇ ਮੀਲ ਤੇ ਐਸ ਐਸ ਏ ਅਭਿਆਨ ਤਹਿਤ ਪ੍ਰਾਪਤ ਗਰਾਟਾ ਚੈਕ ਕੀਤੀਆਂ ਗਈਆਂ। ਮਿਡ ਡੇ ਮੀਲ ਇਚਾਰਜ ਵੱਲੋ ਸੁਚੱਜੇ ਤੇ ਵਧੀਆਂ ਕੰਮ ਦੀ ਸਲਾਘਾ ਕੀਤੀ ਗਈ। ਸਾਂਇੰਸ ਲੇਬ , ਵੋਕੇਸ਼ਨ ਰੂਪ ਦੇ ਰੱਖ ਰਖਾਵ ਤੇ ਤਸੱਲੀ ਦਾ ਪ੍ਰਗਟਾਅ ਕੀਤਾ ਗਿਆ। ਕੁਝ ਕੁ ਕਮੀਆਂ ਸਕੂਲ ਮੁੱਖੀ ਨੂੰ ਨੋਟ ਕਰਵਾ ਦਿਤੀਆਂ ਗਈ। ਜਿਕਰਯੋਗ ਹੈ ਸਰਕਾਰੀ ਮਾਡਲ ਸੀ ਸੈ ਸਕੂਲ ਦੀਨਾਨਗਰ, ਸੀ ਸੀ ਟੀਵੀ ਕੈਮਰਿਆਂ ਨਾਲ ਲੈਸ ਸਕੂਲ ਤੇ ਸਕੂਲ ਨੂੰ ਦਫਤਰ ਵਿੱਚ ਬੈਠ ਕੇ ਹੀ ਵਾਚਿਆ ਜਾ ਸਕਦਾ ਹੈ। ਗਿਆਰਵੀਂ ਤੇ ਬਾਰਵੀ ਦੀ ਗਿਣਤੀ 1350 ਦੇ ਕਰੀਬ ਹੋਣ ਕਾਰਨ ਵੀ ਇਹ ਸਕੂਲ ਗਿਣਤੀ ਪੱਖੋ ਵਧੀਆਂ ਸੰਸਥਾ ਬਣ ਚੁੱਕੀ ਹੈ। ਭਾਵੇ ਇਸ ਸਕੂਲ ਵਿੱਚ ਕਾਫੀ ਜਿਆਦਾ ਅਸਾਮੀਆਂ ਖਾਲੀ ਹਨ, ਪਰ ਸਟਾਫ ਦੇ ਪ੍ਰਭਾਵਸ਼ਾਲੀ ਸਹਿਯੋਗ ਨਾਲ ਵਧੀਆਂ ਨਜੀਤੇ ਆ ਰਹੇ ਹਨ, ਸਕੂਲ ਦੇ ਟੀਮ ਵਰਕ ਦੀ ਨਿਰੀਖਣ ਟੀਮ ਵੱਲੋ ਸਲਾਘਾ ਕੀਤੀ ਗਈ।

ਸਕੂਲ ਪ੍ਰਿੰਸੀਪਲ ਜਸਕਰਨਜੀਤ ਸਿੰਘ ਤੋ ਇਲਾਵਾ ਸੀ ਅਮਰਜੀਤ ਸਿੰਘ ਭਾਟੀਅ, ਰਜਿੰਦਰ ਸਿੰਘ, ਨਰਿਦਰ ਸਿੰਘ ਤੇ ਸਸ਼ੀ ਭੂਸ਼ਨ ਇਸ ਮੌਕੇ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਖੁਸਪ੍ਰੀਤ ਕੌਰ ਗਿੱਲ
ਪਿਤਾ ਦਾ ਨਾ– ਗੁਰਜੰਟ ਸਿੰਘ
ਮਾਤਾ– ਜਸਬੀਰ ਕੌਰ
ਵਾਸੀ–ਸੁੰਦਰ ਨਗਰ, ਬਟਾਲਾ

ਐ ਬੋਝ ਨਾਲ ਥੱਕੇ ਮਾਰੇ ਲੋਕੋ ਮੇਰੇ ਕੋਲ ਆਓ ਮੈਂ ਤੁਹਾਨੂੰ ਆਰਾਮ ਦੇਵਾਂਗਾ। (ਮਤੀ 11/28)

ਸਾਡੀ ਚਰਚ ਸਰਵਿਸ ਹਰ ਐਤਵਾਰ ਨੂੰ ਹੁੰਦੀ ਹੈ।

ਸਵੇਰੇ 10.30 ਤੋਂ 11.00 ਵਜੇ ਤੱਕ ਬਾਈਬਲ ਸਟੱਡੀ, 11.00 ਤੋਂ 12.30 ਵਜੇ ਤੱਕ ਪ੍ਰਮੇਸ਼ਵਰ ਦਾ ਗੁਣਗਾਨ ਅਤੇ ਵਚਨ, ਪ੍ਰਾਰਥਨਾ

ਉਸ ਸੱਚੇ ਪ੍ਰਮੇਸ਼ਵਰ ਦੀ ਕਿਰਪਾ ਨਾਲ ਕੈਲੇਫੋਰਨੀਆ ਦੇ ਸ਼ਹਿਰ ਰਿਪਨ ਵਿਚ ਪੰਜਾਬੀ ਚਰਚ ਖੁੱਲ੍ਹ ਚੁੱਕਾ ਹੈ, ਅਸੀਂ ਉਸ ਪਰਮ ਪਿਤਾ ਦਾ ਧੰਨਵਾਦ ਕਰਦੇ ਹਾਂ, ਜਿਸ ਨੇ ਇਹ ਕਿਰਪਾ ਕੀਤੀ ਹੈ। ਅਸੀਂ ਆਪ ਸਭ ਨੂੰ ਬੇਨਤੀ ਕਰਦੇ ਹਾਂ ਕਿ ਆਪ ਸਭ ਇਸ ਚਰਚ ਵਿਚ ਆਵੋ ਅਤੇ ਜ਼ਿੰਦਗੀ ਦੇ ਸੁੱਖ ਪਾਵੋ।

ਜਿਹਨਾਂ ਲੋਕਾਂ ਨੂੰ ਕੋਈ ਬਿਮਾਰੀ ਜਾਂ ਭੈੜੀਆਂ ਆਤਮਾਵਾਂ ਦੀ ਸਮੱਸਿਆ ਹੈ, ਉਹਨਾਂ ਲਈ ਖਾਸ ਪ੍ਰਾਰਥਨਾ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ ਫੋਨ ਕਰੋ

ਅਜੇ ਪੋਲ 510-359-9498
ਸੰਦੀਪ ਪੀਟਰ 916-990-7152
ਚੰਦਨ ਸਿੰਘ 209-242-3642

Pastor A. M Gill 408-390-0996

ਰੂਹਾਨੀ ਫੈਲੋਸ਼ਿੱਪ ਚਰਚ ਰਿਪਨ ਕੈਲੇਫੋਰਨੀਆ 517 ORANGE AVE., RIPON CA

# ਮਹਿਫਲ ਸੱਚੇ ਵਿਚਾਰਾਂ ਦੀ


ਪਰਮਜੀਤ ਸਿੰਘ ਸੇਖੋਂ (ਦਾਖਾ)

ਪ੍ਰਧਾਨ, ਦਲ ਖਾਲਸਾ ਅਲਾਇੰਸ

ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)




805- ਦਲਾਲ ਬੜੀ ਕਰਾਮਾਤੀ ਚੀਜ਼ ਹੁੰਦੈ ! ਉਹ ਆਪਣੀ ਕਲਾ ਵਿਖਾਉਣ ਤੋਂ ਬਿਨਾਂ ਰਹਿ ਨਹੀਂ ਸਕਦਾ।

806- ਘਰ ਵਾਲਿਆਂ ਤੋਂ ਬਗੈਰ, ਘਰ ਆਪਣੀ ਹੋਂਦ ਨੂੰ ਕਿਵੇਂ ਚਿੱਤਵ ਸਕਦਾ ਹੈ।

807- ਪੰਜਾਬ ਦੀ ਧਰਤੀ ਤੇ ਵੀਰਾਨਗੀ ਤੇ ਬੇਗਾਨਗੀ 'ਚ ਡੁੱਬੇ ਘਰ ਦਸਤਕ ਦੇਣ ਵਾਲੇ ਦੇ ਗਲ ਲਗ ਰੋਣ ਲੱਗ ਪਏ ਹਨ।

808- ਇੱਕਲੀਆਂ ਕੱਧਾਂ ਘਰ ਨੂੰ ਤਾਮੀਰ ਨਹੀਂ ਕਰਦੀਆਂ। ਬੂਹੇ ਬਾਰੀਆਂ ਰੋਸ਼ਨਦਾਨ ਆਦਿ ਰਲ ਕੇ ਕਮਰੇ ਨੂੰ ਘਰ ਦਾ ਰੁਤਬਾ ਦਿੰਦੇ ਹਨ।

809- ਘਰ ਬਣਾਉਣ ਹੋਵੇ ਤਾਂ ਪਹਿਲਾਂ ਬਿਜੜੇ ਨੂੰ ਅਤੇ ਉਸ ਦੇ ਆਲ੍ਹਣੇ ਨੂੰ ਗੁਹ ਨਾਲ ਤਕਿਉ।

810- ਭੁੱਲ ਕੇ ਵੀ ਕਦੇ ਕਾਂ ਦੀ ਰੀਸ ਨਾ ਕਰਿਉ ਜਿਹੜਾ ਆਪਣਾ ਆਲ੍ਹਣਾ ਬਣਾਉਣ ਲਈ ਹੋਰਨਾਂ ਦੇ ਆਲ੍ਹਣੇ ਢਾਹੁੰਦਾ ਹੈ।

811- ਕੋਇਲ ਦੀ ਰੀਸ ਨਾ ਕਰਿਉ ਜੋ ਆਪਣੇ ਆਂਡੇ ਕਾਂ ਦੇ ਆਲ੍ਹਣੇ 'ਚ ਰੱਖ ਕੇ ਬੱਚੇ ਪੈਦਾ ਕਰਦੀ ਹੈ।

812- ਘਰ ਦੋ ਅੱਖਰਾਂ ਦਾ ਜੋੜ ਨਹੀਂ, ਇਹ ਦੋ ਜਿਸਮ ਤੇ ਇੱਕ ਜਾਨ ਦਾ ਸੰਕਲਪ ਹੈ।

813- ਘਰ ਸਮਾਜ ਦੀ ਉਹ ਇਕਾਈ ਹੈ ਜਿਸ ਦੇ ਬਗੈਰ ਸਮਾਜ ਦੀ ਹੋਂਦ ਨਾ ਬਰਾਬਰ ਹੈ।

814- ਹਰ ਕੋਈ ਆਪਣੇ ਸੁਪਨਿਆਂ ਦਾ ਘਰ ਬਣਾਉਣਾ ਚਾਹੁੰਦਾ ਹੈ ਪਰ ਸੁਪਨੇ ਘੱਟ ਹੀ ਪੂਰੇ ਹੁੰਦੇ ਹਨ।

815- ਕੋਈ ਮਹਿਲਾਂ ਵਰਗੇ ਘਰਾਂ 'ਚ ਵੀ ਖੁੱਸ਼ ਨਹੀਂ ਤੇ ਕੋਈ ਕੁੱਲੀ 'ਚੋਂ ਹੀ ਸਕੂਨ ਦਾ ਮੁੱਢ ਸਿਰਜਦਾ ਹੈ।

816- ਕਈ ਆਪਣੇ ਪਰਿਵਾਰਾਂ ਦੀ ਮੋਹ ਮੁੱਹਬਤ 'ਚੋਂ ਹੀ ਘਰ ਦੇ ਸੁੱਚੇ ਅਰਥਾਂ ਦੀ ਜਗਿਆਸਾ ਸੰਪੂਰਨ ਕਰਦੇ ਨੇ।

817- ਕਦੇ ਤੁਸੀਂ ਪੰਛੀ ਦੇ ਆਲ੍ਹਣੇ ਦੇ ਨੇੜੇ ਜਾ ਕੇ ਆਲ੍ਹਣੇ ਨੂੰ ਛੇੜ ਕੇ ਦਿਖਿਓ, ਰੋਂਦੇ ਕੁਰਲਾਂਦੇ ਪੰਛੀ ਦੀ ਹੂਕ ਹੂੰਕ ਅੰਬਰਾਂ ਨੂੰ ਚੀਰਦੀ ਹੈ ਅਤੇ ਕਈ ਵਾਰ ਉਹ ਹਮਲਾਵਰ ਨੂੰ ਚੁੰਝਾਂ ਨਾਲ ਜ਼ਖਮੀ ਵੀ ਕਰ ਦਿੰਦੇ ਹਨ।

818- ਜਦੋਂ ਆਪਾਂ ਘਰ ਦੇ ਰੂ-ਬ-ਰੂ ਹੁੰਦੇ ਹਾਂ ਤਾਂ ਘਰ ਦੀ ਹਰ ਚੀਜ਼ ਨਾਲ ਜੁੜੇ ਅਹਿਸਾਸ ਆਪਣੇ 'ਤੇ ਭਾਰੂ ਹੁੰਦੇ ਹਨ।

819- ਇੱਕ ਲੰਮਾ ਪੈਂਡਾ ਹੈ ਘਰ ਦੀ ਮੰਜ਼ਿਲ 'ਤੇ ਪਹੁੰਚਣ ਦਾ।

820- ਘਰ ਸਭ ਨੂੰ ਪਿਆਰੇ ਹੁੰਦੇ ਨੇ। ਤਾਹੀਉਂ ਤਾਂ ਪੰਛੀ ਦਿਨ ਢਲਦਿਆਂ ਹੀ ਘਰਾਂ ਨੂੰ ਪਰਤਦੇ ਨੇ।

821- ਸਾਰੀ ਉਮਰ ਲੱਗੇ ਰਹੋ ਘਰ ਕਦੀ ਸੰਪੂਰਨ ਨਹੀਂ ਹੁੰਦਾ।

822- ਖਖਰੀਆਂ ਹੋ ਕੇ ਬੈਠਾ ਪਰਿਵਾਰ ਮਨਾਂ 'ਚ ਤਿੜਕੇ ਸੁਪਨਿਆਂ ਦਾ ਸੰਸਾਰ, ਘਰ ਕਹਾਉਣ ਦਾ ਹੱਕ ਗੁਆ ਬੈਠਦਾ ਹੈ।

823- ਘਰ ਘਰਦਿਆਂ ਦੇ ਸਾਹੀਂ ਜਿਊਂਦਾ ਹੈ, ਉਨ੍ਹਾਂ ਦੇ ਹਾਸਿਆਂ 'ਚ ਸ਼ਾਮਲ ਹੁੰਦਾ ਹੈ, ਉਨ੍ਹਾਂ ਨਾਲ ਰੱਲ ਕੇ ਕਿੱਕਲੀ ਪਾਉਂਦਾ ਹੈ।

824- ਘਰ ਉਹ ਮੁਕੱਦਸ ਜਗ੍ਹਾ ਹੈ ਜਿਥੇ ਆਪਣੀਆਂ ਰੀਝਾਂ ਪ੍ਰਵਾਨ ਚੜ੍ਹਦੀਆਂ ਹਨ।

825- ਘਰ ਜਦੋਂ ਸਹੀ ਅਰਥਾਂ 'ਚ ਆਪਣੀ ਜ਼ਿੰਦਗੀ ਦਾ ਹਿੱਸਾ ਬਣਦਾ ਹੈ ਤਾਂ ਉਹ ਆਪਣੀ ਝੋਲੀ'ਚ ਹਰ ਤਰ੍ਹਾਂ ਦੀਆਂ ਨਿਆਮਤਾਂ ਪਾਉਂਦਾ ਹੈ।

826- ਭਰੂਣ ਹੱਤਿਆ ਇੱਕ ਕਤਲ ਹੈ।

827- ਭਰੂਣ ਹੱਤਿਆ ਦੇ ਕਤਲ ਵਿੱਚ ਅਨੇਕਾਂ ਦੀ ਸ਼ਮੂਲੀਅਤ ਹੁੰਦੀ ਹੈ।

828- ਭਰੂਣ ਹੱਤਿਆ ਦੇ ਕਾਤਲਾਂ ਨੂੰ ਇੱਕ ਆਮ ਕਤਲ ਜਿੰਨ੍ਹੀ ਸਜਾ ਜ਼ਰੂਰ ਮਿਲਣੀ ਚਾਹੀਦੀ ਹੈ।

829- ਪੰਜਾਬ ਦੇ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਚੱਲ ਰਹੇ ਵਿਵਾਦ ਨੂੰ ਸਿਰਫ ਕਾਗਜ਼ੀ ਜਾਂ ਸ਼ਬਦੀ ਜੰਗ ਹੀ ਨਹੀਂ ਸਮਝਣਾ ਚਾਹੀਦਾ ਕਿਉਂਕਿ ਆਉਣ ਵਾਲੇ ਸਮੇਂ 'ਚ ਇਹ ਸਮੱਸਿਆ ਭਿਆਨਕ ਕਸ਼ਮਕਸ ਦਾ ਰੂਪ ਅਖਤਿਆਰ ਕਰ ਸਕਦੀ ਹੈ।

830- ਕੁਦਰਤੀ ਸਾਧਨ ਖੇਤਰ ਦੇ ਵਿਕਾਸ ਦਾ ਧੁਰਾ ਹੁੰਦੇ ਹਨ।

831- ਨੱਕੋ ਨੱਕ ਭਰੀਆਂ ਨਹਿਰਾਂ ਹਰਿਆਣਾ ਰਾਜਸਥਾਨ ਨੂੰ ਪੰਜਾਬ ਤੋਂ ਜਾ ਰਹੀਆਂ ਹਨ ਅਤੇ ਪੰਜਾਬ ਦਾ ਕਿਸਾਨ ਮੰਹਿਗਾ ਡੀਜ਼ਲ ਬਾਲ ਕੇ ਆਪਣੀਆਂ ਫਸਲਾਂ ਨੂੰ ਬਣਦਾ ਸਰਦਾ ਪਾਣੀ ਲਗਾ ਕੇ ਡੰਗ ਟਪਾ ਰਿਹਾ ਹੈ।

823- ਖੁਸ਼ੀ ਸਿਰਫ ਮਨੁੱਖੀ ਰਿਸ਼ਤਿਆਂ ਵਿੱਚ ਹੀ ਮਿਲਦੀ ਹੈ ਪਰ ਇਹ ਰਿਸ਼ਤੇ ਮਿਲਣ ਗਿਲਣ ਨਾਲ ਹੀ ਬਣਦੇ ਹਨ।

833- ਕਈਆਂ ਦਾ ਮੰਜ਼ਿਲ ਤੇ ਪਹੁੰਚਣਾ ਮੁਸ਼ਕਿਲ ਹੋਇਆ ਅਤੇ ਕਈ ਸੰਘਰਸ਼ ਕਰਦੇ ਕਰਦੇ ਪਹੁੰਚੇ ਵੀ।

834- ਪੰਜਾਬ ਦੇ ਵਾਸੀ ਪ੍ਰਾਹੁਣਾਚਾਰੀ ਕਰਨ ਦੇ ਭੁੱਖੇ ਰਹਿੰਦੇ ਹਨ।

835- ਅੱਜ ਕਲ ਮੋਬਾਇਲ ਫੋਨ ਨੇ ਤਬਾਹੀ ਮਚਾ ਦਿੱਤੀ ਹੈ, ਮਿਲਣ ਗਿਲਣ ਦੀ ਤਮੰਨਾ ਹੀ ਖਤਮ ਕਰ ਦਿੱਤੀ ਹੈ।

836- ਹਰੇਕ ਮਾਂ ਨੂੰ ਇੱਕ ਧੀ ਚਾਹੀਦੀ ਹੁੰਦੀ ਹੈ, ਉਹ ਗੱਲਾਂ ਕਰਨ ਵਾਸਤੇ ਜੋ ਸਿਰਫ ਧੀ ਨਾਲ ਹੀ ਕੀਤੀਆਂ ਜਾ ਸਕਦੀਆਂ ਹਨ।

837- ਪਰਿਵਾਰ ਫੈਲਦਾ ਹੈ ਤਾਂ ਘਰ ਸੁੰਘੜਦਾ ਹੈ

838- ਸਮੇਂ ਨੇ ਬੀਤਣਾ ਹੀ ਹੈ, ਸੁੱਤਿਆਂ ਵੀ ਜਾਗਦਿਆ ਵੀ, ਰੋਂਦਿਆਂ ਵੀ ਤੇ ਹੱਸਦਿਆ ਵੀ, ਇਸ ਲਈ ਸਮਾਂ ਹੋ ਸਕੇ ਬਿਤਾਓ।

839- ਬੱਚਿਆਂ ਦੇ ਘਰੋਂ ਬਾਹਰ ਚਲੇ ਜਾਣ ਤੇ ਘਰ ਖੁੱਲਾ ਨਹੀਂ ਹੁੰਦਾ ਸਗੋਂ ਖਾਲੀ ਹੋ ਜਾਂਦਾ ਹੈ।

840- ਜੇ ਮਨੁੱਖ ਦਾ ਸਭ ਕੁੱਝ ਗੁਆਚ ਜਾਵੇ ਫਿਰ ਵੀ ਭੱਵਿਖ ਅਤੇ ਹਿੰਮਤ ਦੋਵੇਂ ਬਚ ਜਾਦੇ ਹਨ।

841- ਗਰੀਬਾਂ ਵਾਸਤੇ ਥਾਣੇ ਅਤੇ ਕਚਿਹਰੀਆਂ ਦੇ ਗੇਟ ਤਾਂ ਖੁੱਲ੍ਹੇ ਹੁੰਦੇ ਹਨ ਪਰ ਇਨਸਾਫ ਦੇ ਦਰਵਾਜੇ ਬੰਦ ਹੁੰਦੇ ਹਨ।

842- ਚਾਦਰ ਨਾਲੋਂ ਵੱਧ ਪੈਰ ਫੈਲਾਉਣ ਵਾਲਿਆਂ ਨੂੰ ਹੱਥ ਵੀ ਫੈਲਾਉਣੇ ਪੈਂਦੇ ਹਨ।

843- ਸਾਂਭ ਦਸਤਾਰ ਸਿੱਖਾ, ਸਾਂਭ ਦਸਤਾਰ ਉਏ। ਤੇਰੇ ਹਿੱਸੇ ਫਾਂਸੀਆਂ ਤੇ ਹੋਰਾਂ ਹਿੱਸੇ ਤਾਜ ਉਏ।

844- ਜਿਹੜਾ ਅੰਦਰੋਂ ਅਮੀਰ ਹੁੰਦਾ ਹੈ, ਉਹੀ ਦੂਜਿਆਂ ਦੀ ਮੱਦਦ ਕਰ ਸਕਦਾ ਹੈ।

845- ਯਾਰ ਤੂੰ ਬਣਾਏ ਜਿਹੜੇ, ਉਨ੍ਹਾਂ ਨਹੀਉਂ ਤੇਰੇ ਬਣਨਾ। ਧਿਆਨ ਚੰਦ ਡੋਗਰੇ, ਹਮੇਸ਼ਾਂ ਗੈਰਾ ਪਾਸੇ ਖੜਨਾ।

846- ਪਾਟੇ ਨੂੰ ਸਿਉਂ ਕੇ, ਰੁੱਸੇ ਨੂੰ ਮਨਾ ਕੇ, ਭੁੱਖੇ ਨੂੰ ਰਜਾ ਕੇ, ਡਿਗੇ ਨੂੰ ਉਠਾ ਕੇ, ਜੋ ਆਨੰਦ ਪ੍ਰਾਪਤ ਹੁੰਦਾ ਹੈ ਉਹ ਹੋਰ ਕਿਤੋਂ ਨਹੀਂ ਮਿਲਦਾ।

847- ਮਾਰਿਆ ਏ ਜਦੋਂ ਤੈਨੂੰ ਤੇਰੀ ਫੁੱਟ ਮਾਰਿਆ, ਲੱਖਾਂ ਵਿੱਚ ਇੱਕਲਾ ਕਦੇ ਨਾ ਹਾਰਿਆ।

848- ਘਾਟਿਆਂ ਦੇ ਕੁੱਲ ਜੋੜ੍ਹ ਨੂੰ ਤਜ਼ਰਬਾ ਕਿਹਾ ਜਾਂਦਾ ਹੈ।

849- ਚਾਰ ਚੀਜਾਂ ਹਰ ਇੱਕ ਨੂੰ ਬਹੁਤ ਪਸੰਦ ਹੁੰਦੀਆਂ ਹਨ, ਆਪਣੀ ਸ਼ਕਲ, ਆਪਣੀ ਅਕਲ, ਆਪਣੀ ਜਾਨ ਅਤੇ ਪਿਤਾ ਦੀ ਜਾਇਦਾਦ।

850- ਜੇ ਤੁਸੀਂ ਬੱਚੇ ਵਾਂਗ ਸੌਂ ਸਕਦੇ ਹੋ ਤਾਂ ਤੁਸੀਂ ਬਾਦਸ਼ਾਹ ਹੋ।

851- ਸ਼ੁਰੂ ਤੋਂ ਹੀ ਗੰਗੂਆਂ ਨੇ ਪਾਇਆ ਪਾੜਾ ਏ, ਦੇਖ ਸਿੰਘਾਂ ਤਾਈਂ ਐਵੇਂ ਪਾਉਂਦੇ ਸਾੜਾ ਏ।

852- ਹਾਹਾਕਾਰ ਮਚਾਈ ਔਰੰਗੇ ਸੀ, ਹਿੰਦੂਆਂ ਦੇ ਜਨੇਊ ਲਾਹ ਲਾਹ ਟੰਗੇ ਸੀ।

853- ਜੇ ਠੱਲ ਨਾ ਪਾਉਂਦੇ ਔਰੰਗੇ ਨੂੰ ਉਸਨੇ ਮੁਸਲਮਾਨ ਬਣਾਉਣਾ ਸੀ।

854- ਜੇ ਨਾ ਹੁੰਦੇ ਗੁਰੂ ਗੋਬਿੰਦ ਸਿੰਘ ਤਾਂ ਹਿੰਦੂਸਤਾਨ ਨੇ ਗੁਲਾਮ ਰਹਿਣਾ ਸੀ।

855- ਯਾਰੀ ਲਾਉਣੀ ਸੌਖੀ, ਨਿਭਾਉਣੀ ਔਖੀ ਹੋਈ ਆ। ਤਰਦੇ ਨੂੰ ਡੋਬੇ ਦੁਨੀਆਂ, ਹੱਥ ਫੜਾਉਂਦਾ ਕੋਈ ਆ।

854- ਦੇਖੋ ਦੇਖੀ ਨਸ਼ੇੜੀ ਹੋ ਗਏ ਸੋਹਣੇ ਪੁੱਤ ਪੰਜਾਬ ਦੇ, ਕੰਮ ਕਾਜ ਤੋਂ ਉਹ ਹੁਣ ਭੱਜਣ ਆਪਣਾ ਅੰਦਰ ਗਾਲ ਦੇ।

855- ਚਿੱਟੇ ਨੀਲੇ ਭਗਵੇਂ ਪੀਲੇ ਇਕੋ ਵੇੜੀ ਦੇ ਵੱਟੇ, ਮੰਤਵ ਇਕੋ ਪੈਸਾ ਤੇ ਕੁਰਸੀ, ਝੂਠੇ ਲਾਰੇ ਲੱਪੇ।

856- ਲੋਕਾਂ ਨੂੰ ਦੋ ਡੰਗ ਨਾ ਜੁੜਦਾ, ਲੀਡਰ ਦੋਹੀਂ ਹੱਥੀਂ ਖਾਵਣ। ਕਾਲਾ ਧਨ ਮੋਰੀਆਂ ਵਿਚੀਂ ਆਸੇ ਪਾਸੇ ਪਏ ਲੁਕਾਵਣ।

857- ਮੱਝ ਛੱਪੜ ਚੋਂ ਜਨਾਨੀ ਪੇਕੇ ਚੋਂ ਸ਼ਰਾਬੀ ਠੇਕੇ ਚੋਂ ਵਿਹਲੇ ਫੇਸਬੁਕ ਚੋਂ ਕੱਢਣੇ ਬੜੇ ਹੀ ਔਖੇ ਨੇ।

858- ਗੁਰਦੁਆਰਿਆਂ ਦੇ ਪ੍ਰਧਾਨ ਹਉਮੈ ਨੇ ਗ੍ਰਸ ਲਏ ਨੇ, ਹੈਂਕੜ ਨੇ ਫਾਹ ਲਏ ਨੇ।

859- ਵਿਗੜੀ ਅਵਸਥਾ ਹਿੰਦੂਸਤਾਨੀ ਜੱਗ ਦੀ, ਬੁਝੀ ਜੋਤ ਮਨ ਸੁਜੱਗ ਦੀ।

860- ਤਿੱਖੀ ਤਲਵਾਰ ਨੇ ਸਾਨੂੰ ਜਨਮ ਦਿੱਤਾ, ਗੁੜ੍ਹਤੀ ਮਿਲੀ ਏ ਖੰਡੇ ਦੀ ਧਾਰ ਵਿਚੋਂ। ਸਿੱਖੀ ਸਿਦਕ ਤੇ ਸਿਰ ਦਸਤਾਰ ਸੋਹਣੀ, ਸਾਡਾ ਵੱਖਰਾ ਏ ਰੂਪ ਸੰਸਾਰ ਵਿਚੋਂ।

861- ਹਿੰਦੂਸਤਾਨੀ ਕਹਿੰਦਾ ਸਿੱਖ ਜੁਝਾਰੂ ਮੁੱਕ ਗਏ ਪਰ ਇੱਥੇ ਤਾਂ ਸਿੱਖੀ ਦਾ ਦੂਜਾ ਰੂਪ ਹੀ ਜੁਝਾਰੂ ਹੈ।

862- ਹਿੰਦੂਸਤਾਨੀ ਸਿਸਟਮ ਵਿੱਚ ਸਿੱਖਾਂ ਨੂੰ ਫਾਂਸੀਆਂ ਅਤੇ ਕਾਤਲਾਂ ਨੂੰ ਉੱਚ ਪਦਵੀਆਂ।

(ਚਲਦਾ)

# ਸ਼੍ਰੋਮਣੀ ਅਕਾਲੀ ਦਲ ਦੀ ਈਮਾਨਦਾਰੀ ਬਨਾਮ ਅਨੰਦਪੁਰ ਸਾਹਿਬ ਦਾ ਮਤਾ



ਜਸਵੰਤ ਸਿੰਘ 'ਅਜੀਤ'

ਬੀਤੇ ਕਾਫੀ ਸਮੇਂ ਤੋਂ ਸਮੇਂ-ਸਮੇਂ ਵਿਰੋਧੀਆਂ ਵਲੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਅਗੂਆਂ ਨੂੰ 'ਅਨੰਦਪੁਰ ਸਾਹਿਬ ਦੇ ਮਤੇ' ਦੀ ਯਾਦ ਕਰਵਾ, ਲਗਾਤਾਰ ਇਹ ਪੁੱਛਿਆ ਜਾਂਦਾ ਚਲਿਆ ਆ ਰਿਹਾ ਹੈ ਕਿ ਉਨ੍ਹਾਂ ਦੀ ਉਸ ਵਚਨਬੱਤਾ ਕੀ ਬਣਿਐ, ਜੋ ਉਨ੍ਹਾਂ ਅਨੰਦਪੁਰ ਸਾਹਿਬ ਦੀ ਪਵਿਤ੍ਰ ਧਰਤੀ ਪੁਰ ਬੈਠ, ਪੰਜਾਬ-ਵਾਸੀਆਂ ਨਾਲ ਕੀਤੀ ਸੀ। ਪਰ ਇਸ ਸੁਆਲ ਦਾ ਉਨ੍ਹਾਂ ਵਲੋਂ ਕੋਈ ਜਵਾਬ ਨਹੀਂ ਦਿੱਤਾ ਜਾ ਰਿਹਾ। ਹਾਲਾਂਕਿ ਕਈ ਵਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਰਤਮਾਨ ਕੌਮੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਇਹ ਕਹਿ ਚੁਕੇ ਹਨ ਕਿ ਉਨ੍ਹਾਂ ਨੂੰ ਤਾਂ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਕੋਈ ਪਤਾ ਨਹੀਂ, ਜਦਕਿ ਦਲ ਦੇ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਇੱਕ ਵਾਰ ਇਹ ਦਾਅਵਾ ਵੀ ਕਰ ਦਿੱਤਾ ਸੀ ਕਿ ਉਹ ਭਾਜਪਾ ਪਾਸੋਂ ਇਸ (ਅਨੰਦਪੁਰ ਸਾਹਿਬ ਦੇ) ਮਤੇ ਦਾ ਉਹ ਹਿੱਸਾ ਕੌਮੀ ਏਜੰਡੇ ਵਿੱਚ ਸ਼ਾਮਲ ਕਰਵਾਉਣਗੇ, ਜਿਸ ਵਿੱਚ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਪ੍ਰਾਪਤੀ ਪ੍ਰਤੀ ਵਚਨਬੱਧਤਾ ਪ੍ਰਗਟਾਈ ਗਈ ਹੈ। ਜਾਣਕਾਰ ਹਲਕਿਆਂ ਅਨੁਸਾਰ ਅੱਜੇ ਤਕ ਨਾ ਤਾਂ ਸ. ਸੁਖਬੀਰ ਸਿੰਘ ਬਾਦਲ ਨੇ ਇਸ ਮਤੇ ਦੀ ਹੋਂਦ ਬਾਰੇ ਜਾਣਕਾਰੀ ਹੋਣ ਦੀ ਗਲ ਸਵੀਕਾਰੀ ਹੈ ਅਤੇ ਨਾ ਹੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਹੀ ਇਹ ਦਸਿਐ ਕਿ ਉਨ੍ਹਾਂ ਭਾਜਪਾ ਪਾਸੋਂ ਕੌਮੀ ਏਜੰਡੇ ਵਿੱਚ 'ਅਨੰਦਪੁਰ ਸਾਹਿਬ ਦੇ ਮਤੇ' ਦਾ ਜੋ ਹਿਸਾ ਸ਼ਾਮਲ ਕਰਵਾਉਣ ਦਾ ਦਾਅਵਾ ਕੀਤਾ ਸੀ, ਉਸਦਾ ਕੀ ਬਣਿਐ ਜਾਂ ਉਸ ਸੰਬੰਧੀ ਗਲ ਕਿਥੋਂ ਤਕ ਅਪੜੀ ਹੈ।

ਪੰਜਾਬੀਆਂ ਦੀ ਅੱਜ ਦੀ ਪੀੜੀ ਨੂੰ ਤਾਂ ਸ਼ਾਇਦ ਇਹ ਪਤਾ ਵੀ ਨਹੀਂ, ਕਿ ਇਹ 'ਅਨੰਦਪੁਰ ਸਾਹਿਬ ਦਾ ਮਤਾ ਕੀ ਬਲਾ ਹੈ? ਇਸ ਲਈ ਉਹ ਜ਼ਰੂਰ ਇਹ ਜਾਣਨਾ ਚਾਹੁੰਦੀ ਹੋਵੇਗੀ ਕਿ ਆਖਿਰ ਇਹ 'ਅਨੰਦਪੁਰ ਸਾਹਿਬ ਦਾ ਮਤਾ' ਕੀ ਹੈ? ਜਿਸ ਬਾਰੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਤਾਂ ਗਲ ਕਰਦੇ ਹਨ, ਪਰ ਬਾਦਲ ਅਕਾਲੀ ਦਲ ਦੇ ਉਹ ਆਗੂ, ਚੁੱਪ ਧਾਰੀ ਬੈਠੇ ਹਨ, ਜਿਨ੍ਹਾਂ ਨੇ ਇਸ ਪ੍ਰਤੀ ਵਚਨਬੱਧਤਾ ਪ੍ਰਗਟਾਈ ਸੀ। ਅੱਜ ਦੀ ਪੀੜੀ ਦੀ ਇਸ ਉਤਸੁਕਤਾ ਨੂੰ ਮੁੱਖ ਰਖਦਿਆਂ ਪੇਸ਼ ਹੈ 'ਅਨੰਦਪੁਰ ਸਾਹਿਬ ਦੇ ਮਤੇ' ਦੇ ਕੁਝ ਜ਼ਰੂਰੀ ਹਿਸੇ, ਸਾਰਥਕ ਟਿੱਪਣੀ ਨਾਲ –

ਗੱਲ ਅੱਸੀਵੀਆਂ ਦੇ ਦਹਾਕੇ ਦੀ ਹੈ, ਜਦੋਂ ਸ਼੍ਰੋਮਣੀ ਅਕਾਲੀ ਦਲ ਵਲੋਂ ਅਕਾਲੀ ਦਲ ਦੇ ਸਿਧਾਂਤਾਂ, ਮਨੋਰਥਾਂ ਤੇ ਨਿਸ਼ਾਨਿਆਂ ਪੁਰ ਅਧਾਰਤ ਇੱਕ ਇਤਿਹਾਸਕ ਦਸਤਾਵੇਜ਼ 'ਅਨੰਦਪੁਰ ਸਾਹਿਬ ਦਾ ਮਤਾ' ਦੇ ਨਾਂ 'ਤੇ ਤਿਆਰ 'ਤੇ ਪਾਸ ਕੀਤਾ ਗਿਆ ਸੀ। ਜਿਸਦੇ ਸੰਬੰਧ ਵਿੱਚ ਮੰਨਿਆ ਜਾਂਦਾ ਹੈ ਕਿ ਇਹ ਇੱਕ ਅਜਿਹਾ ਦਸਤਾਵੇਜ਼ ਹੈ, ਜੋ ਨਾ ਤਾਂ ਤੁਰਤ-ਫੁਰਤ ਤਿਆਰ ਕਰ, ਜ਼ਬਾਨੀ-ਕਲਾਮੀ ਪਾਸ ਕੀਤਾ ਗਿਆ ਸੀ ਅਤੇ ਨਾ ਹੀ ਇਹ ਅਜਿਹੇ ਮਤਿਆਂ ਵਾਂਗ ਹੈ, ਜੋ ਕੇਵਲ ਰਸਮੀ ਤੌਰ ਤੇ ਪੇਸ਼ ਕੀਤੇ ਅਤੇ ਪਾਸ ਕਰ ਦਿੱਤੇ ਜਾਂਦੇ ਹਨ। ਇਹ ਮਤਾ ਬਹੁਤ ਹੀ ਗੰਭੀਰ ਵਿਚਾਰ-ਵਟਾਂਦਰੇ ਅਤੇ ਲੰਬੀ ਸੋਚ-ਵਿਚਾਰ ਤੋਂ ਬਾਅਦ ਤਿਆਰ ਅਤੇ ਪਾਸ ਕੀਤਾ ਗਿਆ ਸੀ। ਇਹ ਮਤਾ ਇੱਕ ਲਿਖਤੀ ਦਸਤਾਵੇਜ਼ ਹੀ ਨਹੀਂ, ਸਗੋਂ ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਦਾ ਇੱਕ ਅਧਿਆਇ ਬਣ ਚੁਕਾ ਹੈ। ਇਸ ਕਰਕੇ ਇਸਨੂੰ ਨਾ ਤਾਂ ਭੁਲਾਇਆ ਜਾ ਸਕਦਾ ਹੈ ਅਤੇ ਨਾ ਹੀ ਛੁਪਾਇਆ ਜਾਂ ਰੱਦੀ ਦੀ ਟੋਕਰੀ ਵਿੱਚ ਹੀ ਸੁੱਟਿਆ ਜਾ ਸਕਦਾ ਹੈ। ਸਿੱਖ ਇਤਿਹਾਸਕਾਰਾਂ ਅਨੁਸਾਰ, ਜਦੋਂ ਵੀ 'ਅਨੰਦਪੁਰ ਸਾਹਿਬ ਦੇ ਮਤੇ' ਦੀ ਗਲ ਆਇਗੀ, ਉਸ ਸਮੇਂ ਕੇਵਲ ਰਾਜਾਂ ਲਈ ਵੱਧ ਅਧਿਕਾਰਾਂ ਦੀ ਗਲ ਹੀ ਨਹੀਂ ਹੋਵੇਗੀ, ਸਗੋਂ ਸ਼੍ਰੋਮਣੀ ਅਕਾਲੀ ਦਲ ਲਈ ਨਿਸ਼ਚਿਤ ਕੀਤੇ ਗਏ ਸਿਧਾਂਤਾਂ, ਮਨੋਰਥਾਂ ਦੇ ਨਾਲ ਹੀ, ਉਸਦੇ ਲਈ ਮਿਥੇ ਗਏ ਨਿਸ਼ਾਨਿਆਂ ਦੀ ਪ੍ਰਾਪਤੀ ਦੀ ਗੱਲ ਵੀ ਹੋਵੇਗੀ। ਜਿਸਦਾ ਜਵਾਬ ਸਮੇਂ ਦੇ ਅਕਾਲੀ ਅਖਵਾਂਦੇ ਆਗੂਆਂ ਨੂੰ ਦੇਣਾ ਹੀ ਹੋਵੇਗਾ।

ਅਨੰਦਪੁਰ ਸਾਹਿਬ ਦਾ ਮਤਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤ : ਸ਼੍ਰੋਮਣੀ ਅਕਾਲੀ ਦਲ, ਸਿੱਖ ਪੰਥ ਦੀ ਸਮੁਚੀ ਮਰਜ਼ੀ ਦਾ ਇਕੋ-ਇੱਕ ਪ੍ਰਗਟਾਉ ਹੈ ਤੇ ਉਹ ਪੰਥ ਦੀ ਪ੍ਰਤੀਨਿਧਤਾ ਕਰਨ ਦਾ ਪੂਰਾ ਅਧਿਕਾਰ ਰਖਦਾ ਹੈ। ਇਸ ਜੱਥੇਬੰਦੀ ਦੀ ਬੁਨਿਆਦ ਮਨੁੱਖਾਂ ਦੇ ਆਪਸੀ ਸੰਬੰਧ, ਮਨੁੱਖੀ ਗਤੀ ਅਤੇ ਮਨੁੱਖ ਦੇ ਧਰਮ-ਤੱਤ ਨਾਲ ਸੰਬੰਧਾਂ ਉਤੇ ਰੱਖੀ ਗਈ ਹੈ ਅਤੇ ਇਹ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਤ੍ਰੀ-ਉਪਦੇਸ਼ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਛਕੋ' ਦੀਆਂ ਲੀਹਾਂ ਉਤੇ ਅਧਾਰਤ ਹਨ।

**ਮਨੋਰਥ :** ਸ਼੍ਰੋਮਣੀ ਅਕਾਲੀ ਦਲ ਹੇਠ ਲਿਖੇ ਮੰਤਵਾਂ ਦੀ ਪੂਰਤੀ ਲਈ ਸਦਾ ਤੱਤਪਰ ਰਹੇਗਾ : ਗੁਰਮਤਿ ਅਤੇ ਰਹਿਤ ਮਰਿਯਾਦਾ ਦਾ ਪ੍ਰਚਾਰ, ਸਿੱਖਾਂ ਵਿੱਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣਾ ਅਤੇ ਅਜਿਹਾ ਦੇਸ਼-ਕਾਲ ਘੜਨਾ, ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਦਾ ਪ੍ਰਗਟਾਉ ਪੂਰਨ ਤੌਰ ਤੇ ਮੂਰਤੀਮਾਨ ਤੇ ਪ੍ਰਜਵਲਤ ਹੋ ਸਕੇ, ਕੰਗਾਲੀ, ਭੁਖ-ਨੰਗ ਤੇ ਥੁੜ ਨੂੰ ਦੂਰ ਕਰਨਾ, ਨਿਆਂਕਾਰ ਤੇ ਚੰਗੇ ਨਿਜ਼ਾਮ ਨੂੰ ਕਾਇਮ ਕਰਨ ਲਈ ਦੌਲਤ 'ਤੇ ਉਪਜ ਨੂੰ ਵਧਾਉਣਾ ਤੇ ਮੌਜੂਦਾ ਕਾਣੀ-ਵੰਡ ਤੇ ਲੁਟ-ਖਸੁਟ (ਐਕਸ-ਪਲਾਇਟੇਸ਼ਨ) ਨੂੰ ਖਤਮ ਕਰਨਾ, ਗੁਰਮਤਿ ਆਸ਼ੇ ਅਨੁਸਾਰ ਅਨਪੜ੍ਹਤਾ ਛੂਤ-ਛਾਤ ਤੇ ਜਾਤ-ਪਾਤ ਦੇ ਵਿਤਕਰੇ ਨੂੰ ਹਟਾਉਣਾ, ਮੰਦੀ ਸਿਹਤ ਤੇ ਬੀਮਾਰੀ ਨੂੰ ਦੂਰ ਕਰਨ ਦੇ ਉਪਾਅ, ਨਸ਼ਿਆਂ ਦੀ ਨਿਖੇਧੀ ਅਤੇ ਬੰਦਸ਼ ਅਤੇ ਸਰੀਰਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਤੇ ਉਹ ਕੌਮੀ ਬਚਾਉ ਲਈ ਤਿਆਰ ਹੋ ਸਕੇ।

**ਰਾਜਸੀ ਨਿਸ਼ਾਨਾ:** ਪੰਥਕ ਰਾਜਸੀ ਨਿਸ਼ਾਨਾ, ਨਿਸਚੇ ਤੌਰ ਤੇ ਸਾਹਿਬ ਦਸਮ ਪਾਤਿਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ 'ਮਨ ਮੰਦਰ' ਵਿੱਚ ਉਕਰਿਆ ਚਲਿਆ ਆ ਰਿਹਾ ਹੈ, ਦਾ ਮਕਸਦ 'ਖਾਲਸਾ ਜੀ ਦੇ ਬੋਲ ਬਾਲੇ' ਹੈ। ਖਾਲਸਾ ਜੀ ਦੇ ਇਸ ਜਨਮ-ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼-ਕਾਲ ਤੇ ਰਾਜਸੀ ਵਿਧਾਨ ਦੀ ਸਿਰਜਣਾ-ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ। ਇਸ ਪ੍ਰਯੋਜਨ ਦੀ ਪੂਰਤੀ ਲਈ ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਯਤਨ ਅਤੇ ਜਦੋਜਹਿਦ ਕਰੇਗਾ।

**ਧਾਰਮਿਕ ਮਨੋਰਥ ਅਤੇ ਨਿਸ਼ਾਨਾ:** ਅਕਾਲੀ ਦਲ, ਸਿੱਖਾਂ ਵਿੱਚ ਧਰਮ-ਭਾਵ ਪੈਦਾ ਕਰਨਾ ਅਤੇ ਉਨ੍ਹਾਂ ਵਿੱਚ ਸਿੱਖ ਹੋਣ ਤੇ ਫਖਰ ਪੈਦਾ ਕਰਨਾ, ਆਪਣਾ ਮੁੱਖ ਮਨੋਰਥ ਸਮਝਦਾ ਹੈ, ਜਿਸਦੀ ਪੂਰਤੀ ਲਈ ਅਕਾਲੀ ਦਲ ਇਨ੍ਹਾਂ ਪ੍ਰੋਗਰਾਮਾਂ ਨੂੰ ਅਮਲ ਵਿੱਚ ਲਿਆਇਗਾ : 1. ਵਾਹਿਗੁਰੂ ਦੀ ਵਾਹਿਦ ਹਸਤੀ ਦਾ ਪ੍ਰਚਾਰ ਕਰਨਾ, ਨਾਮ ਸਿਮਰਨ ਤੇ ਗੁਰਬਾਣੀ ਪ੍ਰਵਾਹ ਚਲਾਉਣਾ, ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪੁਰ ਦ੍ਰਿੜ੍ਹ ਨਿਸ਼ਚਾ ਕਰਾਉਣਾ ਤੇ ਉਹਨਾਂ ਦੇ ਉਪਦੇਸ਼ਾਂ ਦੀ ਜਾਣਕਾਰੀ ਦੇਣੀ ਅਤੇ ਉਨ੍ਹਾਂ ਉਤੇ ਅਮਲ ਕਰਾਉਣ ਲਈ ਯਤਨ ਕਰਨਾ। 2. ਗੁਰਮਤਿ, ਸਿੱਖ ਫਲਸਫਾ, ਰਹਿਤ ਮਰਿਆਦਾ ਅਤੇ ਕੀਰਤਨ ਆਦਿ ਦੇ ਪ੍ਰਚਾਰ ਨੂੰ ਕਾਮਯਾਬੀ ਨਾਲ ਚਲਾਉਣ ਲਈ ਸਿੱਖ ਮਿਸ਼ਨਰੀ ਕਾਲਜ ਵਿਚੋਂ ਪ੍ਰਚਾਰਕ ਤੇ ਚੰਗੇ ਰਾਗੀ, ਢਾਡੀ ਕਵੀਸ਼ਰ ਤਿਆਰ ਕਰਨੇ, ਤਾਂ ਜੋ ਦੇਸ ਤੇ ਪ੍ਰਦੇਸ ਵਿੱਚਲੇ ਕਾਲਜਾਂ ਤੇ ਸਕੂਲਾਂ ਵਿੱਚ, ਪਿੰਡਾਂ ਤੇ ਸ਼ਹਿਰਾਂ ਵਿੱਚ, ਗੋਇਆ ਕਿ ਹਰ ਥਾਂ ਲਈ ਪ੍ਰਚਾਰ ਦੀ ਯੋਗਤਾ ਰੱਖਣ ਵਾਲੇ ਸੱਜਣ ਤਿਆਰ ਕੀਤੇ ਜਾ ਸਕਣ। 3. ਵੱਡੇ ਪੈਮਾਨੇ ਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਕਰਨਾ, ਕਾਲਜਾਂ ਅਤੇ ਸਕੂਲਾਂ ਵਿੱਖੇ ਇਸ ਸੰਬੰਧ ਵਿੱਚ ਪੂਰਾ ਤਾਣ ਲਾਉਣਾ ਅਤੇ ਇਸ ਮਨੋਰਥ ਨੂੰ ਸਾਹਮਣੇ ਰੱਖ ਕੇ ਕਾਲਜਾਂ ਦੇ ਵਿਦਿਆਰਥੀਆਂ ਤੇ ਪ੍ਰੋਫੈਸਰਾਂ ਦੇ ਬਾਕਾਇਦਾ ਸਟੱਡੀ-ਸਰਕਲ ਲਾਉਣ ਦਾ ਪ੍ਰਬੰਧ ਕਰਨਾ। 4. ਸਿੱਖਾਂ ਵਿੱਚ ਦਸਵੰਧ ਦੀ ਪਰੰਪਰਾ ਨੂੰ ਮੁੜ ਸੁਰਜੀਤ ਕਰਨਾ। 5. ਸਿੱਖ ਧਰਮ ਅਤੇ ਇਤਿਹਾਸ ਦੇ ਵਿਦਵਾਨ ਲਿਖਾਰੀਆਂ, ਪ੍ਰਚਾਰਕਾਂ, ਗ੍ਰੰਥੀਆਂ ਆਦਿ ਦਾ ਕੌਮ ਵਲੋਂ ਵੱਧ ਤੋਂ ਵੱਧ ਆਦਰ ਕਰਨ ਲਈ ਪ੍ਰਚਾਰ ਕਰਨਾ ਅਤੇ ਉਨ੍ਹਾਂ ਦੇ ਰੁਤਬੇ, ਸਿਖਲਾਈ ਅਤੇ ਰਹਿਣੀ ਦਾ ਮਿਆਰ ਉੱਚਾ ਕਰਨ ਲਈ ਯਤਨ ਕਰਨਾ। 6. ਗੁਰਦੁਆਰਾ ਪ੍ਰਬੰਧ ਨੂੰ ਵਧੇਰੇ ਪ੍ਰਭਾਵਸ਼ਾਲੀ ਬਨਾਉਣ ਲਈ ਯਤਨ ਕਰਨਾ ਤੇ ਗੁਰਦੁਆਰਾ ਕਰਮਚਾਰੀਆਂ ਦੀ ਸਿਖਲਾਈ ਲਈ ਪ੍ਰਬੰਧ ਕਰਨਾ। ਗੁਰਦੁਆਰਿਆਂ ਦੀਆਂ ਇਮਾਰਤਾਂ ਦੀ ਸੰਭਾਲ ਕਰਵਾਉਣੀ। ਇਸ ਸੰਬੰਧ ਵਿੱਚ ਸਮੇਂ-ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਕਮੇਟੀਆਂ ਵਿੱਚ ਆਪਣੇ ਪ੍ਰਤੀਨਿਧਾਂ ਨੂੰ ਯੋਗ ਹਿਦਾਇਤਾਂ ਭੇਜਦਿਆਂ ਰਹਿਣਾ। 7. ਗੁਰਬਾਣੀ ਦੀ ਸ਼ੁੱਧ ਛਪਾਈ, ਪੁਰਾਣੇ ਅਤੇ ਨਵੀਨ ਸਿੱਖ ਇਤਿਹਾਸ ਦੀ ਖੋਜ ਅਤੇ ਸੰਭਾਲ ਤੇ ਪ੍ਰਕਾਸ਼ਨਾਂ, ਗੁਰਬਾਣੀ ਦਾ ਹੋਰ ਬੋਲੀਆਂ ਵਿੱਚ ਉਲਥਾ, ਸਿੱਖ ਸਿਧਾਂਤਾਂ ਬਾਰੇ ਵਧੀਆ ਸਾਹਿਤ ਤਿਆਰ ਕਰਨ ਲਈ ਪ੍ਰਬੰਧ ਕਰਨਾ। 8. ਇੱਕ ਨਵਾਂ ਸਰਬ ਹਿੰਦ ਗੁਰਦੁਆਰਾ ਕਾਨੂੰਨ ਬਣਵਾਉਣ ਦੇ ਬਾਨ੍ਹਣੂ ਬੰਨਣਾ, ਜਿਸ ਨਾਲ ਦੇਸ਼ ਭਰ ਦੇ ਗੁਰਦੁਆਰਿਆਂ ਦਾ ਪ੍ਰਬੰਧ ਵਧੇਰੇ ਸੁਚੱਜਾ ਤੇ ਸ਼ੋਭਾ-ਜਨਕ ਹੋ ਸਕੇ ਅਤੇ ਜਿਸ ਨਾਲ ਸਿੱਖ ਪੰਥ ਪ੍ਰਾਚੀਨ ਪ੍ਰਚਾਰ ਕਰਨ ਵਾਲੀਆਂ ਸੰਪ੍ਰਦਾਵਾਂ, ਜਿਹਾ ਕਿ ਉਦਾਸੀ, ਨਿਰਮਲੇ ਆਦਿ, ਮੁੜ ਸਮੁੱਚੇ ਸਿੱਖ ਸਮਾਜ ਦਾ ਅਨਿਖੜਵਾਂ ਅੰਗ ਬਣ ਜਾਣ, ਪ੍ਰੰਤੂ ਡੇਰਿਆਂ ਦੀਆਂ ਜਾਇਦਾਦਾਂ ਇਨ੍ਹਾਂ ਸੰਪ੍ਰਦਾਵਾਂ ਦੇ ਹੱਥਾਂ ਵਿੱਚ ਹੀ ਸੁਰਖਿਅਤ ਰਹਿਣ। 9. ਸਾਰੇ ਸੰਸਾਰ ਦੇ ਸਮੂਹ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਇਕ ਲੜੀ ਵਿੱਚ ਪ੍ਰੋ ਕੇ ਸਾਰੇ ਖਾਲਸਾ ਪੰਥ ਦੇ ਧਰਮ ਅਸਥਾਨਾਂ ਦੀ ਰਹੁ-ਰੀਤ ਨੂੰ ਇਕਸਾਰ ਕਰਨ ਤੇ ਪ੍ਰਚਾਰ ਦੇ ਸਾਧਨਾਂ ਨੂੰ ਜੁੜਵਾਂ ਤੇ ਅਸਰ ਭਰਪੂਰ ਬਨਾਉਣ ਦਾ ਪ੍ਰਬੰਧ ਕਰਨਾ। 10. ਸ੍ਰੀ ਨਨਕਾਣਾ ਸਾਹਿਬ ਅਤੇ ਉਨ੍ਹਾਂ ਹੋਰ ਸਮੂਹ ਗੁਰਦੁਆਰਿਆਂ ਤੇ ਗੁਰਧਾਮਾਂ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਦੇ ਖੁਲ੍ਹੇ ਦਰਸ਼ਨ-ਦੀਦਾਰ ਅਤੇ ਸੇਵਾ-ਸੰਭਾਲ ਦਾ ਪ੍ਰਬੰਧ ਸਮੂਹ ਸਿੱਖਾਂ ਲਈ ਹਾਸਲ ਕਰਨ ਦੇ ਯਤਨ ਕਰਨੇ।

**ਵਚਨਬੱਧਤਾ ਪ੍ਰਤੀ ਈਮਾਨਦਾਰੀ:** ਅਨੰਦਪੁਰ ਸਾਹਿਬ ਦੇ ਮਤੇ ਰਾਹੀਂ ਇਸ ਜ਼ਿਮੇਂਦਾਰੀ ਨੂੰ ਸ਼੍ਰੋਮਣੀ ਅਕਾਲੀ ਦਲ ਵਲੋਂ ਆਪਣੇ ਸਿਰ ਲਿਆਂ ਅਧੀ ਸਦੀ ਬੀਤਣ ਨੂੰ ਆ ਰਹੀ ਹੈ, ਪ੍ਰੰਤੂ ਇਸ ਲੰਬੇ ਸਮੇਂ ਦੌਰਾਨ ਦੀ ਸ਼੍ਰੋਮਣੀ ਅਕਾਲੀ ਦਲ (ਵਰਤਮਾਨ ਸ਼੍ਰੋਮਣੀ ਅਕਾਲੀ ਦਲ -ਬਾਦਲ) ਦੇ ਪ੍ਰਬੰਧ-ਅਧੀਨ ਧਾਰਮਕ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰ-ਗੁਜ਼ਾਰੀ ਦੀ ਘੋਖ ਕੀਤੀ ਜਾਏ ਤਾਂ ਇਹ ਗਲ ਸਪਸ਼ਟ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਦੋਹਾਂ ਸੰਸਥਾਵਾਂ ਨੇ ਇਸ ਸਮੇਂ ਦੌਰਾਨ ਆਪਣੇ ਧਾਰਮਕ ਏਜੰਡੇ ਪੁਰ ਅਮਲ ਕਰਨ ਵਲ ਘੱਟ ਅਤੇ ਰਾਜਸੀ ਉਦੇਸ਼ਾਂ ਤੇ ਸ਼ੁਆਰਥ ਪੂਰਤੀ ਦੇ ਏਜੰਡੇ ਵਲ ਵਧੇਰੇ ਧਿਆਨ ਦਿੱਤਾ।

ਇਹੀ ਕਾਰਣ ਹੈ ਕਿ ਸਿੱਖ ਪਨੀਰੀ ਅਹਿਸਤਾ-ਆਹਿਸਤਾ ਸਿੱਖੀ ਵਿਰਸੇ ਤੋਂ ਅਨਜਾਣ ਹੁੰਦੀ ਗਈ ਅਤੇ ਜਦੋਂ ਇਸ ਪਨੀਰੀ ਨੇ ਜਵਾਨੀ ਵਿੱਚ ਪੈਰ ਰਖਿਆ, ਤਾਂ ਸਿੱਖੀ ਵਿਰਸੇ ਤੋਂ ਅਨਜਾਣ ਹੋਣ ਕਾਰਣ ਉਸਦੇ ਲਈ ਸਿੱਖੀ ਸਰੂਪ ਜੀਵਨ ਦਾ ਇੱਕ ਜ਼ਰੂਰੀ ਅੰਗ ਨਾ ਰਹਿ ਇੱਕ ਰਸਮੀ ਹਿੱਸਾ ਬਣ ਕੇ ਰਹਿ ਗਿਆ, ਜਿਸਨੂੰ ਬਣਾਈ ਰਖਣਾ ਉਸਦੀ ਆਪਣੀ ਸੋਚ ਪੁਰ ਅਧਾਰਤ ਹੋ ਗਿਆ। ਫਿਰ ਇਹ ਕਿਵੇਂ ਹੋ ਸਕਦਾ ਸੀ ਕਿ ਜਿਸ ਸਿੱਖੀ ਵਿਰਸੇ ਤੋਂ ਉਹ ਪੂਰੀ ਤਰ੍ਹਾਂ ਅਨਜਾਣ ਹੈ, ਉਸ ਨਾਲ ਉਹ (ਬਾਕੀ ਸਫਾ 20 ਤੇ)



**California State Senator Jerry Hill and his wife with the Family of Late Commissioner Lahori Ram**

The Ram family was invited to attend the seasonal holiday party with elected officials from San Mateo and Santa Clara counties.



California State Assembly Assistant Speaker Pro Tempore Kevin Mullin with the Family of Late Commissioner Lahori Ram

**"You must abolish your slavery yourselves. Do not depend for its abolition upon god or a superman. Remember that it is not enough that a people are numerically in the majority. They must be always watchful, strong and self-respecting to attain and maintain success. We must shape our course ourselves and by ourselves."**

**- Babasaheb Dr. B.R. Ambedkar**





ਡਾ. ਬੀ.ਆਰ.ਅੰਬੇਦਕਰ

# ਵਿਨੋਦ ਕੁਮਾਰ ਚੁੰਬਰ

## ਵਾਈਸ ਚੇਅਰਮੈਨ

## ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ

# TRIBUTE TO BABA SAHEB DR. BHIMRAO RAMJI AMBEDKAR

## BY DR. HARMESH KUMAR

### A LICENSED CLINICAL NEUROPSYCHOLOGIST IN CALIFORNIA



I would like to pay my sincere tribute to the father of the Indian Constitution and true humanitarian of our time, Dr. B R Ambedkar on hisMahaparinirvana Diwas. I was listening to the very pertinent message from President's Obama's remarks on 'Nation's Original Sin' as quoted in International Business Times on the 150th Anniversary of the 13th Amendmenteradicating slavery from America as India pays tributes to Dr. Baba Sahib Bhim Rao Ambedkar.

As President Obama evoked the images of lynching in America that "justice turned a blind eye to," Obama said that slavery was "wrong in every sense." Noting that black people at one time couldn't vote, fill most jobs or "protect themselves or their families from indignity or violence," the same was true in India and Dr. Ambedkar struggled very hard and experienced the sins of "untouchability and its curse on Indian Psyche".

President Obama mentioned in his speech that "Maids, porters, students, farmers, priests, housewives -- because of them, the civil rights law passed" and "doors of opportunity swung open."It is true that because of Dr. B R Ambedkar, doors of opportunities were opened by the Indian Constitution which he drafted with a lot of influence from the American education system as he completed his studies from Columbia University, an Ivy League University in New York. Notwithstanding, it is very important to know that Dr. Ambedkar studied at Columbia University under John Dewey, who inspired many of his ideas about equality and social justice. Dr. Ambedkar reported that he experienced social equality for the first time and "best friends I have had in my life," as he told the New York Times in 1930, "were some of my classmates at Columbia and my great professors, John Dewey, James Shotwell, Edwin Seligman, and James Harvey Robinson."

Dr. B R Ambedkar was the main advocate who fostered myriad opportunities for every Indian and menial workers and women. He was the man responsible for creating true "Freedom for you and for me. Freedom for all of us, as President Obama said today to celebrate the 13th Amendment and eradication of slavery in America. But psychologically he noted that we still have those emotional scars and it is very true in India too. We know that Indian Constitution eradicated untouchability legally but psychologically we still see our Indian youth who fall in love with low castes youth are being lynched on a daily basis and authorities are mute and incapacitated to act. We know the Indian government has allocated crores of rupees for educational scholarships for low castes students but never reached them due to inbuilt institutional biases.

I would echo the words of President Obama again in paying true tribute to Dr. B. R. Ambedkar that "we would do a disservice to this Warrior of Justice… to deny the scars of our nation's original sin are still with us today," in America, the oldest democracy in the world and also true in our largest democracy (India) in the world.


While remembering Dr. Ambedkar, let's also defeat the voices of those who want to divide humanity based on hate to get ahead in the polls like Donald Trump's remarks to ban Muslims from entering into this "nation of the brave and land of the free" for which all the slaves fought especially Afro-Americans and in India it was the down-trodden.

Dr. Ambedkar was a true civil rights leader equivalent to Dr. Martin Luther King Jr. We could see the real reflection of American democracy and craving social equality in Dr. Ambedkar's education from Columbia University that even Indian Prime Minister, Narendra Modi has tweeted, "Dr. Ambedkar was a man ahead of his time. We remember his efforts to eradicate social evils & the importance he gave to education".

We need to spread the light on the dark minds and convey the message of Dr. B.R. Ambedkar to our younger generations as he reflected and paid close attention to the very relevant quotesfrom Dr. Martin Luther King, Jr. as I quote them here "Injustice anywhere is a threat to justice everywhere.The ultimate measure of a man is not where he stands in moments of comfort and convenience, but where he stands at times of challenge and controversy. The true neighbor will risk his position, his prestige, and even his life for the welfare of others."

These souls are my inspiration to serve the common good. Let's make it happen!

**Dr Harmesh Kumar (925) 285-9881**



## Bharat Rattan Babasaheb Dr. Ambedkar's speech in constituent assembly

"On 26th January 1950, we are going to enter into a life of contradictions. In politics, we will have equality and in social and economic structure, continue to deny the principle of one man one value. How long shall we continue to live this life of contradictions? How long shall we continue to deny equality in our social and economic life? If we continue to deny it for long, we will do so only by putting our political democracy in peril. We must remove this contradiction at the earliest possible moment else those who suffer from inequality will blow up the structure of democracy which this Constituent Assembly has so laboriously built up."

"I feel that the constitution is workable, it is flexible and it is strong enough to hold the country together both in peacetime and in wartime. Indeed, if I may say so, if things go wrong under the new Constitution, the reason will not be that we had a bad Constitution. What we will have to say is that Man was vile."



## ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ.ਅੰਬੇਦਕਰ ਜੀ ਦੇ 59 ਵੇਂ ਪ੍ਰੀ-ਨਿਰਵਾਣ ਦਿਵਸ ਤੇ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕਰਦੇ ਹਾਂ।



Paramjit Bhutta (916) 798-9144



Kewal Bolina (916) 548-8902



Hans Raj Kajla (916) 479-0421



Rakesh Chander (916) 698-3808



Tawinder Kazla (916) 300-5398

# United Awareness Committee of USA

ਜੈ ਜੈ ਵਾਲਮੀਕੀ

ਹਰ ਹਰ ਵਾਲਮੀਕੀ





ਗੁਰੂ ਗੋਬਿੰਦ ਸਿੰਘ ਜੀ ਬਾਬਾ ਸੰਗਤ ਸਿੰਘ ਜੀ ਨੂੰ ਕਲਗੀ ਤੋੜ ਦਿੰਦੇ ਹੋਏ।



ਅਜਰ ਅਮਰ ਤ੍ਰੈਕਾਲ ਦੂਰਸ਼ੀ ਸ੍ਰਿਸ਼ਟੀ ਕਰਤਾ
ਭਗਵਾਨ ਵਾਲਮੀਕ ਜੀ ਦੀ ਮੇਹਰ ਸਦਕਾ
(ਅਮਰ ਸ਼ਹੀਦ)

ਰੰਘਰੇਟਾ ਗੁਰੂ ਕਾ ਬੇਟਾ ਧੰਨ ਧੰਨ ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਜੋ ਦਿੱਲੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਗਲ਼ ਨਾਲ ਲਾ ਕੇ ਰੰਘਰੇਟੇ ਗੁਰੂ ਕੇ ਬੇਟੇ ਦੇ ਨਾਂ ਨਾਲ ਨਿਵਾਜਿਆ ਸੀ ਜੋ ਕਿ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਸ਼ਹੀਦੀ ਪੁਰਬ 13 ਦਸੰਬਰ 2015 ਦਿਨ ਐਤਵਾਰ ਨੂੰ ਮਹਾਂਰਿਸ਼ੀ ਵਾਲਮੀਕ ਟੈਂਪਲ 84/86 ਪਰਸੀ ਐਵੀਨਿਊ, ਯੂਬਾ ਸਿਟੀ (ਕੈਲੀਫੋਰਨੀਆ) ਵਿਖੇ ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਕਿਰਪਾ ਕਰਕੇ ਪਰਿਵਾਰ ਸਮੇਤ ਪਹੁੰਚ ਕੇ ਰੌਣਕ ਨੂੰ ਵਧਾਓ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰਬੰਧਕ ਕਮੇਟੀ

ਪ੍ਰਧਾਨ- ਰਵੀ ਪਾਲ ਸਿੰਘ (916-873-0310
ਉਪ ਪ੍ਰਧਾਨ- ਦੀਪ ਸਿੰਘ (925-339-0802
ਸੈਕਟਰੀ- ਅਮਰਜੀਤ ਲਾਲੀ (916-842-8432
ਚੇਅਰਮੈਨ- ਭੁਪਿੰਦਰ ਭਿੰਦਾ (916-613-3311)
ਖਜਾਨਚੀ- ਬਲਬੀਰ ਧਾਰੀਵਾਲ (916-243-9017
ਉਪ ਖਜਾਨਚੀ- ਅਜਮੇਰ ਘਾਰੂ
ਦਵਿੰਦਰ ਸਿੰਘ, ਹਰਜੀਤ ਸਿੰਘ
ਸਿਵਤਾਰ ਸਿੱਧੂ,ਵਿਜੇ ਗਿੱਲ
ਅਮਰਿਤਪਾਲ ਸਿੰਘ, ਕਰਨ ਨਾਹਲ, ਹੈਪੀ ਸਿੰਘ

## ਪ੍ਰੋਗਰਾਮ

ਪਾਠ ਸ੍ਰੀ ਯੋਗਵਸ਼ਿਸ਼ਟ ਜੀ
13 ਦਸੰਬਰ 2015, ਐਤਵਾਰ ਸਵੇਰੇ 10 ਵਜੇ
ਸ਼ਬਦ ਕੀਰਤਨ ਸਵੇਰੇ 11 ਵਜੇ
ਗੁਰੂ ਕਾ ਲੰਗਰ ਦੁਪਹਿਰ 1 ਵਜੇ।

### ਪਹੁੰਚ ਰਹੇ ਕਲਾਕਾਰ

ਭੁਪਿੰਦਰ ਭਿੰਦਾ, ਸੁਲਤਾਨ ਅਖਤਰ,
ਅਮਰਜੀਤ ਲਾਲੀ, ਜੀਵਨ ਰੱਤੂ
ਤੇ ਹੋਰ ਰਾਗੀ ਜਥੇ

## ਵੱਲੋਂ


**ਬਾਬਾ ਜੀਵਨ ਸਿੰਘ ਨੌਜਵਾਨ ਸਭਾ**
ਕੈਲੀਫੋਰਨੀਆ, ਯੂ. ਐਸ. ਏ.
**ਮਹਾਂਰਿਸ਼ੀ ਵਾਲਮੀਕ ਸਭਾ**
ਯੂਬਾ ਸਿਟੀ ਯੂ. ਐਸ. ਏ.
84/86 ਪਰਸੀ ਐਵੀਨਿਊ
ਯੂਬਾ ਸਿਟੀ (ਕੈਲੇਫੋਰਨੀਆ) 95991

"ਲੋਕਤੰਤਰਿਕ ਸਰਕਾਰ ਦੀ ਸਥਾਪਨਾ ਦੇ ਲਈ ਸਮਾਜ ਦਾ ਲੋਕਤੰਤਰਿਕ ਹੋਣਾ ਬਹੁਤ ਜ਼ਰੂਰੀ ਹੈ। ਜੇਕਰ ਸਮਾਜ ਲੋਕਤੰਤਰਿਕ ਨਹੀਂ ਹੋਵੇਗਾ ਤਾਂ ਲੋਕਤੰਤਰ ਦਾ ਢਾਂਚਾ ਕਿਸੇ ਕੰਮ ਦਾ ਨਹੀਂ ਹੋਵੇਗਾ ਅਤੇ ਠੀਕ ਸਿੱਧ ਨਹੀਂ ਹੋਵੇਗਾ।"
– ਡਾ. ਅੰਬੇਦਕਰ

## ਭਾਰਤ ਰਤਨ ਬਾਬਾ ਸਾਹਿਬ ਡਾ.ਬੀ.ਆਰ.ਅੰਬੇਦਕਰ ਜੀ ਦੇ 59 ਵੇਂ ਪ੍ਰੀ-ਨਿਰਵਾਣ ਦਿਵਸ ਤੇ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਂਟ ਕਰਦੇ ਹਾਂ।



ਡਾ.ਬੀ.ਆਰ.ਅੰਬੇਦਕਰ



# ਜਸਵਿੰਦਰ ਬੰਗਾ

## ਚੇਅਰਮੈਨ

## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਬੰਗਾ ਪਰਿਵਾਰ

# 'ਕੱਲਪਿਤ ਪ੍ਰਾਭੌਤਿਕ ਸ਼ਕਤੀਆਂ ਤੇ ਅੰਧ-ਵਿਸ਼ਵਾਸ'



ਪ੍ਰੋ: ਐਚ.ਐਲ.ਕਪੂਰ
001- 916- 587-4002

ਵਿਗਿਆਨ ਨੇ ਇੱਕੀਵੀਂ ਸਦੀ ਦੇ ਯੁੱਗ ਤੱਕ ਪਹੁੰਚਦਿਆਂ ਭਾਵੇਂ ਕੰਪਿਊਟਰ, ਆਈ. ਟੀ. ਤੇ ਹੋਰ ਅਨੇਕਾਂ ਖੇਤਰਾਂ 'ਚ ਲਾਸਾਨੀ ਤਰੱਕੀ ਕਰ ਲਈ ਹੈ। ਮਨੁੱਖ ਨੇ ਵਿਗਿਆਨ ਨਾਲ ਜਨਮ, ਮੌਤ, ਬਿਮਾਰੀਆਂ ਤੇ ਇਹਨਾਂ ਦੇ ਕਾਰਨ, ਭੂਚਾਲ, ਰੁੱਤਾਂ ਤੇ ਮੌਸਮ ਤੇ ਕੁਦਰਤ ਦੇ ਅਨੇਕਾਂ ਰਹੱਸਾਂ ਦੀ ਜਾਣਕਾਰੀ ਹਾਸਲ ਕਰ ਲਈ ਹੈ। ਅੱਜ ਦਾ ਮਨੁੱਖ ਆਧੁਨਿਕਵਾਦ ਦੇ ਵੱਡੇ-ਵੱਡੇ ਦਾਅਵੇ ਕਰ ਰਿਹਾ ਹੈ ਪਰ ਉਸ ਦੀ ਸੋਚ ਅੰਦਰੋਂ ਅਜੇ ਵੀ ਆਦਿ ਮਾਨਵੀ ਪਰਛਾਵੇਂ ਵਾਲੀ ਹੈ। ਇਸ ਦਾ ਉੱਘੜਵਾਂ ਰੂਪ ਸਾਡੇ ਸਾਹਮਣੇ ਉਸ ਸਮੇਂ ਆਉਂਦਾ ਹੈ ਜਦੋਂ ਉਹ ਆਪਣੇ ਬੱਚੇ-ਬੱਚੀਆਂ ਦੀ ਸ਼ਾਦੀ ਜੋਤਸ਼ੀਆਂ ਤੋਂ ਪੁੱਛ ਕੇ ਚੰਗੇ ਮਾੜੇ ਦਿਨਾਂ ਦਾ ਪਤਾ ਕਰਕੇ ਸਾਹਾ ਪੱਕਾ ਕਰਦਾ ਹੈ। ਕਿਸੇ ਬਿਮਾਰੀ ਜਾਂ ਦੁੱਖ ਤਕਲੀਫ਼ ਸਮੇਂ ਡਾਕਟਰੀ ਇਲਾਜ ਦੀ ਥਾਂ ਤਾਂਤਰਿਕਾਂ ਦੀਆਂ ਬਰੂਹਾਂ 'ਤੇ ਜਾ ਖੜ੍ਹਾ ਹੁੰਦਾ ਹੈ ਤੇ ਉਨ੍ਹਾਂ ਦੇ ਦੱਸੇ ਹੋਏ ਟੂਣੇ, ਦਾਨ-ਪੁੰਨ ਤੇ ਤਰ੍ਹਾਂ ਤਰ੍ਹਾਂ ਦੇ ਉਪਾਅ ਕਰਵਾਉਂਦਾ ਹੈ। ਉਹ ਤਾਂ ਹੀ ਅਜਿਹਾ ਕਰਦਾ ਹੈ ਕਿਉਂਕਿ ਉਸ ਦੀ ਅਜੇ ਵੀ ਸੋਚ ਅਣਵਿਗਿਆਨਕ ਆਦਿਕਾਲੀਨ ਮਨੁੱਖ ਵਰਗੀ ਹੀ ਹੈ।

ਮਨੁੱਖ ਭਾਵੇਂ ਜਿੰਨਾ ਮਰਜ਼ੀ ਵਿਗਿਆਨਕ ਸੋਚ ਦਾ ਧਾਰਨੀ ਬਣ ਗਿਆ ਹੈ ਪਰ ਉਸ ਦੇ ਮਨ ਅੰਦਰ ਅਦੁੱਤੀ ਤੇ ਰਹੱਸਮਈ ਸ਼ਕਤੀਆਂ ਦਾ ਡਰ ਸੁੱਤੇ-ਸਿੱਧ ਹੀ ਜਾਗ ਪੈਂਦਾ ਹੈ। ਉਸ ਅੰਦਰ ਡਰ ਦੀ ਮਾਤਰਾ 'ਚ ਵਾਧਾ ਹੁੰਦਾ ਹੈ ਤੇ ਇਸੇ ਡਰ ਕਾਰਨ ਹੀ ਕਿਤੇ ਮੇਰਾ ਕੋਈ ਨੁਕਸਾਨ ਨਾ ਹੋ ਜਾਵੇ, ਬੇਵੱਸ ਹੋ ਕੇ ਜਾਦੂ-ਟੂਣਿਆਂ, ਭਰਮਾਂ-ਵਹਿਮਾਂ ਤੇ ਅੰਧ-ਵਿਸ਼ਵਾਸਾਂ 'ਚ ਫਸ ਜਾਂਦਾ ਹੈ। ਉਹ ਆਪਣੇ ਅੰਦਰ ਭੂਤਾਂ-ਪ੍ਰੇਤਾਂ ਦੀ ਰੂਪ-ਰੇਖਾ ਦੀ ਕਲਪਨਾ ਘੜ ਲੈਂਦਾ ਹੈ, ਉਹਨਾਂ ਪ੍ਰਤੀ ਸਨਮਾਨ ਤੇ ਡਰ ਪੈਦਾ ਕਰ ਲੈਂਦਾ ਹੈ ਤੇ ਫਿਰ ਉਹਨਾਂ ਤੋਂ ਡਰਦਾ ਹੋਇਆ ਉਹਨਾਂ ਦੀ ਪੂਜਾ ਕਰਨੀ ਆਰੰਭ ਕਰ ਦਿੰਦਾ ਹੈ। ਇਹੀ ਕਾਰਨ ਹੈ ਕਿ ਅੱਜ ਦਾ ਮਨੁੱਖ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਖੋਜ ਕੰਪਿਊਟਰ 'ਤੇ ਵਿਦੇਸ਼ਾਂ 'ਚ ਬੈਠੇ ਲੋਕਾਂ ਨਾਲ ਚੈਟਿੰਗ ਕਰ ਰਿਹਾ ਹੁੰਦਾ ਹੈ ਤੇ ਦੂਜੇ ਪਾਸੇ ਭੂਤਾਂ-ਪ੍ਰੇਤਾਂ ਦੇ ਮਾਨਸਿਕ ਡਰ ਕਰਕੇ ਫੋਨ 'ਤੇ ਜੋਤਸ਼ੀਆਂ 'ਤੇ ਤਾਂਤਰਿਕਾਂ ਤੋਂ ਉਪਾਅ ਪੁੱਛ ਰਿਹਾ ਹੁੰਦਾ ਹੈ। ਹਸਪਤਾਲਾਂ 'ਚ ਇਲਾਜ ਲਈ ਅਤੀ ਆਧੁਨਿਕ ਮਸ਼ੀਨਾਂ ਉਪਲਬੱਧ ਹੋਣ ਦੇ ਬਾਵਜੂਦ ਸਾਡੀਆਂ ਮਾਨਸਿਕ ਬਿਮਾਰੀਆਂ ਦਾ ਇਲਾਜ ਦੇਵਾ ਜੀ, ਸਾਧ-ਬਾਬੇ ਤੇ ਪੁੱਛਾਂ ਦੇਣ ਵਾਲੇ ਅਨਪੜ੍ਹ ਲੋਕ ਕਰਦੇ ਹਨ। ਬੜੇ ਦੁੱਖ ਦੀ ਗੱਲ ਹੈ ਕਿ ਸਾਡਾ ਮੀਡੀਆ ਭਾਵ ਦੂਰਦਰਸ਼ਨਾਂ ਦੇ ਚੈਨਲ ਆਪਣੇ ਵਿਉਪਾਰਕ ਹਿੱਤਾਂ ਦੀ ਖਾਤਰ, ਇਹਨਾਂ 'ਤੇ ਬੰਦੇ ਦਾ ਕਾਲ-ਕਲਪ ਕਰਨ ਦੀਆਂ ਕਿਰਿਆਵਾਂ ਦਿਖਾ ਰਹੇ ਹੁੰਦੇ ਹਨ। ਅਖ਼ਬਾਰਾਂ 'ਚ ਛਪਦੇ ਇਹਨਾਂ ਬਾਬਿਆਂ 'ਤੇ ਝਾੜ-ਫੂਕ ਕਰਨ ਵਾਲਿਆਂ ਦੇ ਵੱਡੇ-ਵੱਡੇ ਇਸ਼ਤਿਹਾਰ, ਇਲਾਜ ਦੇ ਸ਼ਰਤੀਆ ਨੁਸਖ਼ੇ ਦਰਸਾਉਂਦੇ ਹਨ। ਟੀ. ਵੀ. 'ਤੇ ਭੂਤ-ਪ੍ਰੇਤਾਂ ਦੀਆਂ ਕਹਾਣੀਆਂ 'ਤੇ ਆਧਾਰਿਤ ਸੀਰੀਅਲ ਤੇ ਨੂੰਹਾਂ ਤੇ ਸੱਸਾਂ ਟੂਣਿਆਂ ਦਾ ਪ੍ਰਦਰਸ਼ਨ ਕਰਕੇ, ਅੰਧ-ਵਿਸ਼ਵਾਸ ਫੈਲਾਅ ਕੇ, ਘਰਾਂ ਦੀ ਸੁੱਖ-ਸ਼ਾਂਤੀ ਨੂੰ ਡੈਣ ਬਣ ਕੇ ਖਾ ਰਹੀਆਂ ਹਨ। ਪ੍ਰਸ਼ਾਸਨ ਵੱਲੋਂ ਇਹਨਾਂ 'ਤੇ ਕੋਈ ਰੋਕ ਨਹੀਂ ਹੈ ਤੇ ਨਾ ਹੀ ਕੋਈ ਇਹਨਾਂ ਤੇ ਸੈਂਸਰ ਲਾਗੂ ਹੁੰਦਾ ਹੈ। ਇਸ ਤਰ੍ਹਾਂ ਦਾ ਮੀਡੀਆ ਸਾਡੇ ਸਮਾਜ ਨੂੰ ਵਿਗਿਆਨਕ ਦਿਸ਼ਾ-ਨਿਰਦੇਸ਼ ਦੇਣ ਦੀ ਥਾਂ ਅੰਧ-ਵਿਸ਼ਵਾਸ ਫੈਲਾਉਣ 'ਚ ਭਰਪੂਰ ਯੋਗਦਾਨ ਪਾ ਰਿਹਾ ਹੈ। ਇਸ ਪਿੱਛੇ ਉਹਨਾਂ ਦਾ ਵਿਉਪਾਰਕ ਹਿੱਤ ਹੈ ਜੋ ਸਮਾਜ ਦੀ ਸੁੱਖ ਸ਼ਾਂਤੀ ਤੇ ਗਿਰਾਵਟ ਲਈ ਬੜਾ ਘਾਤਕ ਸਿੱਧ ਹੋ ਰਿਹਾ ਹੈ। ਮੀਡੀਏ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ, ਇਹਨਾਂ ਸਮਾਜ ਦੇ ਦੁਸ਼ਮਣਾਂ ਦਾ ਸਾਥ ਨਾ ਦਿੰਦਿਆਂ ਅਜਿਹੇ ਵਿਸ਼ਿਆਂ ਵਾਲੇ ਪ੍ਰੋਗਰਾਮ ਪੇਸ਼ ਕਰਨ, ਜਿਹੜੇ ਸਮਾਜ ਨੂੰ ਵਿਗਿਆਨਕ ਤੇ ਅਗਾਂਹਵਧੂ ਸੋਚ ਵੱਲ ਪ੍ਰੇਰਿਤ ਕਰਨ।

ਮਨੁੱਖ ਸਮਾਜ 'ਚ ਆਪਣੀ ਹੋਂਦ ਨੂੰ ਦੋ ਤਰੀਕਿਆਂ ਨਾਲ ਬਣਾਈ ਰੱਖਦਾ ਹੈ- ਪਹਿਲਾ ਤਰੀਕਾ ਹੈ ਕੁਦਰਤੀ ਤੇ ਦੂਸਰਾ ਹੈ ਗੈਰ-ਕੁਦਰਤੀ ਤਰੀਕਾ। ਕੁਦਰਤੀ ਤਰੀਕੇ ਨਾਲ ਬਣੀ ਹੋਂਦ ਨੂੰ ਮਨੁੱਖ ਰੱਬ ਦੀ ਰਜ਼ਾ ਜਾਂ ਪ੍ਰਮਾਤਮਾ ਦਾ ਭਾਣਾ ਅਤੇ ਗੈਰ-ਕੁਦਰਤੀ ਤਰੀਕੇ ਨੂੰ ਅਸੀਂ ਪ੍ਰਮਾਤਮਾ ਜਾਂ ਰੱਬ ਦੀ ਰਜ਼ਾ ਦੇ ਵਿਰੁੱਧ ਕਰਮ ਕਰਦਿਆਂ, ਆਪਣੇ ਤਰੀਕੇ ਨਾਲ ਰਜ਼ਾ ਨੂੰ ਮੋੜਨ ਦੀ ਕੋਸ਼ਿਸ਼ ਕਰਦਿਆਂ, ਜਾਦੂ-ਟੂਣਿਆਂ ਤੇ ਅੰਧ-ਵਿਸ਼ਵਾਸਾਂ ਦਾ ਸਹਾਰਾ ਲੈਂਦੇ ਹਾਂ। ਪ੍ਰਸਿੱਧ ਲੋਕ ਧਾਰਾ ਚਿੰਤਕ ਡਾ. ਸੁਰਿੰਦਰ ਸਿੰਘ ਵਣਜਾਰਾ ਬੇਦੀ ਵੀ ਇਸ ਗੱਲ ਦੀ ਹਾਮੀ ਭਰਦਿਆਂ ਕਹਿੰਦੇ ਹਨ- "ਪ੍ਰਕਿਰਤੀ ਨੂੰ ਕੁਦਰਤੀ ਤਰੀਕੇ ਨਾਲ ਸੰਸਕ੍ਰਿਤੀ 'ਚ ਬਦਲਣਾ ਤਾਂ ਵਿਗਿਆਨਕ ਹੈ ਪਰ ਰਹੱਸਮਈ ਤਰੀਕੇ ਨਾਲ ਬਦਲਣਾ ਜਾਦੂ-ਟੂਣਾ ਹੈ।" ਜਾਦੂ ਦਾ ਅਰਥ ਤਲਿਸਮ ਜਾਂ ਇੰਦਰਜਾਲ ਹੈ ਅਤੇ ਟੂਣਾ ਉਪਚਾਰ ਦਾ ਇਲਾਜ ਨਾਲ ਮਿਲਦਾ-ਜੁਲਦਾ ਹੈ। ਟੂਣਾ ਅੰਧ-ਵਿਸ਼ਵਾਸ ਨਾਲ ਸਬੰਧਿਤ ਉਪਚਾਰ ਵਿਧੀ ਹੈ ਜਦੋਂ ਕਿ ਜਾਦੂ ਦਾ ਉਪਚਾਰ ਨਾਲ ਕੋਈ ਸਬੰਧ ਨਹੀਂ ਹੈ। ਜਾਦੂ-ਟੂਣੇ ਦਾ ਕਿਤੇ ਨਾ ਕਿਤੇ ਸਬੰਧ ਧਰਮ ਤੇ ਸਾਡੇ ਸਮਾਜ ਦੇ ਰੀਤੀ-ਰਿਵਾਜ਼ਾਂ ਨਾਲ ਵੀ ਹੈ। ਇਹ ਦੇਖਿਆ ਗਿਆ ਹੈ ਕਿ ਕਈ ਵਾਰ ਸਮਾਜਿਕ ਰੀਤੀ ਰਿਵਾਜ ਹੀ ਟੂਣਾ ਬਣ ਜਾਂਦੇ ਹਨ। ਰੀਤੀ-ਰਿਵਾਜਾਂ ਜਾਂ ਰਸਮਾਂ ਦੀ ਪੂਜਾ ਦਾ ਕੋਈ ਵਿਧਾਨ ਜਾਂ ਨਿਯਮ ਸਥਾਪਤ ਹੁੰਦਾ ਹੈ ਪਰ ਕਈ ਵਾਰ ਇਹਨਾਂ 'ਚ ਤਬਦੀਲੀ ਵੀ ਆ ਜਾਂਦੀ ਹੈ। ਪੁਰਾਣੇ ਸਮੇਂ 'ਚ ਯੱਗਾਂ 'ਚ ਨਰਬਲੀ, ਪਸ਼ੂ ਬਲੀ (ਜਿਵੇਂ ਬੱਕਰ ਦੀ ਬਲੀ ਅੱਜ ਵੀ ਪ੍ਰਚੱਲਿਤ ਹੈ), ਅਨਾਜ ਬਲੀ ਆਦਿ ਬੜੀ ਪ੍ਰਚੱਲਿਤ ਸੀ। ਜਿਉਂ-ਜਿਉਂ ਸਮਾਂ ਬੀਤਦਾ ਗਿਆ, ਨਰਬਲੀ ਦੀ ਜਗ੍ਹਾ ਨਾਰੀਅਲ ਬਲੀ ਨੇ ਲੈ ਲਈ ਪ੍ਰੰਤੂ ਲੁਕ-ਛਿਪ ਕੇ ਸੰਤਾਨ ਦੀ ਪ੍ਰਾਪਤੀ ਲਈ ਕਿਸੇ ਦੇ ਬੱਚੇ ਨੂੰ ਅਗਵਾ ਕਰਕੇ ਅੱਜ ਵੀ ਇਸ ਦੀ ਬਲੀ ਦਾ ਕੁਕਰਮ, ਅਗਿਆਨੀ ਮਾਨਸਿਕਤਾ ਕਿਤੇ ਨਾ ਕਿਤੇ ਜ਼ਰੂਰ ਕੰਮ ਕਰ ਰਹੀ ਹੈ। ਕਿਸੇ ਦੇ ਬੱਚੇ ਅਗਵਾ ਕਰਕੇ ਚੁੱਕਣਾ ਤੇ ਉਸਦੀ ਹੱਤਿਆ ਇਸ ਲਈ ਕਰ ਦੇਣੀ ਕਿ ਮੇਰੇ ਸੰਤਾਨ ਪੈਦਾ ਹੋਵੇ, ਇਹ ਕਿੱਥੋਂ ਦੀ ਅਕਲਮੰਦੀ ਹੈ? ਇਸ ਨਾਲ ਉਦੇਸ਼ ਦੀ ਪ੍ਰਾਪਤੀ ਹੋਵੇ ਜਾਂ ਨਾ ਇਸ ਨਾਲ ਕੋਈ ਸਰੋਕਾਰ ਨਹੀਂ ਹੈ।

ਇਸ ਉਕਤ ਉਪਚਾਰ ਤੋਂ ਇਲਾਵਾ ਇਕ ਹੋਰ ਉਪਚਾਰਿਕ ਵਿਧੀ ਜਿਸ ਨੂੰ ਫਾਂਡਾ ਕਹਿੰਦੇ ਹਨ। ਕਈ ਵਾਰ ਇਹ ਵਹਿਮ ਵੀ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਪਸ਼ੂ ਬਿਮਾਰ ਹੋ ਜਾਵੇ ਤਾਂ ਲੋਕ ਕਹਿ ਦਿੰਦੇ ਹਨ ਕਿ ਇਸ ਡੰਗਰ ਦੇ ਉਪਰ ਦੀ ਕੋਈ 'ਉੱਗੂ' ਭਾਵ ਕੋਈ ਜਾਨਵਰ ਜੋ ਦਿਸਦਾ ਨਹੀਂ ਹੈ, ਲੰਘ ਗਿਆ ਹੈ। ਪਸ਼ੂ ਇੱਕਦਮ ਜ਼ਮੀਨ 'ਤੇ ਡਿੱਗ ਪੈਂਦਾ ਹੈ। ਦਰਅਸਲ 'ਚ ਇਹ ਪਸ਼ੂਆਂ ਨੂੰ ਪੈਣ ਵਾਲਾ ਦਿਲ ਦਾ ਦੌਰਾ ਹੈ। ਜਿਸ ਨਾਲ ਪਸ਼ੂ ਬੇਸੁਰਤ ਹੋ ਜਾਂਦਾ ਹੈ ਤੇ ਆਪਣੀਆਂ ਲੱਤਾਂ ਜੋਰ-ਜੋਰ ਦੀ ਜ਼ਮੀਨ 'ਤੇ ਡਿੱਗ ਕੇ ਮਾਰਦਾ ਹੈ, ਮਾਨੋਂ ਜਿਵੇਂ ਉਹ ਤੜਫ ਰਿਹਾ ਹੋਵੇ, ਕਿਉਂਕਿ ਉਸਦੇ ਦਿਲ ਤੇ ਦਰਦ ਹੋ ਰਿਹਾ ਹੁੰਦਾ ਹੈ। ਪਰ ਅਗਿਆਨੀ ਲੋਕ ਕਿਸੇ ਡਾਕਟਰ ਨੂੰ ਬੁਲਾਉਣ ਦੀ ਥਾਂ ਕਹਿੰਦੇ ਹਨ ਕਿ ਇਸ ਉਪਰ ਦੀ ਕੋਈ ਉੱਗੂ ਲੰਘ ਗਿਆ ਹੈ ਤੇ ਉਹ ਫਾਂਡਾ ਕਰਨ ਲਈ, ਕਿਸੇ ਫਾਂਡੇ ਵਾਲੇ ਵਿਅਕਤੀ ਨੂੰ ਬੁਲਾ ਕੇ ਉਸਦਾ ਇਲਾਜ ਧੂਣੀ 'ਚ ਕੁ ਮਿਲਾਅ ਕੇ ਧੂੰਏਂ ਨਾਲ ਘੇਰਾ ਕੱਢ ਕੇ ਕੀਤਾ ਜਾਂਦਾ ਹੈ ਤੇ ਪਸ਼ੂ ਦਿਲ ਦੇ ਦੌਰੇ ਉਪਰੰਤ ਜਾਂ ਤਾਂ ਉਠ ਖੜ੍ਹਦਾ ਹੈ ਜਾਂ ਫਿਰ ਮਰ ਜਾਂਦਾ ਹੈ। ਸੱਪ ਦੇ ਡੰਗ ਮਾਰ ਜਾਣ 'ਤੇ ਉਂਝ ਬੇਸ਼ੱਕ ਦਵਾਈ ਲੈ ਲੈਂਦੇ ਹਨ ਪਰ ਕਿਸੇ ਸਿਆਣੇ ਤੋਂ ਫਾਂਡਾ ਕਰਵਾ ਕੇ ਵੀ ਲੋਕ ਬੇਫਿਕਰ ਹੋ ਜਾਂਦੇ ਹਨ। ਜਦੋਂ ਕਿਸੇ ਵਿਅਕਤੀ ਦੇ ਕੱਖ ਲੱਗ ਜਾਵੇ ਤਾਂ ਜ਼ਿਆਦਾਤਰ ਲੋਕ ਫਾਂਡਾ ਹੀ ਕਰਵਾਉਂਦੇ ਹਨ। ਸੀਤਲਾ ਜਾਂ ਮਾਤਾ (ਚਿਕਨ ਪੌਕਸ) ਇਸ ਨੂੰ ਚੇਚਕ ਦੀ ਬਿਮਾਰੀ ਵੀ ਕਿਹਾ ਜਾਂਦਾ ਹੈ ਦੇ ਨਿਕਲਣ 'ਤੇ ਵੀ ਲੋਕ 'ਰੱਖ' ਰਖਵਾਉਂਦੇ ਹਨ, ਫਾਂਡਾ ਕਰਵਾਉਂਦੇ ਹਨ ਤੇ ਕਈ ਤਾਂ ਇਸ ਬਿਮਾਰੀ ਦੀ ਦਵਾਈ ਵੀ ਨਹੀਂ ਲੈਂਦੇ ਸਗੋਂ ਮਾਤਾ ਦੇ ਮੰਦਰ ਜਾ ਕੇ ਮੱਥਾ ਟੇਕ ਕੇ ਹੀ ਬਿਮਾਰੀ ਤੋਂ ਨਿਜਾਤ ਭਾਲਦੇ ਹਨ। ਕਈਆਂ ਦੇ ਸਰੀਰ 'ਤੇ ਇਸ ਬਿਮਾਰੀ ਨਾਲ ਜ਼ਖ਼ਮ ਹੋ ਜਾਂਦੇ ਹਨ ਤੇ ਮੂੰਹ 'ਤੇ ਡੂੰਘ ਪੈਣ ਨਾਲ ਬੰਦਾ ਬਦਸੂਰਤ ਹੋ ਜਾਂਦਾ ਹੈ।



ਸਰੀਰ ਦੇ ਜੋੜਾਂ ਦੀਆਂ ਦਰਦਾਂ ਦਾ ਮਰੀਜ਼, ਜਿਸ ਨੂੰ ਐਲੋਪੈਥੀ 'ਚ ਆਰਥੇਰਾਈਟਸ ਦੀ ਬਿਮਾਰੀ ਵੀ ਕਹਿੰਦੇ ਹਨ, ਅੱਜ ਵੀ ਲੋਕ ਸਰੀਰ 'ਤੇ ਰਾਖ ਮਲ ਕੇ ਜ਼ਮੀਨ ਉਪਰ ਸੌਂਦੇ ਹਨ। ਸਾਧੂ-ਸੰਤ ਰਾਖ ਦੀ ਚੁਟਕੀ ਮੱਥੇ ਤੇ ਲਾਉਣ ਲਈ ਤੇ ਚੱਟਣ ਲਈ ਵੀ ਦਿੰਦੇ ਹਨ ਤੇ ਕਹਿੰਦੇ ਹਨ- 'ਬੱਚਾ ਤੂੰ ਬਿਲਕੁਲ ਠੀਕ ਹੋ ਜਾਏਗਾ।' ਇਹ ਸਾਰੇ ਇਲਾਜ ਜਾਂ ਉਪਚਾਰ ਮਨੁੱਖਤਾ ਦੇ ਵਿਸ਼ਵਾਸ ਨਾਲ ਆਦਿ ਕਾਲ ਤੋਂ ਜੁੜੇ ਹੋਏ ਹਨ ਜੋ ਪੀੜ੍ਹੀ ਦਰ ਪੀੜ੍ਹੀ ਮਨੁੱਖ ਨਾਲ ਚਲਦੇ-ਚਲਦੇ ਅੱਜ ਸਾਡੇ ਨਾਲ ਵਿਗਿਆਨ ਦੇ ਆਧੁਨਿਕ ਯੁੱਗ 'ਚ ਪ੍ਰਵੇਸ਼ ਕਰ ਚੁੱਕੇ ਹਨ ਤੇ ਮਾਨਵਤਾ ਦੇ ਨਾਲ ਚਿੰਬੜੇ, ਲੱਥਦੇ ਵੀ ਨਹੀਂ ਹਨ। ਚੇਤਨ ਜਾਂ ਅਵਚੇਤਨ ਤੌਰ 'ਤੇ ਮਨੁੱਖ ਇਹਨਾਂ ਤੋਂ ਛੁਟਕਾਰਾ ਵੀ ਨਹੀਂ ਪਾਉਣਾ ਚਾਹੁੰਦਾ ਕਿਉਂਕਿ ਇਹ ਰਹੱਸਮਈ ਭਰਮ-ਭੁਲੇਖੇ, ਉਹ ਭਰਮ-ਭੁਲੇਖੇ ਹਨ ਜੋ ਸਾਡੀ ਜ਼ਿੰਦਗੀ 'ਤੇ ਸਭਿਆਚਾਰ ਦਾ ਅੰਗ ਬਣ ਗਏ ਹਨ। ਵਿਗਿਆਨ ਦੀ ਲਾਸਾਨੀ ਤਰੱਕੀ ਦੇ ਬਾਵਜੂਦ ਵੀ ਅਸੀਂ ਇਹਨਾਂ ਨਾਲ ਚਿਪਕੇ ਹੋਏ ਹਾਂ ਕਿਉਂਕਿ ਮਾਲਿਨੋਵਸਕੀ ਨੇ ਆਪਣੀ ਪੁਸਤਕ 'ਮੈਜਿਕ, ਸਾਇੰਸ, ਰਿਲੀਜਨ ਤੇ ਐਸੇਜ' ਵਿਚ ਲਿਖਿਆ ਹੈ- "ਜਾਦੂ ਤੇ ਵਿਗਿਆਨ 'ਚ ਦਿਖਾਵਟੀ ਪੱਧਰ 'ਤੇ ਸਮਾਨਤਾ ਹੈ। ਜਾਦੂ ਦੀ ਵਰਤੋਂ ਚਿੰਤਾ ਤੇ ਅਸੁਰੱਖਿਆ ਨੂੰ ਘੱਟ ਕਰਨ ਵਾਸਤੇ ਕੀਤੀ ਜਾਂਦੀ ਹੈ।" ਇਸ ਦਾ ਇਹੀ ਕਾਰਨ ਹੈ ਕਿ ਜਿਸ ਚੀਜ਼ ਨੂੰ ਅਸੀਂ ਨਾ ਦੇਖਿਆ ਹੋਵੇ ਉਸ ਦੀ ਕਾਲਪਨਿਕ ਤਸਵੀਰ ਬਣਾ ਕੇ, ਉਸ ਤੋਂ ਡਰਨਾ ਤੇ ਉਸ ਦੀ ਪੂਜਾ ਕਰਨੀ ਸ਼ੁਰੂ ਕਰ ਦਿੰਦੇ ਹਾਂ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਅਸੀਂ ਬਾਬਿਆਂ, ਜੋਤਸ਼ੀਆਂ, ਤਾਂਤਰਿਕਾਂ ਤੇ ਹੋਰ ਝਾੜ-ਫੂਕ ਕਰਨ ਵਾਲਿਆਂ ਦੇ ਚੱਕਰਾਂ 'ਚ ਫਸ ਜਾਂਦੇ ਹਾਂ ਤੇ ਸਾਰੀ ਉਮਰ ਉਹਨਾਂ ਦੇ ਚੱਕਰਾਂ 'ਚੋਂ ਬਾਹਰ ਨਹੀਂ ਨਿਕਲਦੇ। ਅੱਜ ਭਾਵੇਂ ਵਿਗਿਆਨ ਨੇ ਬੜੀ ਤਰੱਕੀ ਕਰ ਲਈ ਹੈ ਤੇ ਹਰ ਬਿਮਾਰੀ ਨੂੰ ਡਾਕਟਰੀ ਇਲਾਜ ਨਾਲ ਠੀਕ ਕਰਨ ਦਾ ਸਫਲ ਯਤਨ ਵੀ ਹੋ ਰਿਹਾ ਹੈ ਪਰ ਫਿਰ ਵੀ ਮਾਨਸਿਕ ਰੋਗੀਆਂ ਦੀ ਗਿਣਤੀ ਹਰ ਸਾਲ ਵਧਦੀ ਹੀ ਜਾਂਦੀ ਹੈ ਤੇ ਬਹੁਤ ਵੱਡੀ ਗਿਣਤੀ 'ਚ ਲੋਕ ਆਪਣੇ ਵਾਲ ਖਿਲਾਰ ਕੇ ਢੋਲਕੀਆਂ, ਛੈਣਿਆਂ ਦੀ ਤਾਲ 'ਤੇ ਡੋਲੀਆਂ ਖੇਡ ਰਹੇ ਹਨ ਤੇ ਆਪਣਾ ਮਾਨਸਿਕ ਤੇ ਆਰਥਿਕ ਸ਼ੋਸ਼ਣ ਕਰਵਾ ਰਹੇ ਹਨ।

ਮਨੁੱਖ ਦੀ ਮਾਨਸਿਕਤਾ ਇੰਨੀ ਕਮਜ਼ੋਰ ਹੋ ਗਈ ਹੈ ਕਿ ਅਸੀਂ ਹਰ ਵੇਲੇ, ਹਰ ਮੌਕੇ 'ਤੇ ਟੂਣਿਆਂ ਤੇ ਝਾੜ-ਫੂਕ ਦਾ ਸਹਾਰਾ ਭਾਲਦੇ ਹਾਂ। ਬੱਚਾ ਜਦੋਂ ਪੈਦਾ ਹੁੰਦਾ ਹੈ ਤਾਂ ਅਸੀਂ ਉਸ ਨੂੰ ਜਨਮ ਤੋਂ ਹੀ ਟੂਣਿਆਂ ਨਾਲ ਉਸ ਦਾ ਸਵਾਗਤ ਕਰਦੇ ਹਾਂ। ਉਸ ਨੂੰ ਭੂਤਾਂ-ਪ੍ਰੇਤਾਂ ਤੇ ਬਦਰੂਹਾਂ ਤੋਂ ਦੂਰ ਰੱਖਣ ਲਈ, ਬੱਚੇ ਵਾਲੇ ਕਮਰੇ ਦੀਆਂ ਬਰੂਹਾਂ ਨੂੰ ਸਰੀਂਹ ਜਾਂ ਨਿੰਮ ਦੇ ਪੱਤੇ ਬੰਨ੍ਹ ਦਿੰਦੇ ਹਾਂ। ਵੈਸੇ ਤਾਂ ਇਸ ਦਾ ਵਿਗਿਆਨਕ ਪੱਖ ਇਹ ਹੈ ਕਿ ਇਹ ਪੱਤੇ ਕੀਟਾਣੂ ਨਾਸ਼ਕ ਹੁੰਦੇ ਹਨ ਤੇ ਬਿਮਾਰੀਆਂ ਫੈਲਣ ਤੋਂ ਰੋਕਦੇ ਹਨ। ਬੱਚਿਆਂ ਦੇ ਗਲ 'ਚ ਕੌਡੀ ਪਿਰੋਅ ਕੇ ਖਾਈ ਜਾਂਦੀ ਹੈ। ਬੱਚਾ ਜੇ ਦੁੱਧ ਵੱਧ ਪੀ ਲੈਣ ਕਰਕੇ ਦੁੱਧ ਸੁੱਟ ਦੇਵੇ ਤਾਂ ਵੀ ਸਿਆਣੇ ਕੋਲੋਂ ਟੂਣਾ ਕਰਵਾਇਆ ਜਾਂਦਾ ਹੈ। ਜੇਕਰ ਬੱਚਾ ਬਿਮਾਰ ਹੋ ਜਾਵੇ ਤਾਂ ਨਜ਼ਰ ਲੱਗ ਗਈ ਸਮਝ ਕੇ ਮੱਥੇ ਕਾਲਾ ਟਿੱਕਾ ਲਾਇਆ ਜਾਂਦਾ ਹੈ ਤਾਂ ਜੋ ਉਸਨੂੰ ਬੁਰੀ ਨਜ਼ਰ ਨਾ ਲੱਗੇ। ਸਿਆਣੇ ਜਾਂ ਬਜ਼ੁਰਗਾਂ ਦੀ ਅਰਥੀ ਤੋਂ ਸੁੱਟਿਆ ਪੈਸਾ ਜਾਂ ਛੁਹਾਰਾ ਬੱਚੇ ਦੇ ਗਲ਼ 'ਚ ਪਿਰੋਅ ਕੇ ਪਾਇਆ ਜਾਂਦਾ ਹੈ ਤਾਂ ਜੋ ਉਹ ਬੁਰੀ ਨਜ਼ਰ ਤੋਂ ਬਚ ਸਕੇ।

ਜਿੱਥੇ ਮਨੁੱਖ ਨੇ ਆਪਣੇ ਨਾਲ ਟੂਣੇ ਜੋੜ ਲਏ ਹਨ, ਇਸੇ ਤਰ੍ਹਾਂ ਉਸ ਨੇ ਪਸ਼ੂਆਂ ਨੂੰ ਵੀ ਨਹੀਂ ਬਖਸ਼ਿਆ ਤੇ ਉਹਨਾਂ ਨਾਲ ਵੀ ਕਈ ਤਰ੍ਹਾਂ ਦੇ ਟੂਣੇ ਜੋੜ ਲਏ ਹਨ। ਦੁਧਾਰੂ ਪਸ਼ੂ ਮੱਝ-ਗਾਂ ਜੇ ਦੁੱਧ ਵੱਧ ਦਿੰਦੀ ਹੈ ਤਾਂ ਓਪਰੇ ਮਨੁੱਖ ਕੋਲੋਂ ਦੁੱਧ ਨੂੰ ਪਰਦਾ ਕੀਤਾ ਜਾਂਦਾ ਹੈ। ਕਿਸੇ ਸਿਆਣੇ ਤੋਂ ਪੇੜਾ ਕਰਵਾ ਕੇ ਪਸ਼ੂ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਉਸ ਨੂੰ ਨਜ਼ਰ ਲੱਗਣ ਤੋਂ ਬਚਾਇਆ ਜਾ ਸਕੇ। ਕਈ ਵਾਰ ਪਿੰਡਾਂ 'ਚ ਪਸ਼ੂਆਂ 'ਚ ਬਿਮਾਰੀ ਫੈਲ ਜਾਂਦੀ ਹੈ ਤਾਂ ਕਈ ਬੰਦੇ ਨੰਗੇ ਪੈਰੀ ਜਾ ਕੇ ਸਿਆਣੇ ਕੋਲੋਂ ਤਵੀਤ ਕਰਵਾ ਕੇ ਲਿਆਉਂਦੇ ਹਨ। ਤਵੀਤ ਦੀ ਇਕ ਪਰਚੀ ਕੋਰੀ ਠੂਠੀ 'ਚ ਗੂੰਦ ਨਾਲ ਚਿਪਕਾ ਕੇ ਮੁੰਜ ਦੀ ਰੱਸੀ ਨਾਲ ਦਰਵਾਜ਼ੇ ਮੂਹਰੇ ਬੰਨ੍ਹ ਦਿੱਤੀ ਜਾਂਦੀ ਹੈ। ਦੂਜੀ ਪਰਚੀ ਕੜਾਹੇ ਦੇ ਪਾਣੀ 'ਚ ਘੋਲ ਕੇ ਟੂਣੇ ਦਾ ਪਾਣੀ ਤਿਆਰ ਕੀਤਾ ਜਾਂਦਾ ਹੈ। ਸਵੇਰੇ ਹੀ ਪਿੰਡ ਦੇ ਸਾਰੇ ਲੋਕਾਂ ਨੂੰ ਚੁੱਲ੍ਹੇ ਨਾ ਬਾਲਣ ਦੀ ਤਕੀਦ 'ਤੇ ਪਿੰਡ ਤੋਂ ਬਾਹਰ ਜਾਣ ਦੀ ਮਨਾਹੀ ਕੀਤੀ ਜਾਂਦੀ ਹੈ। ਸਰੀਰ ਦੀ ਤੰਦਰੁਸਤੀ ਤੇ ਅਰੋਗਤਾ ਲਈ ਵੀ ਟੂਣੇ ਕੀਤੇ ਜਾਂਦੇ ਹਨ। ਜੇਕਰ ਕੋਈ ਕੁੱਤਾ ਕੱਟ ਜਾਵੇ ਤਾਂ ਉਸ ਦੇ ਮਾਲਕ ਕੋਲੋਂ ਜ਼ਖਮ ਉੱਤੇ ਲਾਲ ਮਿਰਚਾਂ ਦੀ ਲੇਪ ਕਰਵਾਈ ਜਾਂਦੀ ਹੈ। ਸ਼ਨੀਵਾਰ ਵਾਲੇ ਦਿਨ ਕਾਲੇ ਕੁੱਤੇ ਜਾਂ ਕਾਲੀ ਗਊ ਨੂੰ ਰੋਟੀ ਪਾਉਣੀ ਵੀ ਸਰੀਰਕ ਤੰਦਰੁਸਤੀ ਸਬੰਧਿਤ ਟੂਣੇ ਹਨ। ਮਿਰਗੀ ਪੈਣ 'ਤੇ ਰੋਗੀ ਨੂੰ ਜੁੱਤੀ ਸੁੰਘਾਈ ਜਾਂਦੀ ਹੈ। ਸੋਕੜੇ ਤੋਂ ਪੀੜਤ ਬੱਚੇ ਨੂੰ ਤੰਦਰੁਸਤ ਕਰਨ ਲਈ ਖੋਤੇ ਉਪਰ ਬਿਠਾ ਕੇ ਚੌਰਾਹੇ 'ਚ ਨੁਹਾਇਆ ਜਾਂਦਾ ਹੈ। ਕਈ ਹੋਰ ਬਿਮਾਰੀਆਂ ਨੂੰ ਦੂਰ ਕਰਨ ਲਈ ਮੱਸਿਆ ਦੀ ਰਾਤ ਨੂੰ ਕਿਸੇ ਟੋਭੇ ਜਾਂ ਦਰਿਆ ਦੇ ਕੰਢੇ ਚੌਮੁੱਖਾ ਦੀਵਾ ਬਾਲ ਕੇ ਰੱਖਿਆ ਜਾਂਦਾ ਹੈ ਤੇ ਮਰੀਜ਼ ਦੇ ਕੱਪੜੇ ਤੇ ਸਤਨਾਜਾ ਆਦਿ ਉਥੇ ਸੁੱਟ ਦਿੱਤਾ ਜਾਂਦਾ ਹੈ। ਗੁੱਟ ਨੂੰ ਮਰੋੜਾ ਪੈਣ 'ਤੇ ਜਿਸ ਦਾ ਨਾਨਾ-ਨਾਨੀ ਤੇ ਦਾਦਾ-ਦਾਦੀ ਦੋਵੇਂ ਜਿਊਂਦੇ ਹੋਣ, ਕੋਲੋਂ ਗੁੱਟ 'ਤੇ ਕਾਲਾ ਧਾਗਾ ਬੰਨ੍ਹਵਾਇਆ ਜਾਂਦਾ ਹੈ। ਕਈ ਟੂਣੇ ਜਾਂ ਰੱਖਾਂ ਦਿਨਾਂ ਦੇ ਨਾਲ ਵੀ ਜੁੜੀਆਂ ਹੋਈਆਂ ਹਨ ਜਿਵੇਂ: ਮੀਟ-ਸ਼ਰਾਬ ਆਦਿ ਮੰਗਲਵਾਰ, ਵੀਰਵਾਰ ਤੇ ਐਤਵਾਰ ਦੇ ਦਿਨਾਂ 'ਚ ਖਾਣੇ-ਪੀਣੇ ਮਨਾਹੀ ਹਨ ਕਿਉਂਕਿ ਇਹ ਦਿਨ ਪੀਰਾਂ ਦੇ ਪਹਿਰੇ ਦੇ ਹੁੰਦੇ ਹਨ। ਬਿੱਲੀ ਰਸਤਾ ਕੱਟ ਜਾਏ ਤਾਂ ਕੰਮ ਨਹੀਂ ਬਣਦਾ, ਘਰੋਂ ਮਿੱਠਾ ਮੂੰਹ ਕਰਕੇ ਜਾਓ ਤਾਂ ਕੰਮ ਬਣ ਜਾਂਦਾ ਹੈ, ਨਿੱਛ ਆਉਣ 'ਤੇ ਜ਼ਰਾ ਰੁਕ ਜਾਓ ਕਿਉਂਕਿ ਛਿੱਕ ਆਉਣ 'ਤੇ ਬਦਸਗਨੀ ਸਮਝੀ ਜਾਂਦੀ ਹੈ। ਕੁਝ ਨੰਬਰ ਲੱਕੀ ਜਾਂ ਅਣਲੱਕੀ ਕਹੇ ਜਾਂਦੇ ਹਨ। ਚੰਡੀਗੜ੍ਹ 'ਚ 13 ਨੰਬਰ ਦਾ ਸੈਕਟਰ ਨਹੀਂ ਹੈ ਕਿਉਂਕਿ 13 ਨੰਬਰ ਨੂੰ ਨਮਰੌਲੋਜੀ ਦੇ ਹਿਸਾਬ ਨਾਲ ਅਣਲੱਕੀ ਸਮਝਿਆ ਜਾਂਦਾ ਹੈ।

ਇਹ ਸਾਰੇ ਉਕਤ ਟੂਣੇ ਆਪਣੇ ਭਲੇ ਲਈ ਹੀ ਕੀਤੇ ਜਾਂਦੇ ਹਨ। ਇਸ ਦੇ ਮੁਕਾਬਲੇ 'ਚ ਕੁਝ ਟੂਣੇ ਅਜਿਹੇ ਵੀ ਹਨ ਜੋ ਦੂਸਰੇ ਦਾ ਨੁਕਸਾਨ ਕਰਨ ਲਈ ਵੀ ਕੀਤੇ ਜਾਂਦੇ ਹਨ।

ਅਗਿਆਨਤਾ ਤੇ ਅੰਧ-ਵਿਸ਼ਵਾਸਾਂ ਦੇ ਵੱਸ ਹੋ ਕੇ ਭਾਰਤ ਇਕੱਲਾ ਦੇਸ਼ ਨਹੀਂ ਹੈ, ਜਿੱਥੇ ਅਜਿਹੇ ਟੂਣੇ ਕਰਨ ਦੇ ਪ੍ਰਚਲਣ ਚੱਲ ਰਹੇ ਹਨ ਸਗੋਂ ਸੰਸਾਰ ਦੇ ਸਾਰੇ ਦੇਸ਼ਾਂ 'ਚ ਅਜਿਹੇ ਅੰਧ-ਵਿਸ਼ਵਾਸਾਂ ਤੇ ਟੂਣਿਆਂ ਦਾ ਬੋਲਬਾਲਾ ਹੈ। ਜਰਮਨੀ 'ਚ ਵੀ ਲੋਕ ਡੈਣਾਂ ਤੇ ਰਾਖਸ਼ਾਂ ਦੀ ਹੋਂਦ ਨੂੰ ਮੰਨਦੇ ਹਨ। ਜਿਸ ਦਾ ਪ੍ਰਤੱਖ ਪ੍ਰਮਾਣ, ਉਥੇ ਮਨਾਇਆ ਜਾਂਦਾ 'ਵਾਲ ਪੁਰਗਿਸ ਨਾਈਟ' ਦਾ ਤਿਉਹਾਰ ਹੈ। ਬਾਹਰ ਆਉਣ 'ਤੇ ਉਥੋਂ ਦੇ ਲੋਕ ਡੈਣਾਂ ਤੇ ਰਾਖਸ਼ਾਂ ਦਾ ਰੂਪ ਧਾਰ ਕੇ ਇਕੱਠੇ ਹੁੰਦੇ ਹਨ ਤੇ ਵੱਡੀ ਪਾਰਟੀ ਦਾ ਆਯੋਜਨ ਕਰਦੇ ਹਨ। ਇਹ ਮੰਨਿਆ ਜਾਂਦਾ ਹੈ ਕਿ ਹਰ ਵਰ੍ਹੇ ਦੀ ਤੀਹ ਅਪ੍ਰੈਲ ਨੂੰ ਡੈਣਾਂ ਤੇ ਰਾਖਸ਼ ਹਾਰਜ ਪਹਾੜਾਂ ਦੀਆਂ ਚੋਟੀਆਂ 'ਤੇ ਇਕੱਤਰ ਹੁੰਦੇ ਹਨ ਅਤੇ ਮੀਟਿੰਗਾਂ ਕਰਦੇ ਹਨ। ਇਹਨਾਂ ਡੈਣਾਂ ਤੇ ਰਾਖਸ਼ਾਂ ਵੱਲੋਂ ਪਹੁੰਚਾਏ ਜਾਣ ਵਾਲੇ ਨੁਕਸਾਨ ਤੋਂ ਬਚਣ ਲਈ ਇਸ ਦਿਨ ਲੋਕ 'ਵਾਲ ਪੁਰਗਿਸ' ਦਾ ਆਯੋਜਨ ਕਰਦੇ ਹਨ।

ਰਾਤ ਨੂੰ ਲੋਕ ਰਾਖਸ਼ਾਂ ਤੇ ਡੈਣਾਂ ਦੀਆਂ ਪੁਸ਼ਾਕਾਂ ਪਾ ਕੇ ਲੱਕੜਾਂ ਦੇ ਢੇਰ ਨੂੰ ਅੱਗ ਲਾ ਕੇ ਉਸ ਦੁਆਲੇ ਨੱਚਦੇ ਹਨ। ਚਿਹਰਿਆਂ ਤੇ ਨਕਾਬ ਤੇ ਡਰਾਉਣੇ ਮਖੌਟੇ ਪਾ ਕੇ ਮਾਹੌਲ ਨੂੰ ਡਰਾਉਣਾ ਬਣਾ ਦਿੰਦੇ ਹਨ। ਅੱਧੀ ਰਾਤ ਤੋਂ ਕੁਝ ਪਲ ਪਹਿਲਾਂ ਡੈਣਾਂ ਤੇ ਰਾਖਸ਼ਾਂ ਦੇ ਪੁਤਲਿਆਂ ਨੂੰ ਅੱਗ 'ਚ ਸੁੱਟ ਦਿੱਤਾ ਜਾਂਦਾ ਹੈ। ਇਸ ਤੋਂ ਉਪਰੰਤ ਬਹਾਰ ਦੀ ਰਾਣੀ 'ਮੇ ਕੁਈਨ' ਦੇ ਰੂਪ 'ਚ ਇਕ ਛੋਟੀ ਬੱਚੀ ਰਾਤ ਦੇ ਬਾਰਾਂ ਵਜੇ ਪ੍ਰਵੇਸ਼ ਕਰਦੀ ਹੈ ਤੇ ਬਦੀ ਦੇ ਖਾਤਮੇ ਉਪਰੰਤ ਖੁਸ਼ਹਾਲੀ ਤੇ ਤਰੱਕੀ ਦਾ ਸੁਨੇਹਾ ਦਿੰਦੀ ਹੈ। ਇਸ ਤੋਂ ਇਲਾਵਾ ਤਕਰੀਬਨ ਇਸ ਜਰਮਨ ਦੇ ਤਿਉਹਾਰ ਨਾਲ ਮਿਲਦਾ-ਜੁਲਦਾ ਤਿਉਹਾਰ ਜਿਸ ਨੂੰ 'ਹੈਲੋ ਵਿਨ' ਦਾ ਤਿਉਹਾਰ ਕਹਿੰਦੇ ਹਨ ਹਰ ਸਾਲ ਅਕਤੂਬਰ ਮਹੀਨੇ 'ਚ 31 ਤਰੀਕ ਨੂੰ ਅਮਰੀਕਾ 'ਚ ਮਨਾਇਆ ਜਾਂਦਾ ਹੈ। ਦੁਨੀਆ ਦਾ ਸਭ ਤੋਂ ਅਗਾਂਹ ਵਧੂ ਦੇਸ਼ ਹੋਣ ਦੇ ਬਾਵਜੂਦ ਵੀ ਇੱਥੋਂ ਦੇ ਲੋਕ ਭੂਤਾਂ-ਪ੍ਰੇਤਾਂ ਤੇ ਅੰਧ-ਵਿਸ਼ਵਾਸਾਂ 'ਚ ਵਿਸ਼ਵਾਸ ਰੱਖਦੇ ਹਨ।

ਅੰਧ-ਵਿਸ਼ਵਾਸ, ਜਾਦੂ-ਟੂਣੇ, ਮੰਤਰ, ਫਾਂਡੇ, ਚੌਂਕੀਆਂ ਭਰਨਾ, ਸਿਰ ਘੁੰਮਾਅ ਕੇ ਖੇਡਾਂ ਦੇਣਾ, ਪੁੱਛਾਂ ਦੇਣੀਆਂ ਆਦਿ ਵਿਗਿਆਨਕ ਸੋਚ ਦੇ ਵਿਰੁੱਧ ਹੈ ਤੇ ਅੱਜ ਦੇ ਕੰਪਿਊਟਰ ਦੇ ਯੁੱਗ 'ਚ ਇਹਨਾਂ ਦੀ ਕੋਈ ਸਾਰਥਕ ਜਗ੍ਹਾ ਨਹੀਂ ਹੈ ਪਰ ਫਿਰ ਵੀ ਅਜੋਕਾ ਮਨੁੱਖ ਇਹਨਾਂ ਕਿਰਿਆਵਾਂ ਦੇ ਦੁਆਲੇ ਪਰਿਕਰਮਾ ਕਰਦਾ ਇਹਨਾਂ ਤੋਂ ਆਪਣਾ ਮੂੰਹ ਮੋੜਨ ਲਈ ਤਿਆਰ ਨਹੀਂ ਹੋ ਰਿਹਾ। ਮਨੁੱਖ ਪ੍ਰਕਿਰਤੀ ਦੀ ਰਚਨਾ ਹੈ ਪਰ ਇਹਨਾਂ ਅੰਧ-ਵਿਸ਼ਵਾਸਾਂ 'ਚ ਘਿਰਿਆ ਮਨੁੱਖ ਇਸ ਵਿਗਿਆਨਕ ਸੋਚ ਨੂੰ ਮੰਨਣ ਲਈ ਤਿਆਰ ਨਹੀਂ ਹੈ। ਉਹ ਆਦਿ ਕਾਲ ਤੋਂ ਹੀ ਇਸ ਦਾ ਗੁਲਾਮ ਬਣਿਆ ਹੋਇਆ ਹੈ ਤੇ ਉਸ ਦਾ ਪ੍ਰਥਮ ਫਰਜ਼ ਇਹੀ ਬਣਦਾ ਹੈ ਕਿ ਉਹ ਪ੍ਰਕਿਰਤੀ ਦੀ ਰਜ਼ਾ 'ਚ ਰਹੇ। ਪ੍ਰਕਿਰਤੀ ਨਾਲ ਛੇੜ-ਛਾੜ ਕਰਕੇ ਮਨੁੱਖ ਨੇ ਆਪਣੇ ਲਈ ਔਕੜਾਂ ਹੀ ਸਹੇੜੀਆਂ ਹਨ।

ਸਮਲਿੰਗੀ ਵਿਆਹ, ਕੁੱਖ 'ਚ ਧੀਆਂ ਨੂੰ ਕਤਲ ਕਰਨਾ, ਰੁੱਖਾਂ ਨੂੰ ਵੱਢਣਾ, ਪਾਣੀਆਂ ਦੀ ਬਰਬਾਦੀ ਆਦਿ ਕਰਕੇ ਪ੍ਰਕਿਰਤੀ ਨੂੰ ਵੰਗਾਰਿਆ ਹੈ। ਮਨੁੱਖ ਨੇ ਇਹਨਾਂ ਸਭ ਕਰਤੂਤਾ ਦਾ ਖਮਿਆਜ਼ਾ ਵੀ ਭੁਗਤਣਾ ਸ਼ੁਰੂ ਕਰ ਦਿੱਤਾ ਹੈ। ਬੇਮੌਸਮੀ ਵਰਖਾ, ਤੂਫਾਨ, ਭੂਚਾਲ, ਪਾਣੀ ਦੀ ਕਮੀ, ਆਲਮੀ ਤਪਸ਼ ਤੇ ਖਾਣ-ਪੀਣ ਦੀਆਂ ਵਸਤਾਂ 'ਚ ਮਿਲਾਵਟ ਆਦਿ ਤਕਲੀਫ਼ਾਂ ਨੇ ਮਨੁੱਖਤਾ ਨੂੰ ਚੁਫੇਰਿਓਂ ਘੇਰ ਲਿਆ ਹੈ। ਇਹ ਤਕਲੀਫ਼ਾਂ ਮਨੁੱਖਤਾ ਨੂੰ ਹੜੱਪਣ ਲਈ ਮੂੰਹ ਅੱਡੀ ਖੜੀਆਂ ਹਨ। ਇਹ ਮਨੁੱਖ ਦੇ ਪ੍ਰਕਿਰਤੀ ਨੂੰ ਵੰਗਾਰਨ ਦੇ ਹੀ ਨਤੀਜੇ ਹਨ। ਵਿਗਿਆਨ ਨੂੰ ਮਨੁੱਖ ਨੇ ਆਪਣੀ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਕੀਤੇ ਜਾ ਰਹੇ ਸੰਘਰਸ਼ ਦਾ ਗਵਾਹ ਤਾਂ ਬਣਾਇਆ ਹੈ ਪਰ ਆਦਿ ਕਾਲੀਨ ਸਮੇਂ ਤੋਂ ਮਨੁੱਖੀ ਪ੍ਰਵਿਰਤੀਆਂ ਉਪਰ ਰਾਜ ਕਰ ਰਹੀਆਂ ਅਖੌਤੀ ਤੇ ਪ੍ਰਾਭੌਤਿਕ ਸ਼ਕਤੀਆਂ, ਇੰਨੀ ਜਲਦੀ ਮਨੁੱਖਤਾ ਨੂੰ ਆਜ਼ਾਦ ਕਰਨ ਦੇ ਰੌਂਅ 'ਚ ਨਹੀਂ ਹਨ। ਤਰਕਸ਼ੀਲ ਵਿਚਾਰਧਾਰਾ ਵਾਲੇ ਲੋਕਾਂ ਨੇ ਇਸ ਨੂੰ ਇਕ ਵੰਗਾਰ ਵਜੋਂ ਲੈ ਕੇ ਮੁਹਿੰਮ ਸ਼ੁਰੂ ਤਾਂ ਕੀਤੀ ਹੈ ਪਰ ਮਨੁੱਖ ਪ੍ਰਕਿਰਤੀ ਦੀ ਸਚਾਈ ਤੇ ਵਿਗਿਆਨ ਨੂੰ ਮੰਨਣ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਹੈ ਤੇ ਨਾ ਹੀ ਇਹਨਾਂ ਜਾਦੂ-ਟੂਣਿਆਂ ਤੇ ਅੰਧ-ਵਿਸ਼ਵਾਸਾਂ ਤੋਂ ਮੁਕਤੀ ਪਾਉਣ ਦਾ ਉਸਦਾ ਹੌਸਲਾ ਅਜੇ ਬਣਿਆ ਹੈ।

ਪਿਆਰੇ ਪਾਠਕ ਵੀਰੋ! ਇਹਨਾਂ ਅੰਧ-ਵਿਸ਼ਵਾਸਾਂ ਤੇ ਟੂਣਿਆਂ ਤੋਂ ਇਨਸਾਨ ਪੂਰੀ ਤਰ੍ਹਾਂ ਨਿਜ਼ਾਤ ਪਾ ਸਕਦਾ ਹੈ ਜੇਕਰ ਉਹ 'ਕੀ, ਕਿਉਂ ਤੇ ਕਿਵੇਂ" ਦੇ ਫਾਰਮੂਲੇ ਨੂੰ ਅਪਣਾ ਕੇ ਆਪਣਾ ਜੀਵਨ-ਪੰਥ ਤਹਿ ਕਰੇ ਤਾਂ? ਇਹ ਤਿੰਨੋਂ ਅਜਿਹੇ ਪ੍ਰਸ਼ਨ ਹਨ ਜਿਹਨਾਂ ਦੇ ਕਾਰਨਾਂ ਨੂੰ ਜਾਨਣ ਨਾਲ ਮਨੁੱਖ ਆਪਣੇ ਦੁੱਖਾਂ-ਤਕਲੀਫ਼ਾਂ, ਕਲੇਸ਼ਾਂ ਤੇ ਬਿਮਾਰੀਆਂ ਪ੍ਰਤੀ ਜਾਗਰੂਪ ਹੁੰਦਾ ਹੈ।

ਪਹਿਲਾ ਪ੍ਰਸ਼ਨ ਹੈ ਕੀ, ਇਸ ਨਾਲ ਪਤਾ ਚੱਲਦਾ ਹੈ ਕਿ ਦੁੱਖ-ਕਲੇਸ਼ ਆਦਿ ਕੀ ਹਨ? ਇਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇ? ਦੂਸਰਾ ਪ੍ਰਸ਼ਨ ਹੈ ਕਿਉਂ, ਇਸ ਨਾਲ ਜਾਨਣ ਦੀ ਕੋਸ਼ਿਸ਼ ਕਰੋ ਕਿ ਇਹ ਦੁੱਖ-ਕਲੇਸ਼ ਤੇ ਤਕਲੀਫ਼ ਕਿਉਂ ਆਈ ਹੈ? ਇਸ ਦੇ ਆਉਣ ਦੇ ਕਿਹੜੇ-ਕਿਹੜੇ ਕਾਰਨ ਹਨ ਤੇ ਤੀਸਰਾ ਪ੍ਰਸ਼ਨ ਹੈ ਕਿ ਇਹਨਾਂ ਤਕਲੀਫ਼ਾਂ ਦਾ ਹੱਲ ਕਿਵੇਂ ਕਰਨਾ ਹੈ? ਸਰੀਰਕ ਬਿਮਾਰੀ ਹੈ ਤਾਂ ਡਾਕਟਰੀ ਇਲਾਜ, ਮਾਨਸਿਕ ਰੋਗ ਹੈ ਤਾਂ ਇਸ ਦਾ ਇਲਾਜ ਮਨੋਵਿਗਿਆਨਕ ਡਾਕਟਰ ਤੋਂ ਇਲਾਜ, ਅਗਰ ਗਰੀਬੀ ਹੈ ਤਾਂ ਇਸਦਾ ਇਲਾਜ ਪਹਿਲਾਂ ਪੜ੍ਹਾਈ-ਲਿਖਾਈ ਕਰਕੇ ਗਿਆਨ ਹਾਸਲ ਕਰਨਾ ਤੇ ਬਾਅਦ 'ਚ ਚੰਗੀ ਨੌਕਰੀ ਜਾਂ ਕੋਈ ਕਾਰੋਬਾਰ ਕਰਨਾ ਆਦਿ। ਇਸ ਤਰ੍ਹਾਂ ਕਰਨ ਨਾਲ ਇਨਸਾਨ ਚਿੰਤਾ-ਮੁਕਤ ਹੋ ਜਾਂਦਾ ਹੈ ਤੇ ਉਸ ਨੂੰ ਆਪਣੀਆਂ ਮੁਸੀਬਤਾਂ ਦੀ ਪੂਰੀ ਜਾਣਕਾਰੀ ਤੇ ਕਾਰਨਾਂ ਦਾ ਪਤਾ ਚੱਲ ਜਾਂਦਾ ਹੈ।

ਜਦੋਂ ਇਹਨਾਂ ਤਿੰਨਾਂ ਫ਼ਾਰਮੂਲਿਆਂ ਨਾਲ ਸਾਨੂੰ ਆਪਣੀਆਂ ਤਕਲੀਫ਼ਾਂ ਦਾ ਤੇ ਉਹਨਾਂ ਦੇ ਹੱਲ ਦਾ ਪਤਾ ਲੱਗ ਜਾਂਦਾ ਹੈ ਤਾਂ ਫਿਰ ਸਾਨੂੰ ਤਾਂਤਰਿਕਾਂ, ਜੋਤਸ਼ੀਆਂ, ਬਾਬਿਆਂ, ਪੁੱਛਾਂ ਤੇ ਝਾੜ-ਫੂਕ ਕਰਨ ਵਾਲਿਆਂ ਕੋਲ ਜਾਣ ਦੀ ਲੋੜ ਨਹੀਂ ਪੈਂਦੀ। ਇਹਨਾਂ ਲੋਕਾਂ ਨੂੰ ਵੀ ਤਕਲੀਫ਼ਾਂ ਆਉਂਦੀਆਂ ਹਨ ਤੇ ਇਹ ਵੀ ਉਕਤ ਦੱਸੇ ਫਾਰਮੂਲੇ ਮੁਤਾਬਕ ਹੀ ਚੱਲ ਕੇ ਸਮੱਸਿਆਵਾਂ ਦਾ ਹੱਲ ਲੱਭਦੇ ਹਨ, ਪਰ ਇਹ ਕਿੱਤਾ ਤਾਂ ਇਹਨਾਂ ਨੇ ਲੋਕਾਂ ਨੂੰ ਗੁੰਮਰਾਹ ਕਰਕੇ ਆਰਥਿਕ ਲੁੱਟ-ਖਸੁੱਟ ਕਰਨ ਲਈ, ਆਪਣੇ ਰੁਜ਼ਗਾਰ ਵਜੋਂ ਅਪਣਾਇਆ ਹੋਇਆ ਹੈ। ਪ੍ਰਾਭੌਤਿਕ ਸ਼ਕਤੀਆਂ ਨਾਮ ਦੀ ਕੋਈ ਚੀਜ਼ ਦਾ ਬਜੂਦ ਇਸ ਸੰਸਾਰ 'ਚ ਹੈ ਹੀ ਨਹੀਂ।

ਸਿਰਫ਼ ਪ੍ਰਕਿਰਤੀ ਦੀ ਸਚਾਈ 'ਚ ਵਿਸ਼ਵਾਸ ਰੱਖਣ ਨਾਲ ਹੀ ਜ਼ਿੰਦਗੀ ਦਾ ਆਨੰਦ ਮਾਣਿਆ ਜਾ ਸਕਦਾ ਹੈ ਜਾਂ ਮਿਹਨਤ ਨਾਲ ਗਿਆਨ ਪ੍ਰਾਪਤ ਕਰਕੇ ਜਾਂ ਉਕਤ ਦੱਸੇ ਫਾਰਮੂਲੇ ਨੂੰ ਅਪਣਾਉਣ ਤੇ ਵਿਗਿਆਨਕ ਸੋਚ ਬਣਾਉਣ ਨਾਲ ਹੀ ਸੰਸਾਰਕ ਦੁੱਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

# ਭਾਰਤ ਦਾ ਦਲਿਤ ਰੋ ਰਿਹਾ ਹੈ



ਮੋਹਨ ਲਾਲ ਫਿਲੌਰੀਆ
98884-05888
ਐਚ. ਐਮ. 142, ਹਾਊਸਿੰਗ ਬੋਰਡ ਕਾਲੋਨੀ,
ਅਰਬਨ ਅਸਟੇਟ-1, ਜਲੰਧਰ।

"ਭਾਰਤ ਦੇਸ਼ ਦਾ ਦਲਿਤ ਰੋ ਰਿਹਾ ਹੈ।''

ਇਹ ਕੀ ਹੋ ਰਿਹਾ ਹੈ?

ਇਹ ਸਮਝ ਨਹੀਂ ਆ ਰਹੀ ਕਿ ਦੇਸ਼ ਦਾ ਦਲਿਤ ਕਿਉਂ ਰੋ ਰਿਹਾ ਹੈ? ਵੈਸੇ ਵੇਖਿਆ ਜਾਵੇ ਤਾਂ ਦੇਸ਼ ਦਾ ਦਲਿਤ ਹੀ ਨਹੀਂ, ਇਸ ਸਮੇਂ ਗੈਰ ਦਲਿਤ ਵੀ ਰੋ ਰਿਹਾ ਹੈ। ਹੋਰ ਤਾਂ ਹੋਰ ਦਾਲ ਕਰਕੇ ਹੀ ਗੈਰ ਮਾਸਾਹਾਰੀ ਲੋਕ ਵੀ ਰੋਈ ਜਾ ਰਹੇ ਹਨ। ਦਲਿਤਾਂ ਨੂੰ ਦੋਹਰੀ ਮਾਰ ਪੈ ਰਹੀ ਹੈ। ਇਕ ਤਾਂ ਉਹ ਦਲਿਤ ਹਨ ਤੇ ਦੂਜਾ ਦਾਲ ਬੜੀ ਮਹਿੰਗੀ ਹੈ। ਰੋਣਾ ਸੁਭਾਵਿਕ ਹੈ।

ਦਲਿਤਾਂ ਦੇ ਰੋਣ ਦੇ ਅਨੇਕਾਂ ਕਾਰਨ ਹਨ। ਜੇ ਨਾ ਵੀ ਰੋਂਦੇ ਹੋਣ ਤਾਂ ਉਹ ਆਖ ਦਿੰਦੇ ਹਨ ਕਿ "ਛੱਡੋ ਜੀ ਦਲਿਤ ਦੀ ਸ਼ਕਲ ਹੀ ਰੋਣੀ ਹੈ। ਇਹਨਾਂ ਨੇ ਤਾਂ ਰੋਈ ਹੀ ਜਾਣਾ ਹੈ ਜਿੰਨਾ ਮਰਜ਼ੀ ਦਈ ਜਾਓ।'' ਅਗਲਿਆਂ ਨੇ ਦਲਿਤਾਂ ਨੂੰ ਰੋਂਦਾ ਵੇਖ ਕੇ ਦਲਿਤਾਂ ਦੀ ਤੁਲਨਾ ਕੁੱਤਿਆਂ ਨਾਲ ਕਰ ਦਿੱਤੀ ਹੈ। ਬੜਾ ਬਵਾਲ ਮਚਿਆ, ਅਗਲੇ ਟੱਸ ਤੋਂ ਮੱਸ ਨਾ ਹੋਏ। ਗੱਦੀਆਂ ਕਾਇਮ ਰਹੀਆਂ। ਦੇਸ਼ ਦਾ ਦਲਿਤ ਰੋਂਦਾ ਰਿਹਾ।

ਵੇਖੋ ਨਾ, ਅਗਲਿਆਂ ਨੇ ਦਲਿਤਾਂ ਨੂੰ ਕੁੱਤਾ ਕਿਹਾ ਹੈ। ਕੁੱਤਾ ਕਿਹਾ ਜਾਂਦਾ ਰਿਹਾ ਹੈ ਅਤੇ ਰਹੇਗਾ ਵੀ, ਇਸ ਦੇ ਬਾਵਜੂਦ ਕਿ ਬਹੁਤ ਸਾਰੇ ਕਾਨੂੰਨ ਬਣੇ ਹੋਏ ਹਨ, ਬਣਾਏ ਹੋਏ ਹਨ ਇਹ ਰੋਣਾ ਬੰਦ ਨਹੀਂ ਹੋਇਆ। ਸਥਿਤੀ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਦਲਿਤਾਂ ਨੂੰ ਕੁੱਤਾ ਕਿਹਾ ਜਾਣ ਲੱਗਾ ਤੇ ਕੁੱਤਿਆਂ ਨੂੰ 'ਦਲਿਤ' ਸਮਝਿਆ ਜਾਂਦਾ ਰਿਹਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਕੁੱਤਾ ਵੀ ਰੋਂਦਾ ਰਿਹਾ ਹੈ ਪਰ ਕੁੱਤਾ ਜਦ ਲੰਮੀ ਹੇਕ ਲਾ ਕੇ ਰੋਂਦਾ ਸੀ ਤਾਂ ਤਬਾਹੀ ਹੋਣ ਦੇ ਸੰਕੇਤ ਸਮਝਿਆ ਜਾਂਦਾ ਸੀ। ਕੁੱਤੇ ਦੇ ਰੋਣ ਦੀ ਆਵਾਜ਼ ਸੁਣ ਕੇ ਬੰਦੇ ਡਰ ਜਾਂਦੇ ਸੀ। ਕੁਝ ਮਾੜਾ ਵਾਪਰਨ ਦਾ ਖਦਸ਼ਾ ਮਹਿਸੂਸ ਹੋਣ ਲੱਗਦਾ। ਕਈ ਵਾਰ ਇਹ ਰੋਣਾ ਮਾੜਾ ਸਮਝਿਆ ਜਾਂਦਾ। ਕੁੱਤੇ ਕਿਤੇ ਦੂਰ ਚਲੇ ਜਾਂਦੇ। ਅਜੋਕੇ ਯੁੱਗ ਵਿਚ ਦਲਿਤਾਂ ਲਈ ਇਕ ਸਵਾਲ ਹੈ ਕਿ 'ਕਦੋਂ ਤੱਕ ਹੋਰ ਰੋਣਾ ਹੈ- ਕੁਝ ਨਾ ਕੁਝ ਤਾਂ ਹੋਣਾ ਹੈ' ਬੱਸ ਤਿਆਰ ਰਹੋ ਜਾਂ ਕੋਈ ਤਿਆਰੀ ਫੜੋ।

ਹੁਣ ਵੇਖੋ ਨਾ ਦੇਸ਼ ਆਜ਼ਾਦ ਹੋਏ ਨੂੰ 68 ਸਾਲ ਹੋ ਗਏ ਹਨ। ਦੇਸ਼ ਦੇ ਦਲਿਤਾਂ ਨੂੰ ਵੋਟ ਦਾ ਅਧਿਕਾਰ ਮਿਲ ਗਿਆ। ਸੰਵਿਧਾਨ ਨੇ ਆਗਿਆ ਦਿੱਤੀ ਐਮ. ਪੀ., ਐਮ. ਐਲ. ਏ. ਬਣੇ। ਮਿਊਂਸਪਲ ਕਮੇਟੀਆਂ ਦੇ ਮੈਂਬਰ ਬਣੇ, ਨਗਰ ਪਾਲਿਕਾ-ਪ੍ਰਮੁੱਖ ਬਣੇ। ਪੰਚਾਇਤਾਂ ਵਿਚ ਹਿੱਸੇਦਾਰੀ ਮਿਲੀ। ਇਸ ਦੇ ਬਾਵਜੂਦ ਦਲਿਤ ਰੋਂਦਾ ਹੀ ਨਜ਼ਰ ਆਉਂਦਾ ਹੈ। ਟੀ. ਵੀ. ਸੈਂਟਰ ਤੋਂ ਟੀ. ਵੀ. 'ਤੇ ਰੋਂਦੇ ਕੁਰਲਾਂਦੇ ਦਲਿਤ ਵਿਖਾਈ ਦਿੰਦੇ ਹਨ। ਬਲਾਤਕਾਰ ਦੀਆਂ ਘਟਨਾਵਾਂ ਵਾਪਰਦੀਆਂ ਹਨ। ਦੋਸ਼ੀ ਫੜੇ ਹੀ ਨਹੀਂ ਜਾਂਦੇ, ਬੇਵਸੀ ਦਾ ਆਲਮ ਹੈ। ਡਾਢਿਆਂ ਦਾ ਰਾਜ ਹੈ। ਦਲਿਤਾਂ ਨੂੰ ਵੰਡਿਆ ਜਾ ਰਿਹਾ ਹੈ। ਦਲਿਤਾਂ ਨੂੰ ਭੰਡਿਆ ਜਾ ਰਿਹਾ ਹੈ। ਦਲਿਤਾਂ ਨੂੰ ਲਤਾੜਿਆ ਜਾ ਰਿਹਾ ਹੈ। ਦਲਿਤਾਂ ਨੂੰ ਸਾੜਿਆ ਜਾ ਰਿਹਾ ਹੈ। ਹੁਣ ਵੇਖੋ ਨਾ, ਹਰਿਆਣਾ ਦੇ ਇਕ ਪਿੰਡ ਵਿਚ ਦੋ ਬੱਚੇ ਜ਼ਿੰਦਾ ਸਾੜ ਦਿੱਤੇ ਗਏ। ਹੱਦ ਹੋ ਗਈ, ਬੱਚਿਆਂ ਨੇ ਭਲਾ ਦੁਨੀਆ ਵਿਚ ਵੇਖਿਆ ਹੀ ਕੀ ਸੀ? ਉਹਨਾਂ ਨੇ ਕੀ ਕਸੂਰ ਕੀਤਾ ਸੀ? ਇਹੀ ਨਾ ਕਿ ਉਹਨਾਂ ਬੱਚਿਆਂ ਨੇ ਦਲਿਤ ਪਰਿਵਾਰ ਵਿਚ ਜਨਮ ਲੈ ਲਿਆ, ਜਿਹੜਾ ਉਹਨਾਂ ਦੇ ਵੱਸ ਵਿਚ ਨਹੀਂ ਸੀ।

ਹੁਣ ਵੇਖੋ ਨਾ, ਸਫਾਈ ਤੇ ਸਵੱਛ ਭਾਰਤ ਦੀ ਚਰਚਾ ਹੋ ਰਹੀ ਹੈ ਪਰ ਫਿਰ ਵੀ ਦਲਿਤਾਂ ਦੀਆਂ ਬਸਤੀਆਂ ਗੰਦੀਆਂ ਹਨ। ਗੰਦੀਆਂ ਬਸਤੀਆਂ ਵਿਚ ਦਲਿਤਾਂ ਦੀਆਂ ਜਥੇਬੰਦੀਆਂ ਹਨ। ਦਲਿਤ ਬਸਤੀਆਂ ਵਿਚ ਸੰਤਾਂ ਦੇ ਡੇਰੇ ਹਨ। ਉਹ ਫਿਰ ਵੀ ਰੋ ਰਹੇ ਹਨ। ਹਾਲਾਤ ਨੇ ਉਹਨਾਂ ਨੂੰ ਰੋਣ ਲਈ ਮਜਬੂਰ ਕੀਤਾ ਹੋਇਆ ਹੈ। ਦਲਿਤਾਂ ਦੀ ਬਹੁਗਿਣਤੀ ਹੈ ਪਰ ਉਹਨਾਂ ਨੂੰ ਉਹਨਾਂ ਦਾ ਹਿੱਸੇ ਦਾ ਵੀ ਨਹੀਂ ਦਿੱਤਾ ਜਾ ਰਿਹਾ। ਉਹਨਾਂ ਨੂੰ ਸਮਾਜ ਵਿਚੋਂ ਕੱਢਿਆ ਜਾ ਰਿਹਾ ਹੈ। ਜਾਤੀ ਵਿਤਕਰਾ ਸਦੀਆਂ ਤੋਂ ਚੱਲ ਰਿਹਾ ਹੈ। ਕਈ ਤਰ੍ਹਾਂ ਦੇ ਸ਼ਾਸਨ ਅਤੇ ਪ੍ਰਸ਼ਾਸਨ ਆਏ ਪਰ ਕਦੇ ਇਸ ਪਾਸੇ ਕਿਸੇ ਦਾ ਧਿਆਨ ਹੀ ਨਹੀਂ ਗਿਆ। ਸਾਢੇ ਤਿੰਨ ਸੌ ਸਾਲ ਅੰਗਰੇਜ਼ਾਂ ਨੇ ਭਾਰਤ ਵਿਚ ਰਾਜ ਕੀਤਾ। ਇਸ ਸਮੱਸਿਆ ਵੱਲ ਉਹਨਾਂ ਨੇ ਵੀ ਧਿਆਨ ਨਾ ਦਿੱਤਾ। 15ਵੀਂ, 16ਵੀਂ ਸਦੀ ਵਿਚ ਗੁਰੂ ਭਗਤਾਂ ਨੇ ਇਸ ਵਿਰੁੱਧ ਆਵਾਜ਼ ਤਾਂ ਉਠਾਈ ਪਰ ਉਹ ਧਾਰਮਿਕ ਪੁਸਤਕਾਂ ਤੇ ਧਾਰਮਿਕ ਡੇਰਿਆਂ ਵਿਚ ਬੰਦ ਹੋ ਗਈ। ਕਿਸੇ ਨੇ ਵੀ ਸਮਾਜਿਕ ਜਾਗ੍ਰਤੀ ਵੱਲ ਧਿਆਨ ਨਾ ਦਿੱਤਾ ਅਤੇ ਸਮਾਜਿਕ ਜਾਤੀ ਆਧਾਰਿਤ ਵਿਤਕਰਾ ਛੂਤ-ਛਾਤ ਅਤੇ ਸ਼ੂਦਰਪੁਣੇ ਦਾ ਰੋਗ ਖਤਮ ਨਾ ਹੋਇਆ। 20ਵੀਂ ਸਦੀ ਵਿਚ ਆਜ਼ਾਦੀ ਦੀ ਲਹਿਰ ਤੋਂ ਥੋੜ੍ਹਾ ਸਮਾਂ ਬਾਅਦ ਡਾ. ਭੀਮ ਰਾਓ ਅੰਬੇਡਕਰ ਨੇ ਪਹਿਲੀ ਵਾਰ ਵਿਦੇਸ਼ ਵਿਚੋਂ ਪਰਤ ਕੇ ਭਾਰਤ ਵਿਚ ਹੀ ਸਮਾਜਿਕ ਦਸ਼ਾ ਤੇ ਦੁਰਦਸ਼ਾ ਨੂੰ ਸਮਝਿਆ ਤੇ ਇਸ ਦਾ ਵਿਸ਼ਲੇਸ਼ਣ ਕੀਤਾ। ਉਹਨਾਂ ਨੂੰ ਭਲੀ ਪੂਰਵਕ ਸਮਝ ਆਈ ਕਿ ਸ਼ੂਦਰਾਂ ਨਾਲ ਨਫ਼ਰਤ ਕਿਉਂ ਕੀਤੀ ਜਾ ਰਹੀ ਹੈ? ਇਸ ਦੇ ਪਿੱਛੇ 'ਮਨੂੰਵਾਦੀ' ਤਾਕਤਾਂ ਕਿੱਥੋਂ ਤੇ ਕਿਵੇਂ ਕੰਮ ਕਰ ਰਹੀਆਂ ਹਨ? ਸਿੱਖਿਆ ਦੀ ਕਮੀ, ਆਰਥਿਕ ਨਾ ਬਰਾਬਰੀ-ਸਮਾਜਿਕ ਬੁਰਾਈਆਂ, ਬਾਲ ਮਜ਼ਦੂਰੀ ਵਰਗੇ ਨੁਕਤਿਆਂ ਨੇ ਉਹਨਾਂ ਨੂੰ ਝੰਜੋੜ ਕੇ ਰੱਖ ਦਿੱਤਾ। ਉਹਨਾਂ ਅਨੁਭਵ ਕੀਤਾ ਅਤੇ ਲਿਖਿਆ Turn to any direction you will find monster of caste ਭਾਵ ਤੁਸੀਂ ਕਿਸੇ ਵੀ ਦਿਸ਼ਾ ਵੱਲ ਜਾਂ ਦਸ਼ਾ ਵੱਲ ਚਲੇ ਜਾਓ, ਤੁਹਾਨੂੰ 'ਜਾਤੀ ਦੈਂਤ' ਕਿਤੇ ਨਾ ਕਿਤੇ ਮਿਲ ਹੀ ਜਾਏਗਾ। ਜਾਤ ਦਾ ਦੈਂਤ ਹਰ ਜਗ੍ਹਾ ਮੌਜੂਦ ਹੈ।

ਦੇਸ਼ ਵਿਚਲੀ ਸਿਆਸੀ, ਧਾਰਮਿਕ ਅਤੇ ਸਮਾਜਿਕ ਸਥਿਤੀ ਅਜਿਹੀ ਹੈ ਜੋ ਬਦ-ਅਮਨੀ ਦਾ ਸ਼ਿਕਾਰ ਹੈ। ਜਾਤ ਦਾ ਕੋਹੜ ਹਰ ਜਗ੍ਹਾ ਹੈ ਤੇ ਜਾਤੀ ਵਿਤਕਰਾ ਵੀ। ਕੋਈ ਵੀ ਮਨੁੱਖ ਜੇ ਆਰਥਿਕ ਤੌਰ 'ਤੇ ਮਜ਼ਬੂਤੀ ਫੜ ਵੀ ਜਾਵੇ ਤਾਂ ਇਹ ਜਾਤ ਦੀ ਤੁਹਮਤ ਨਾਲ ਤੁਰੀ ਰਹਿੰਦੀ ਹੈ। ਇਹ ਇਕ ਪਰਛਾਵਾਂ ਹੈ, ਜਿਸ ਨੂੰ ਵੇਖ ਕੇ ਦੇਸ਼ ਦਾ ਹਰ ਦਲਿਤ ਰੋਂਦਾ ਹੈ। ਚੰਗਾ ਵੀ ਤੇ ਮਾੜਾ ਵੀ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਮੌਜੂਦਾ ਸੰਵਿਧਾਨ ਵਿਚ ਬਹੁਤ ਸਾਰੇ ਵਾਅਦੇ ਕੀਤੇ ਗਏ। ਦਲਿਤਾਂ ਨੂੰ ਅਧਿਕਾਰ ਦਿੱਤੇ ਗਏ ਜਿਸ ਤੋਂ ਲੱਗਿਆ ਕਿ ਸਮਾਜਿਕ ਬਰਾਬਰੀ ਆ ਜਾਵੇਗੀ। ਸੰਵਿਧਾਨ ਦੀ ਪ੍ਰਸਤਾਵਨਾ ਵਿਚ ਹੀ ਬੜਾ ਕੁਝ ਲਿਖ ਦਿੱਤਾ। ਇਹ ਸੰਵਿਧਾਨ ਲਾਗੂ ਹੋਣ ਤੇ ਭਾਰਤ ਦੀ ਰਾਜਾ ਤੇ ਜਨਤਾ ਦੀ ਵੋਟ ਇਕ ਬਰਾਬਰ ਹੋਵੇਗੀ ਅਤੇ ਵੋਟ ਦੀ ਕੀਮਤ ਬਰਾਬਰ ਹੋਵੇਗੀ। ਡਾ. ਅੰਬੇਡਕਰ ਨੇ ਆਪਣੇ ਰਚੇ ਹੋਏ ਸੰਵਿਧਾਨ ਬਾਰੇ ਆਪ ਹੀ ਲਿਖਿਆ ਕਿ 'ਸੰਵਿਧਾਨ ਕਿੰਨਾ ਹੀ ਚੰਗਾ ਕਿਉਂ ਨਾ ਹੋਵੇ, ਜੇ ਉਸ ਨੂੰ ਲਾਗੂ ਕਰਨ ਵਾਲੇ ਇਮਾਨਦਾਰ ਨਾ ਹੋਏ ਤਾਂ ਸੰਵਿਧਾਨ ਅਰਥਹੀਣ ਹੋ ਕੇ ਰਹਿ ਜਾਵੇਗਾ।'' ਇਹ ਭਵਿੱਖਬਾਣੀ ਠੀਕ ਹੀ ਸਿੱਧ ਹੋ ਗਈ ਹੈ। ਸੰਵਿਧਾਨ ਨੂੰ ਸੋਧ-ਸੋਧ ਕੇ ਇਸ ਨੂੰ ਦੇਸ਼ ਦੇ ਪ੍ਰਬੰਧਕੀ ਵਰਗ ਨੇ ਉਸ ਤਰ੍ਹਾਂ ਦਾ ਕਰ ਲਿਆ ਹੈ ਜਿਸ ਤਰ੍ਹਾਂ ਦੀ ਉਹਨਾਂ ਨੂੰ ਜ਼ਰੂਰਤ ਸੀ। ਬਚਦੀ-ਖੁਚਦੀ ਕਸਰ ਇੱਥੋਂ ਦੀਆਂ ਅਦਾਲਤਾਂ ਦੇ ਸਮੇਂ-ਸਮੇਂ ਸਿਰ ਦਿੱਤੇ ਫੈਸਲਿਆਂ ਨੇ ਪੂਰੀ ਕਰ ਦਿੱਤੀ ਹੈ। ਰਿਜ਼ਰਵੇਸ਼ਨ ਦੀ ਵਿਵਸਥਾ ਸੰਵਿਧਾਨ ਵਿਚ ਕੀਤੀ ਸੀ ਪਰ ਬੰਦੇ ਉਪਲਬਧ ਨਹੀਂ ਸਨ। ਬੰਦੇ ਮਿਲਣ ਲੱਗੇ ਤਾਂ 'ਸਿੱਖਿਆ' ਵਾਲੀ ਡੋਰ ਖਿੱਚ ਲਈ। ਫਿਰ ਵੀ ਔਖੇ-ਸੌਖੇ ਸਿੱਖਿਆ ਪ੍ਰਾਪਤ ਕਰ ਕੇ ਜਿਹੜੇ 'ਮਾਰਕੀਟ' ਵਿਚ ਆਏ ਆਪਣੇ ਪੜ੍ਹਾਇਆਂ ਹੋਇਆਂ ਨੇ ਉਹਨਾਂ ਨੂੰ 'ਨਾ ਕਾਬਲ' ਕਹਿਣਾ ਸ਼ੁਰੂ ਕਰ ਦਿੱਤਾ। ਸਰਕਾਰ ਦੇ ਸਰਕਾਰੀ ਸਕੂਲਾਂ ਵਿਚ ਪੜ੍ਹੇ ਬੱਚੇ ਸਰਕਾਰੀ ਦਫ਼ਤਰਾਂ ਵਿਚ ਕਲਰਕ ਬਣਨ ਦੇ ਕਾਬਲ ਵੀ ਨਾ ਰਹੇ। ਸਿਆਸੀ ਪਾਰਟੀਆਂ ਵਿਚ ਜਿਹੜੇ ਲੋਕ ਵਿਧਾਇਕ ਬਣੇ ਜਾਂ ਸੰਸਦ ਵਿਚ ਗਏ, ਉਹ ਉਥੇ ਜਾ ਕੇ ਦਲਿਤਾਂ ਦੀ ਆਵਾਜ਼ ਨਾ ਬਣ ਸਕੇ। ਉਹ ਨਿੱਜੀ ਤੌਰ 'ਤੇ ਰੱਜ ਗਏ। ਉਹਨਾਂ ਦੇ ਪਰਿਵਾਰ ਵੀ ਰੱਜੇ, ਵੰਸ਼ ਅੱਗੇ ਵਧੇ। ਪਰਿਵਾਰਵਾਦ ਦੇ ਸਿਧਾਂਤ 'ਤੇ ਦਲਿਤ ਪਰਿਵਾਰ ਵੀ ਚੱਲੇ ਪਰ ਦਲਿਤ ਦੇ 'ਰੋਣ ਦਾ ਸਵਾਲ' ਜਵਾਬ ਮੰਗਦਾ ਰਿਹਾ ਕਿਉਂਕਿ ਅਨਪੜ੍ਹਤਾ ਸੀ। ਸੰਵਿਧਾਨ ਲਿਖਿਆ ਸੀ ਪਰ ਲਿਖਤ ਅਨਪੜ੍ਹਤਾ ਕਰਕੇ ਲੋਕਾਂ ਤੋਂ ਦੂਰ ਰਹੀ। ਸਰਕਾਰ ਅਤੇ ਸਿਆਸੀ ਨੇਤਾ ਜਿੱਥੇ ਫੇਲ੍ਹ ਹੋਏ, ਉਸ ਤੋਂ ਅੱਗੇ ਦਲਿਤਾਂ ਦੀਆਂ ਹਜ਼ਾਰਾਂ ਜਥੇਬੰਦੀਆਂ ਹੋਂਦ ਵਿਚ ਆਈਆਂ। ਇਹਨਾਂ ਦਲਿਤ ਜਥੇਬੰਦੀਆਂ ਵਿਚ ਜੋਸ਼ ਤੇ ਉਤਸ਼ਾਹ ਸੀ। ਮੁੱਖ ਮੰਗ ਤਾਂ ਸੰਵਿਧਾਨ ਲਾਗੂ ਕਰਕੇ ਸਮਾਜਵਾਦ ਦੀ ਸੀ ਪਰ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਆਪਣੀ ਸਰਕਾਰ ਦੇ ਵਿਰੋਧ ਵਜੋਂ ਲਿਆ। ਕੋਸ਼ਿਸ਼ ਕੀਤੀ ਗਈ ਕਿ ਦਲਿਤ ਜਥੇਬੰਦੀਆਂ ਦੀ ਆਵਾਜ਼ ਨੂੰ ਦਬਾਅ ਦਿੱਤਾ ਜਾਵੇ। ਨੇਤਾ ਲੋਕ ਵੰਡੇ ਗਏ। ਕਿਸੇ ਵੀ ਜਥੇਬੰਦੀ ਵੱਲ ਧਿਆਨ ਮਾਰ ਲਓ। ਦਲਿਤ ਅੱਗੋਂ ਦਲਿਤ, ਹੋਰ ਦਲਿਤ ਜਾਂ ਮਹਾਂ-ਦਲਿਤ ਉਪਾਧੀ ਨਾਲ ਹੋਂਦ ਪ੍ਰਾਪਤ ਕਰ ਗਏ। ਬਾਮਸੈਫ ਨਾਂ ਦੀ ਸੰਸਥਾ ਬਣੀ। ਇਹ ਦਲਿਤ ਕਰਮਚਾਰੀਆਂ ਅਤੇ ਦਲਿਤ ਸਮਾਜ ਦੇ ਉਥਾਨ ਲਈ ਸੀ ਪਰ ਅੱਜ ਚਾਰ ਬਾਮਸੈਫ ਦੀਆਂ ਬਰਾਂਚਾਂ ਹਨ। ਦੁਆਬੇ ਵਿਚ ਇਕ ਨਹੀਂ, ਦੋ ਨਹੀਂ, ਤਿੰਨ ਨਹੀਂ ਬਲਕਿ ਅਨੇਕਾਂ 'ਅੰਬੇਦਕਰ ਸੈਨਾਵਾਂ' ਕੰਮ ਕਰ ਰਹੀਆਂ ਹਨ। ਹੋਰ ਤਾਂ ਹੋਰ ਰਵਿਦਾਸ ਟਾਈਗਰ ਫੋਰਸ ਬੇਗਮਪੁਰਾ 'ਟਾਈਗਰ ਫੋਰਸ' ਤੇ ਪਤਾ ਨਹੀਂ ਕਿੰਨੀਆਂ 'ਫੋਰਸਾਂ' ਹਨ ਜਿਹਨਾਂ ਨੇ ਆਪਣੇ ਨਾਂ ਦੀਆਂ ਫੱਟੀਆਂ ਲਾ ਰੱਖੀਆਂ ਹਨ। ਦਲਿਤਾਂ ਦੀ ਅੱਜ ਤੱਕ ਕੋਈ ਅਜਿਹੀ ਫੋਰਸ ਪੈਦਾ ਨਹੀਂ ਹੋਈ ਜਿਸ ਨੇ ਕੁਝ ਸਵਾਲ ਆਪਣੀ 'ਸ਼ਕਤੀ' (ਫੋਰਸ) ਨੂੰ ਹੀ ਕਰਨੇ ਹਨ ਜਿਵੇਂ ਸਵਾਲ ਹੈ 'ਦਲਿਤਾਂ ਦੀਆਂ ਜੇ ਜਥੇਬੰਦੀਆਂ ਹਨ ਤਾਂ ਉਹਨਾਂ ਦੀਆਂ ਆਪਣੀਆਂ ਬਸਤੀਆਂ ਕਿਉਂ ਗੰਦੀਆਂ ਹਨ?' ਜਦ ਅਸੀਂ ਗੰਦਗੀ ਦੀ ਗੱਲ ਕਰਦੇ ਹਾਂ ਤਾਂ ਉਸ ਵਿਚ ਵਿਚਾਰਾਂ ਦੀ ਅਤੇ ਆਚਰਣ ਵਿਚ ਫੈਲੀ ਗੰਦਗੀ ਦੀ ਗੱਲ ਵੀ ਸ਼ਾਮਲ ਹੈ। ਕਦੇ ਆਪਣੇ ਚੁਣੇ ਗਏ ਨੁਮਾਇੰਦਿਆਂ ਤੋਂ ਇਹ ਸਵਾਲ ਪੁੱਛਿਆ ਹੀ ਨਹੀਂ ਕਿ ਉਹਨਾਂ ਨੇ ਦਲਿਤ ਫਰੰਟ ਦੀਆਂ ਅਸਫਲਤਾਵਾਂ ਬਾਰੇ ਸਰਕਾਰ ਕੋਲੋਂ ਕਦੇ ਕੋਈ ਜਵਾਬ ਮੰਗਿਆ? ਸਵਾਲ ਉਹਨਾਂ ਧਾਰਮਿਕ ਡੇਰਿਆਂ ਦੇ ਮੁਖੀਆਂ ਤੋਂ ਵੀ ਪੁੱਛਣੇ ਬਣਦੇ ਸਨ ਜਿਹਨਾਂ ਨੇ ਸੰਗਤ ਦੇ ਚੜ੍ਹਾਵਿਆਂ ਨਾਲ ਰੰਗ-ਬਿਰੰਗੀਆਂ ਕਾਰਾਂ ਖਰੀਦੀਆਂ ਹਨ, ਮੌਜ-ਮਸਤੀਆਂ ਕੀਤੀਆਂ ਹਨ ਪਰ ਆਪਣੇ-ਆਪ ਕੋਲੋਂ ਕਦੇ ਇਹ ਸਵਾਲ ਨਹੀਂ ਪੁੱਛਿਆ ਕਿ ਉਹ ਆਪ ਕਦੇ ਕਬੀਰ ਬਾਣੀ, ਰਵਿਦਾਸ ਬਾਣੀ ਵਿਚ ਦੱਸੇ ਮਾਰਗ 'ਤੇ ਚਲੇ ਹਨ? ਹੋਰ ਤਾਂ ਹੋਰ, ਕੀ ਕਦੇ ਅੰਬੇਦਕਰ ਦੇ ਵਿਚਾਰਾਂ ਨੂੰ ਅਪਣਾਇਆ ਹੈ ਜਾਂ ਇਹਨਾਂ ਲੋਕਾਂ ਨੇ ਮੌਜ ਮਸਤੀ ਦਾ ਜੀਵਨ ਹੀ ਗੁਜ਼ਾਰਿਆ ਹੈ? ਹੁਣ ਵੀ ਦੇਰ ਨਹੀਂ ਹੋਈ, ਚਿੰਤਨ ਮੰਥਨ ਦਾ ਸਮਾਂ ਆ ਗਿਆ ਹੈ ਕਿ ਦੇਸ਼ ਦਾ ਦਲਿਤ ਕਿਉਂ ਰੋਈ ਜਾ ਰਿਹਾ ਹੈ? ਰੋਣਾ ਮਸਲਿਆਂ ਦਾ ਹੱਲ ਨਹੀਂ।

ਡਾ. ਅੰਬੇਦਕਰ ਨੇ ਦਲਿਤਾਂ ਨੂੰ ਬਣਦੀ ਨਸੀਹਤ ਦਿੱਤੀ ਸੀ ਕਿ 'ਤੁਹਾਨੂੰ ਆਪਣੀ ਗੁਲਾਮੀ' ਆਪ ਖਤਮ ਕਰਨੀ ਚਾਹੀਦੀ ਹੈ। ਇਸ ਦੀ ਸਮਾਪਤੀ ਲਈ ਕਿਸੇ ਪ੍ਰਮਾਤਮਾ ਜਾਂ ਅਵਤਾਰ 'ਤੇ ਡੋਰ ਨਾ ਛੱਡੋ। ਤੁਹਾਡੀ ਮੁਕਤੀ ਰਾਜਨੀਤਿਕ ਸ਼ਕਤੀ ਵਿਚ ਪਈ ਹੈ, ਯਾਤਰਾਵਾਂ ਕਰਨ ਵਿਚ ਨਹੀਂ, ਵਰਤ ਧਾਰਨ ਵਿਚ ਨਹੀਂ, ਇਹ ਗਰੀਬੀ ਤੇ ਗੁਲਾਮੀ ਤੋਂ ਮੁਕਤ ਨਹੀਂ ਕਰਵਾਏਗੀ। ਤੁਹਾਡੇ ਵਡੇਰੇ ਪੁਸ਼ਤ-ਦਰ-ਪੁਸ਼ਤ ਅਜਿਹਾ ਕਰਦੇ ਆਏ ਪਰ ਕਿਸੇ ਤਰ੍ਹਾਂ ਦੀ ਤੁਹਾਡੀ ਜ਼ਿੰਦਗੀ ਵਿਚ ਜ਼ਰਾ ਜਿੰਨਾ ਵੀ ਫਰਕ ਨਹੀਂ ਪਿਆ। ਆਪਣੇ ਵਡੇਰਿਆਂ ਵਾਂਗ ਚੀਥੜੇ ਪਹਿਨਦੇ ਹੋ, ਟੁਕੜਿਆਂ ਤੇ ਜਿਉਂਦੇ ਹੋ, ਝੁੱਗੀਆਂ ਅਤੇ ਖੁੱਡਾਂ ਵਿਚ ਭਸਮ ਹੋ ਜਾਂਦੇ ਹੋ ਅਤੇ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹੋ, ਜਿਵੇਂ ਮੁਰਗੀਖਾਨੇ ਵਿਚ ਮੌਤ ਦੀ ਦਰ ਜ਼ਿਆਦਾ ਹੁੰਦੀ ਹੈ। ਤੁਹਾਡੇ ਧਾਰਮਿਕ ਵਰਤ ਦੇ ਸਿਧਾਂਤ ਅਤੇ ਦੇਵਤੇ (ਜਾਂ ਅਵਤਾਰ ਪੂਜਾ) ਤੁਹਾਨੂੰ ਭੁੱਖ ਤੋਂ ਨਹੀਂ ਬਚਾ ਸਕਦੇ। ਕੀ ਤੁਸੀਂ ਸੁੱਖ ਦੇ ਅਭਾਵ ਅਤੇ ਨਿਰਾਦਰੀ ਲਈ ਬਣੇ ਹੋ? ਇਹ ਤੁਹਾਡੇ ਪਹਿਲੇ ਜਨਮ ਤੇ ਪਹਿਲਾਂ ਕੀਤੇ ਪਾਪਾਂ ਕਰਕੇ ਨਹੀਂ ਸਗੋਂ ਅਤਿਆਚਾਰੀ ਰਾਜਨੀਤਿਕ ਸ਼ਕਤੀ ਕਰਕੇ ਹੈ ਜਿਹੜੀ ਤੁਹਾਡੇ ਉੱਤੇ ਰਾਜ ਕਰਦੀ ਹੈ। ਤੁਹਾਡੇ ਕੋਲ ਕੋਈ ਸਰਕਾਰੀ ਅਹੁਦਾ ਨਹੀਂ ਜਦਕਿ ਉਨ੍ਹਾਂ ਦਾ ਇਸ 'ਤੇ ਕਬਜ਼ਾ ਹੈ। ਆਪਣੀ ਸ਼ਕਤੀ 'ਤੇ ਭਰੋਸਾ ਕਰੋ।'

ਦਲਿਤ ਜਥੇਬੰਦੀਆਂ ਹਨ। ਉਹਨਾਂ ਦੀਆਂ ਆਪਣੀਆਂ ਬਸਤੀਆਂ ਗੰਦੀਆਂ ਹਨ। ਦਲਿਤਾਂ ਦੀ ਕੁੱਟਮਾਰ, ਬਲਾਤਕਾਰ, ਲੁੱਟਮਾਰ ਜਾਰੀ ਹੈ। ਦੇਸ਼ ਦਾ ਦਲਿਤ ਰੋ ਰਿਹਾ ਹੈ, ਇਹ ਕੀ ਹੋ ਰਿਹਾ ਹੈ?

# ਸਮਾਜਿਕ ਨਿਆਂ- 'ਸਚਾਈ ਜਾਂ ਛਲਾਵਾ'



ਸਤਨਾਮ ਸਿੰਘ ਕੈਥ
ਸਾਬਕਾ ਐਮ. ਪੀ.

ਸਮਾਜਿਕ ਨਿਆਂ ਦਾ ਮੁੱਦਾ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਮੁੱਖ ਮੁੱਦਾ ਬਣਾਇਆ ਗਿਆ ਹੈ। ਸਮਾਜਿਕ ਨਿਆਂ ਦੀ ਭਾਵਨਾ ਨੂੰ ਲਾਗੂ ਕਰਨ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਪੱਛੜੇ ਵਰਗਾਂ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ, ਜੋ ਕਿ ਉਹਨਾਂ ਦੀ ਆਬਾਦੀ ਅਨੁਸਾਰ ਹੋਵੇਗੀ। ਭਾਰਤੀ ਸੰਵਿਧਾਨ ਦੀ ਧਾਰਾ 14, 15, 16, 335 ਆਦਿ ਤਹਿਤ ਵੱਖ ਵੱਖ ਮੱਦਾਂ, ਜਿਹਨਾਂ ਵਿਚ ਕਾਨੂੰਨੀ ਬਰਾਬਰਤਾ, ਵੱਖ-ਵੱਖ ਸਹੂਲਤਾਂ, ਅਛੂਤਪਣ ਦਾ ਖਾਤਮਾ ਅਤੇ ਨੌਕਰੀਆਂ ਵਿਚ ਰਾਖਵਾਂਕਰਨ ਆਦਿ ਸ਼ਾਮਲ ਕੀਤੀਆਂ ਗਈਆਂ ਹਨ।

ਸੰਵਿਧਾਨ ਸਭਾ ਵਿਚ ਇਹ ਮੰਨਿਆ ਗਿਆ ਸੀ ਕਿ ਆਜ਼ਾਦੀ ਦੇ ਪਹਿਲੇ 10 ਸਾਲਾਂ ਵਿਚ ਦਲਿਤਾਂ ਨੂੰ ਸਮਾਜਿਕ ਅਤੇ ਆਰਥਿਕ ਬਰਾਬਰੀ ਮਿਲ ਜਾਵੇਗੀ ਅਤੇ ਜਾਤ-ਪਾਤ ਖਤਮ ਹੋ ਜਾਵੇਗੀ। ਇਸ ਤਰ੍ਹਾਂ ਭਾਰਤ ਦੇ ਦਲਿਤਾਂ ਨਾਲ ਹੋ ਰਹੀਆਂ ਹਰ ਕਿਸਮ ਦੀਆਂ ਵਧੀਕੀਆਂ ਅਤੇ ਵਿਤਕਰਾ ਖਤਮ ਹੋ ਜਾਵੇਗਾ।

ਪਰ ਇਹ ਬੜ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਆਜ਼ਾਦੀ ਦੇ 68 ਵਰ੍ਹਿਆਂ ਬਾਅਦ ਵੀ ਇੰਝ ਨਹੀਂ ਹੋ ਸਕਿਆ। ਆਧੁਨਿਕ ਭਾਰਤ ਵਿਚ ਅੱਜ ਵੀ ਜਾਤ-ਪਾਤ ਇਕ ਸਚਾਈ ਹੈ, ਜਿੱਥੇ ਦਲਿਤਾਂ ਨੂੰ ਸੰਵਿਧਾਨਕ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ। ਉਹਨਾਂ ਦਾ ਸਿਰਫ ਸ਼ੋਸ਼ਣ ਹੀ ਨਹੀਂ ਹੋ ਰਿਹਾ, ਉਹ ਬੇਇੱਜ਼ਤ ਹੀ ਨਹੀਂ ਕੀਤੇ ਜਾ ਰਹੇ, ਸਗੋਂ ਉਹਨਾਂ ਨੂੰ ਅਤਿ ਦੀ ਗਰੀਬੀ 'ਚ ਰਹਿਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਦਲਿਤਾਂ 'ਚੋਂ ਬਹੁਤ ਥੋੜ੍ਹੇ ਦਲਿਤ ਆਪਣੇ ਸੰਘਰਸ਼ ਸਦਕਾ ਸਮਾਜਿਕ ਭੇਦਭਾਵ ਤੇ ਗਰੀਬੀ ਦੇ ਖਤਰਨਾਕ ਹਮਲੇ ਤੋਂ ਆਪਣੇ ਆਪ ਨੂੰ ਬਚਾਅ ਸਕੇ ਹਨ ਅਤੇ ਭਾਰਤੀ ਸਮਾਜ ਵਿਚ ਆਪਣੀ ਹੋਂਦ ਕਾਇਮ ਰੱਖ ਸਕੇ ਹਨ। ਰਾਖਵੇਂਕਰਨ ਨੂੰ ਯਕੀਨੀ ਬਣਾਉਣ ਲਈ ਸੰਵਿਧਾਨਕ ਮੱਦਾਂ ਨੂੰ ਸਮਾਜਿਕ ਨਿਆਂ ਦੀ ਭਾਵਨਾ ਵਜੋਂ ਈਮਾਨਦਾਰੀ ਨਾਲ ਲਾਗੂ ਨਹੀਂ ਕੀਤਾ ਗਿਆ ਹੈ।

ਭਾਰਤੀ ਸਮਾਜ 'ਚ ਯੁੱਗਾਂ ਤੋਂ ਪ੍ਰਚੱਲਿਤ ਜਾਤ-ਪਾਤ ਦੀ ਪ੍ਰਣਾਲੀ, ਜੋ ਵੱਖ-ਵੱਖ ਰੂਪਾਂ 'ਚ ਮੌਜੂਦ ਰਹੀ ਹੈ, ਵਿਰੁੱਧ ਡਾ. ਬੀ. ਆਰ. ਅੰਬੇਡਕਰ ਨੇ ਲੰਬਾ ਅਤੇ ਲਗਾਤਾਰ ਸੰਘਰਸ਼ ਕੀਤਾ, ਦਲਿਤਾਂ ਦੀ ਵੱਖਰੀ ਪਛਾਣ ਦੀ ਨਿਸ਼ਾਨਦੇਹੀ ਬਾਰੇ ਮਜ਼ਬੂਤ ਵਿਚਾਰਾਂ ਅਤੇ ਦਲਿਤਾਂ ਦੇ ਸਿਆਸੀ, ਸਮਾਜਿਕ ਅਤੇ ਆਰਥਿਕ ਹੱਕਾਂ ਬਾਰੇ ਲੰਡਨ 'ਚ ਹੋਈਆਂ ਤਿੰਨ ਗੋਲਮੇਜ਼ ਕਾਨ-ਫਰੰਸਾਂ 'ਚ ਵਿਚਾਰ ਪੇਸ਼ ਕਰਕੇ ਅਤੇ ਦਲਿਤਾਂ ਦੀਆਂ 18 ਸਮਾਜਿਕ ਜਥੇਬੰਦੀਆਂ ਵੱਲੋਂ ਸਾਈਮਨ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਉਹਨਾਂ ਵਾਸਤੇ ਵੱਖਰੇ ਅਧਿਕਾਰਾਂ ਲਈ ਦਿੱਤੀਆਂ ਗਈਆਂ ਦਲੀਲਾਂ ਸਦਕਾ ਹੀ ਇੰਗਲੈਂਡ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ 17 ਅਗਸਤ 1932 ਨੂੰ ਮੁਸਲਮਾਨਾਂ, ਸਿੱਖਾਂ, ਐਂਗਲੋ-ਇੰਡੀਅਨਾਂ ਆਦਿ ਸਮੇਤ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ-ਜਾਤੀਆਂ ਨੂੰ ਵੱਖਰੇ ਅਧਿਕਾਰ ਦੇਣ ਤਹਿਤ ਫਿਰਕੂ ਐਵਾਰਡ (ਕਮਿਊਨਲ ਐਵਾਰਡ) ਦਾ ਐਲਾਨ ਕੀਤਾ ਸੀ। ਇਸ ਫਿਰਕੂ ਐਵਾਰਡ ਤਹਿਤ ਭਾਰਤੀ ਇਤਿਹਾਸ ਵਿਚ ਪਹਿਲੀ ਵਾਰ ਦਲਿਤਾਂ ਨੂੰ ਵੱਖਰੇ ਚੋਣ ਹਲਕਿਆਂ ਅਤੇ ਦੋਹਰੀ ਵੋਟ ਦਾ ਅਧਿਕਾਰ ਮਿਲਿਆ ਪਰ ਗਾਂਧੀ ਜੀ ਵੱਲੋਂ ਇਸ ਦਾ ਵਿਰੋਧ ਕੀਤੇ ਜਾਣ ਕਰਕੇ ਡਾ. ਅੰਬੇਡਕਰ ਅਤੇ ਗਾਂਧੀ ਜੀ ਵਿਚਕਾਰ 'ਪੂਨਾ ਪੈਕਟ' ਹੋਇਆ, ਜਿਸ ਦੇ ਤਹਿਤ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨ-ਜਾਤੀਆਂ ਨੂੰ ਰਾਖਵੇਂਕਰਨ ਦਾ ਅਧਿਕਾਰ ਮਿਲਿਆ।




ਇੱਥੇ ਇਹ ਦੱਸਣਾ ਜ਼ਰੂਰੀ ਬਣਦਾ ਹੈ ਕਿ ਡਾ. ਅੰਬੇਦਕਰ ਦੀ ਅਗਵਾਈ ਵਿਚ ਦਲਿਤਾਂ ਵੱਲੋਂ ਫਿਰਕੂ ਐਵਾਰਡ ਦੇ ਲਾਭਾਂ, ਜਿਹਨਾਂ ਵਿਚ ਵੱਖਰੇ ਚੋਣ ਹਲਕੇ ਅਤੇ ਦੋਹਰੀ ਵੋਟ ਦਾ ਹੱਕ ਸ਼ਾਮਲ ਸੀ, ਨੂੰ ਕੁਰਬਾਨ ਕਰਕੇ ਹੀ ਰਾਖਵੇਂਕਰਨ ਦਾ ਅਧਿਕਾਰ ਪ੍ਰਾਪਤ ਹੋਇਆ, ਜੋ ਸੰਵਿਧਾਨ 'ਚ ਸ਼ਾਮਲ ਕੀਤਾ ਗਿਆ ਸੀ। ਦਲਿਤਾਂ ਨੇ ਇਹ ਕੁਰਬਾਨੀ ਦੇਸ਼ ਦੀ ਖਾਤਰ ਕੀਤੀ ਸੀ। ਇਸ 'ਪੂਨਾ ਪੈਕਟ' ਨੂੰ ਗੌਰਮਿੰਟ ਆਫ ਇੰਡੀਆ ਐਕਟ 1935 ਦੇ ਤਹਿਤ ਕਾਨੂੰਨੀ ਤੌਰ 'ਤੇ ਮਾਨਤਾ ਦਿੱਤੀ ਗਈ ਸੀ, ਜਿਸ ਦੇ ਤਹਿਤ ਦਲਿਤਾਂ ਨੂੰ ਸਿਰਫ ਵੋਟ ਪਾਉਣ ਦਾ ਹੀ ਅਧਿਕਾਰ ਨਹੀਂ ਸੀ ਮਿਲਿਆ, ਸਗੋਂ ਚੁਣੇ ਜਾਣ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ, ਨੌਕਰੀਆਂ ਦਾ ਅਧਿਕਾਰ ਅਤੇ ਜਾਇਦਾਦ ਦਾ ਅਧਿਕਾਰ ਵੀ ਪ੍ਰਾਪਤ ਹੋਇਆ ਸੀ ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਆਜ਼ਾਦੀ ਦਾ ਲੰਬਾ ਸਮਾਂ ਬੀਤ ਜਾਣ 'ਤੇ ਵੀ ਸਮਾਜਿਕ ਅਤੇ ਆਰਥਿਕ ਬਰਾਬਰੀ ਦਲਿਤਾਂ ਵਾਸਤੇ ਇਕ ਛਲਾਵੇ ਵਾਂਗ ਹੈ।

ਇਹ ਬਦਕਿਸਮਤੀ ਹੈ ਕਿ ਜਿਹਨਾਂ ਨੇ ਆਪਣੇ ਘਿਨਾਉਣੇ ਸਮਾਜਿਕ ਪ੍ਰਬੰਧਾਂ ਸਦਕਾ ਦਲਿਤਾਂ ਨੂੰ ਕਈ ਯੁੱਗ 'ਬੰਦੀ' ਬਣਾਈ ਰੱਖਿਆ ਅਤੇ ਉਹਨਾਂ ਦਾ ਸ਼ੋਸ਼ਣ ਕੀਤਾ, ਉਹੀ ਅੱਜ ਰਾਖਵੇਂਕਰਨ ਵਿਰੁੱਧ ਬੋਲ ਰਹੇ ਹਨ ਅਤੇ ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੇ ਹਨ। ਲਾਸਕੀ ਨੇ ਕਿਹਾ ਸੀ ਕਿ "ਆਰਥਿਕ ਆਜ਼ਾਦੀ ਤੋਂ ਬਿਨਾਂ ਸਿਆਸੀ ਆਜ਼ਾਦੀ ਦਾ ਕੋਈ ਅਰਥ ਨਹੀਂ।'' ਭਾਰਤ ਦੇ ਦਲਿਤਾਂ ਦਾ ਸ਼ੋਸ਼ਣ ਵੱਖ-ਵੱਖ ਤਰ੍ਹਾਂ ਨਾਲ ਕਿੰਨਾ ਕੁ ਚਿਰ ਹੁੰਦਾ ਰਹੇਗਾ? ਇਹ ਇਕ ਅਜਿਹਾ ਸਵਾਲ ਹੈ, ਜਿਸ ਬਾਰੇ ਅੱਜ ਦੀ ਮਨੁੱਖੀ ਹੋਂਦ ਦਾ ਵਿਵੇਕ ਜਵਾਬ ਮੰਗਦਾ ਹੈ।

ਸੰਵਿਧਾਨ ਦੀ ਮਹੱਤਤਾ ਅਤੇ ਉਸ ਦੀ ਸਾਰਥਿਕਤਾ ਨੂੰ ਲੈ ਕੇ 26 ਨਵੰਬਰ ਨੂੰ ਸੰਵਿਧਾਨ ਦਿਵਸ ਦੇ ਮੌਕੇ 'ਤੇ ਬਹੁਤ ਰੌਲਾ-ਰੱਪਾ ਪਾਇਆ ਗਿਆ। ਇਸੇ ਸੰਦਰਭ ਵਿਚ ਦੋ ਦਿਨਾਂ ਦੀ ਬਹਿਸ ਪਾਰਲੀਮੈਂਟ ਦੇ ਦੋਹਾਂ ਸਦਨਾਂ ਵਿਚ ਵੱਖ-ਵੱਖ ਟੀ. ਵੀ. ਚੈਨਲਾਂ 'ਤੇ ਦਿਖਾਈ ਗਈ। ਹੁਣ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਭਾਰਤੀ ਸੰਵਿਧਾਨ ਬਾਰੇ ਦ੍ਰਿੜ੍ਹਤਾ ਨਾਲ ਡੂੰਘੀ ਵਿਚਾਰ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਭਾਰਤੀ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਨੂੰ ਉੱਚਾ ਚੁੱਕ ਸਕੀਏ।

ਭਾਰਤੀ ਸੰਵਿਧਾਨ ਵਿਚ ਦਲਿਤਾਂ, ਪੱਛੜੇ ਵਰਗਾਂ ਅਤੇ ਘੱਟ-ਗਿਣਤੀਆਂ ਲਈ ਰੱਖੀਆਂ ਗਈਆਂ ਮੱਦਾਂ ਸੰਵਿਧਾਨ ਦੀ ਸੱਚੀ ਭਾਵਨਾ ਨਾਲ ਲਾਗੂ ਕੀਤੀਆਂ ਜਾਣ।

ਅੱਜ ਪੂਰੇ ਦੇਸ਼ ਵਿਚ ਵੱਧ ਰਹੀ ਅਸਹਿਣਸ਼ੀਲਤਾ ਨੂੰ ਲੈ ਕੇ ਲੇਖਕ, ਸਾਇੰਸਦਾਨ ਅਤੇ ਹੋਰ ਤਰਕਸ਼ੀਲ ਲੋਕ ਚਿੰਤਤ ਹਨ। ਭਾਰਤੀ ਸਮਾਜ ਨੂੰ ਧਰਮ ਨਿਰਪੱਖਤਾ ਵਾਲੀ ਸੋਚ ਲੈ ਕੇ ਤਹਿਸ-ਨਹਿਸ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇੰਨਾ ਅੰਨਿਆ ਹੋਣ ਦੇ ਬਾਵਜੂਦ ਜੇ ਸਦੀਆਂ ਤੋਂ ਭਾਰਤੀ ਸਮਾਜ ਦਾ ਕੋਈ ਵਰਗ ਸਹਿਣਸ਼ੀਲ ਅਤੇ ਸੈਕੂਲਰ ਹੈ ਤਾਂ ਉਹ ਦਲਿਤ ਅਤੇ ਪੱਛੜੇ ਵਰਗਾਂ ਦੇ ਲੋਕ ਹੀ ਹਨ।

# ਪੰਜਾਬ ਦੀ ਕਿਰਸਾਨੀ ਦੇ ਤਿੰਨ ਧੁਰੇ- ਕਿਸਾਨ, ਜੱਟ ਅਤੇ ਜ਼ਿਮੀਦਾਰ



ਫਤਿਹਜੰਗ ਸਿੰਘ

ਭਾਰਤ ਖੇਤੀ ਪ੍ਰਧਾਨ ਦੇਸ਼ ਮੰਨਿਆ ਜਾਂਦਾ ਹੈ, ਜਿਸਦੇ 65-70 ਫੀਸਦੀ ਲੋਕੀ ਖੇਤੀਬਾੜੀ ਅਤੇ ਇਸ ਨਾਲ ਸਬੰਧਿਤ ਧੰਦਿਆਂ ਉੱਤੇ ਨਿਰਭਰ ਹਨ। ਪੰਜਾਬ ਦੀ ਸਥਿਤੀ ਵੀ ਕੋਈ ਵੱਖਰੀ ਨਹੀਂ। ਪੰਜਾਬ ਵਿਚ ਲਗਭਗ ਇਕ ਕਰੋੜ ਮਜ਼ਦੂਰ ਹਨ, ਜਿਹਨਾਂ ਵਿਚੋਂ 36 ਲੱਖ ਦੇ ਕਰੀਬ ਖੇਤੀਬਾੜੀ ਮਜ਼ਦੂਰ ਹਨ। ਇਹਨਾਂ ਦੋਹਾਂ ਦੀ ਮਿਹਨਤ ਨਾਲ ਖੇਤੀ ਉਤਪਾਦਨ ਦਾ ਰਾਜ ਦੀ ਆਮਦਨ ਵਿਚ 19-21 ਫੀਸਦੀ ਹਿੱਸਾ ਪੈ ਰਿਹਾ ਹੈ। ਪਰ ਇਹਨਾਂ ਦੋਹਾਂ ਦੀ ਹਾਲਤ ਫਿਰ ਵੀ ਬਹੁਤ ਖਸਤਾ ਹੈ। ਕਿਸਾਨਾਂ ਦੀਆਂ ਹੜਤਾਲਾਂ, ਬੰਦ, ਰੇਲਾਂ ਰੋਕੋ, ਸੜਕਾਂ ਰੋਕੋ, ਜਿੰਦਾਬਾਦ-ਮੁਰਦਾਬਾਦ ਅਕਸਰ ਹੀ ਚਲਦੀਆਂ ਰਹਿੰਦੀਆਂ ਹਨ, ਜਿਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਦਾ ਕਿਸਾਨ ਸੰਤੁਸ਼ਟ ਨਹੀਂ ਦੁਖੀ ਹੈ। ਕੇਂਦਰੀ ਅੰਨ ਭੰਡਾਰ ਵਿਚ 50-70 ਫੀਸਦੀ ਹਿੱਸਾ ਪਾਉਣ ਵਾਲਾ, ਅੰਨਦਾਤਾ ਦਾ ਦਰਜਾ ਪਾਉਣ ਵਾਲਾ ਅਸੰਤੁਸ਼ਟ ਕਿਉਂ ਹੈ ਜਦੋਂ ਕਿ ਪੰਜਾਬ ਵਿਚ ਬਣਨ ਵਾਲੀਆਂ ਸਰਕਾਰਾਂ ਦਾ ਮੁਖੀ ਵੀ ਬਹੁਤਾ ਕਰਕੇ ਜ਼ਿਮੀਦਾਰ ਹੀ ਬਣਦਾ ਆ ਰਿਹਾ ਹੈ, ਇਹ ਸੋਚਣ ਦਾ ਵਿਸ਼ਾ ਹੈ ਕਿ ਇਹ ਸਰਕਾਰਾਂ ਦਾ ਨੁਕਸ ਹੈ ਜਾਂ ਢਾਂਚਾ ਹੀ ਗਲਤ ਹੈ ਜਾਂ ਕੁਝ ਹੋਰ।

ਪੰਜਾਬ ਦੀ ਕਿਰਸਾਨੀ ਦੇ ਤਿੰਨ ਧੁਰੇ ਹਨ- ਕਿਸਾਨ, ਜੱਟ ਅਤੇ ਜ਼ਿਮੀਦਾਰ। ਭਾਵੇਂ ਇਹ ਵੇਖਣ ਨੂੰ ਇਕੋ ਜਾਪਦੇ ਹਨ ਪਰ ਇਹ ਇਕੋ ਹੁੰਦੇ ਹੋਏ ਵੀ ਵੱਖ ਵੱਖ ਹਨ ਕਿਉਂਕਿ ਇਹਨਾਂ ਦੇ ਆਰਥਿਕ ਹਾਲਾਤ ਅਤੇ ਹਿੱਤ ਵੀ ਵੱਖ ਵੱਖ ਹਨ। ਜੋਤਾਂ ਦੇ ਰਕਬੇ ਦੇ ਆਧਾਰ 'ਤੇ ਇਹਨਾਂ ਨੂੰ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ। ਪਿਛਲੇ ਚਾਲੀ ਸਾਲਾਂ ਦੇ ਅੰਕੜਿਆਂ ਦੇ ਆਧਾਰ 'ਤੇ ਸਥਿਤੀ ਇਸ ਤਰ੍ਹਾਂ ਬਣੀ ਹੈ। 1970-71 ਵਿਚ ਢਾਈ ਏਕੜ ਤੋਂ ਘੱਟ ਰਕਬੇ ਵਾਲੀਆਂ ਜੋਤਾਂ ਦੀ ਗਿਣਤੀ 5.18 ਲੱਖ ਸੀ ਅਤੇ ਢਾਈ ਤੋਂ ਵੱਧ ਪੰਜ ਏਕੜ ਤੱਕ ਦੀਆਂ ਜੋਤਾਂ ਦੀ ਗਿਣਤੀ 2.60 ਲੱਖ ਸੀ। ਦੋਵੇਂ ਮਿਲਾ ਕੇ ਪੰਜ ਏਕੜ ਤੱਕ ਦੀ ਗਿਣਤੀ 7.78 ਲੱਖ ਬਣਦੀ ਹੈ। ਇਸਨੂੰ ਛੋਟੀ ਕਿਰਸਾਨੀ ਆਖਿਆ ਜਾ ਸਕਦਾ ਹੈ। ਇਹ ਗਿਣਤੀ 2010-11 ਦੀ ਖੇਤੀਬਾੜੀ ਗਣਨਾ ਅਨੁਸਾਰ ਢਾਈ ਏਕੜ ਤੱਕ ਦੀ 1.64 ਲੱਖ ਰਹਿ ਗਈ ਅਤੇ ਢਾਈ ਤੋਂ ਵੱਧ ਪੰਜ ਏਕੜ ਤੱਕ ਦੀ 1.95 ਲੱਖ ਰਹਿ ਗਈ। ਦੋਹਾਂ ਨੂੰ ਮਿਲਾ ਕੇ 3.59 ਲੱਖ ਰਹਿ ਗਈ। ਇਸਦਾ ਭਾਵ ਇਹ ਹੋਇਆ ਕਿ ਛੋਟੀ ਕਿਰਸਾਨੀ ਪਿਛਲੇ ਚਾਰ ਦਹਾਕਿਆਂ ਵਿਚ 46.14 ਫੀਸਦੀ ਘੱਟ ਗਈ ਹੈ।

ਇਸੇ ਤਰ੍ਹਾਂ 1970-71 ਵਿਚ ਅਰਧ ਦਰਮਿਆਨੀ ਜੋਤਾਂ ਅਰਥਾਤ ਪੰਜ ਏਕੜ ਤੋਂ ਵੱਧ 10 ਏਕੜ ਤੱਕ ਦੀ ਗਿਣਤੀ 2.81 ਲੱਖ ਸੀ ਜੋ 2010-11 ਵਿਚ ਵੱਧ ਕੇ 3.25 ਲੱਖ ਹੋ ਗਈ ਅਤੇ ਦਸ ਏਕੜ ਤੋਂ ਵੱਧ 25 ਏਕੜ ਤੱਕ ਦੀਆਂ ਦਰਮਿਆਨੀ ਜੋਤਾਂ ਦੀ ਗਿਣਤੀ 1970-71 ਵਿਚ 2.48 ਲੱਖ ਤੋਂ ਵੱਧ ਕੇ 2010-11 ਵਿਚ 2.98 ਲੱਖ ਹੋ ਗਈ। ਇੰਝ ਪੰਜ ਏਕੜ ਤੋਂ 25 ਏਕੜ ਤੱਕ ਦੀ ਗਿਣਤੀ 1970-71 ਵਿਚ 5.29 ਲੱਖ ਬਣਦੀ ਹੈ ਜੋ 2010-11 ਵਿਚ ਵੱਧ ਕੇ 6.23 ਲੱਖ ਹੋ ਗਈ। ਇਹਨਾਂ ਨੂੰ ਦਰਮਿਆਨੀ ਜੋਤਾਂ ਮੰਨ ਲੈਂਦੇ ਹਾਂ ਜੋ 17.9 ਫੀਸਦੀ ਵਧੀਆਂ ਹਨ। ਜੇ 25 ਏਕੜ ਤੋਂ ਵੱਧ ਜੋਤਾਂ ਦੀ ਗਿਣਤੀ ਵੇਖੀਏ ਤਾਂ ਇਹ 1970-71 ਵਿਚ 0.69 ਲੱਖ ਸੀ ਜੋ 2010-11 ਵਿਚ ਸਿਰਫ਼ 0.70 ਲੱਖ ਹੀ ਬਣੀ। ਇਹ ਵਾਧਾ 1.45 ਫੀਸਦੀ ਹੀ ਬਣਦਾ ਹੈ। ਕੁੱਲ ਮਿਲਾ ਕੇ ਸਾਰੀਆਂ ਜੋਤਾਂ ਦੀ ਗਿਣਤੀ 1970-71 ਵਿਚ 13.75 ਲੱਖ ਸੀ ਜੋ 2010-11 ਵਿਚ 10.53 ਲੱਖ ਰਹਿ ਗਈ। ਭਾਵ ਕੁੱਲ ਗਿਣਤੀ ਵੀ 23.42 ਫੀਸਦੀ ਘਟੀ ਹੈ। ਇੰਝ ਪੰਜਾਬ ਦੀ ਕਿਰਸਾਨੀ ਤਿੰਨ ਹਿੱਸਿਆਂ ਵਿਚ ਵੰਡੀ ਆਖ ਸਕਦੇ ਹਾਂ- ਛੋਟਾ ਜਾਂ ਗਰੀਬ ਕਿਰਸਾਨ, ਦਰਮਿਆਨਾ ਕਿਰਸਾਨ ਅਤੇ ਵੱਡਾ ਕਿਰਸਾਨ।

ਉਪਰੋਕਤ ਅੰਕੜਿਆਂ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਪੰਜਾਬ ਦੀ ਛੋਟੀ ਕਿਰਸਾਨੀ ਲਗਾਤਾਰ ਮਰ ਰਹੀ ਹੈ ਜੋ ਕਿ ਪਿਛਲੇ ਚਾਰ ਦਹਾਕਿਆਂ ਦੇ ਸਮੇਂ ਵਿਚ ਲਗਭਗ ਅੱਧੀ (46.14 ਫੀਸਦੀ) ਘਟ ਗਈ ਹੈ। ਇਹ ਗਿਣਤੀ ਕੁਝ ਦਰਮਿ- ਮਆਨੀ ਅਤੇ ਵੱਡੀ ਕਿਰਸਾਨੀ ਦੀ ਭੇਟ ਚੜ੍ਹ ਗਈ ਅਤੇ ਕੁਝ ਸੂਬੇ ਦੇ ਗੈਰ ਕਾਸ਼ਤ ਕੰਮਾਂ- ਮਕਾਨ, ਸੜਕਾਂ, ਉਦਯੋਗ ਆਦਿ ਵਿਚ ਚਲੀ ਗਈ। ਇਹ ਬਹੁਤ ਮੰਦੇ ਹਾਲ ਵਿਚੋਂ ਗੁਜ਼ਰ ਰਹੀ ਹੈ। ਰਕਬਾ ਘੱਟ ਹੋਣ ਕਾਰਨ ਜੇ ਕਿਸਾਨ ਟਰੈਕਟਰ ਅਤੇ ਹੋਰ ਨਵੇਂ ਆਧੁਨਿਕ ਸੰਦ ਵਰਤਦਾ ਹੈ ਤਾਂ ਉਹ ਉਲਟਾ ਘਾਟੇ ਦਾ ਕਾਰਨ ਬਣਦੇ ਹਨ। ਟਿਊਬਵੈਲਾਂ ਦੇ ਨਵੇਂ ਕੁਨੈਕਸ਼ਨ ਲਗਭਗ ਬੰਦ ਹਨ। ਜੋ ਪਹਿਲਾਂ ਹਨ ਉਹ ਵੀ ਪੂਰਾ ਕੰਮ ਨਹੀਂ ਕਰ ਰਹੇ ਕਿਉਂਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਤੇਜ਼ੀ ਨਾਲ ਹੇਠਾਂ ਡਿੱਗਦਾ ਜਾ ਰਿਹਾ ਹੈ, ਜਿਸ ਕਾਰਨ ਟਿਊਬਵੈਲ ਡੂੰਘੇ ਅਤੇ ਹੋਰ ਡੂੰਘੇ ਕਰਨੇ ਪੈ ਰਹੇ ਹਨ। ਨਤੀਜੇ ਵਜੋਂ ਵੱਡਾ ਖਰਚਾ ਖੁੱਲ੍ਹ ਜਾਂਦਾ ਹੈ ਜੋ ਇਕ ਪੱਧਰ ਤੇ ਆ ਕੇ ਬਰਦਾਸ਼ਤ ਤੋਂ ਬਾਹਰ ਹੋ ਜਾਂਦਾ ਹੈ। ਗਰੀਬ ਕਿਸਾਨ ਮਜਬੂਰੀ ਵੱਸ ਜ਼ਮੀਨ ਵੇਚ ਕੇ ਛੋਟੇ ਮੋਟੇ ਧੰਦੇ ਜਾਂ ਛੋਟੀ ਮੋਟੀ ਨੌਕਰੀ ਕਰ ਲੈਂਦਾ ਹੈ।

ਇਹੋ ਜਿਹੀਆਂ ਉਦਾਹਰਣਾਂ ਵੀ ਹਨ ਕਿ ਜ਼ਮੀਨ ਵਿਕਣ ਦੀ ਸੂਰਤ ਵਿਚ ਕਿਸਾਨ ਨੇ ਪਹਿਲਾਂ ਸੀਰੀਪੁਣਾ ਕੀਤਾ ਫਿਰ ਮਾਲਕ ਨਾਲ ਝਗੜਾ ਹੋਣ ਕਰਕੇ ਤਰਖਾਣਪੁਣਾ ਕਰਨਾ ਪਿਆ। ਇਕ ਹੋਰ ਕਿਸਾਨ ਨੂੰ ਪੈਂਚਰ ਲਾਉਣ ਦੀ ਦੁਕਾਨ ਖੋਲ੍ਹਣੀ ਪਈ। ਇਹੋ ਜਿਹੀਆਂ ਬਹੁਤ ਉਦਾਹਰਣਾਂ ਹਨ। ਸਾਡਾ ਸਮਾਜਿਕ ਅਤੇ ਰਾਜਨੀਤਿਕ ਢਾਂਚਾ ਇੰਨਾ ਦੋਸ਼ ਪੂਰਨ ਹੈ ਕਿ ਉਸਨੇ ਜਿੱਥੇ ਮਜ਼ਦੂਰ ਦੀਆਂ ਚੀਕਾਂ ਕਢਵਾਈਆਂ ਹਨ, ਉਥੇ ਦੇਸ਼ ਦੇ ਅੰਨਦਾਤਾ ਨੂੰ ਵੀ ਇਹੋ ਜਿਹੇ ਚੌਰਾਹੇ ਤੇ ਲਿਆ ਖੜ੍ਹਾ ਕਰ ਦਿੱਤਾ ਹੈ ਕਿ ਉਹ ਥੱਕ ਟੁੱਟ ਕੇ ਰਾਖਵਾਂਕਰਨ ਮੰਗਣ ਦੇ ਰਾਹ ਪੈ ਗਿਆ ਹੈ। ਸਾਰਾ ਢਾਂਚਾ ਹੀ ਅਜਿਹਾ ਚਰਮਰਾ ਗਿਆ ਹੈ ਕਿ ਹਰ ਕੋਈ ਆਪਣੇ ਆਪ ਨੂੰ ਵੇਲਣੇ ਵਿਚ ਗੰਨੇ ਵਾਂਗ ਨਪੀੜਿਆ ਮਹਿਸੂਸ ਕਰ ਰਿਹਾ ਹੈ। ਅਜਿਹੀ ਹਾਲਤ ਵਿਚ ਕਿਸਾਨ ਦੀ ਰਾਖਵਾਂਕਰਨ ਦੀ ਮੰਗ ਵੀ ਨਾਜਾਇਜ਼ ਨਹੀਂ ਆਖੀ ਜਾ ਸਕਦੀ।

ਇਹ ਛੋਟਾ ਕਿਸਾਨ ਉਹ ਮਿਹਨਤੀ ਇਨਸਾਨ ਹੈ ਜੋ ਗਰਮੀ ਸਰਦੀ, ਦਿਨ ਰਾਤ ਅੰਤਾਂ ਦੀ ਮਿਹਨਤ ਕਰਕੇ ਅੰਨ ਉਗਾਉਂਦਾ ਹੈ। ਆਪ ਹੀ ਨਹੀਂ ਉਸਦੇ ਸਾਰੇ ਪਰਿਵਾਰਕ ਮੈਂਬਰ ਬਿਨਾਂ ਕੰਮਾਂ ਦੇ ਘੰਟਿਆਂ ਦੀ ਪਰਵਾਹ ਕੀਤਿਆਂ, ਬਿਨਾਂ ਉਮਰ ਜਾਂ ਇਸਤਰੀ ਮਰਦ ਹੋਣ ਦੀ ਪਰਵਾਹ ਕੀਤਿਆਂ ਹਰ ਸਮੇਂ ਆਪਣੀ ਖੇਤੀ ਦੇ ਕੰਮਾਂਕਾਰਾਂ ਵਿਚ ਉਲਝੇ ਮਸਰੂਫ ਰਹਿੰਦੇ ਹਨ ਪਰ ਫਿਰ ਵੀ ਮਸਾਂ ਦਾਲ ਰੋਟੀ ਦਾ ਪ੍ਰਬੰਧ ਹੀ ਹੁੰਦਾ ਹੈ। ਪੜ੍ਹਾਈ, ਦਵਾਈਆਂ, ਕਪੜਾ-ਲੀੜਾ ਜਾਂ ਵਿਆਹ-ਸ਼ਾਦੀ ਲਈ ਫਿਰ ਆੜ੍ਹਤੀ ਜਾਂ ਸ਼ਾਹੂਕਾਰ ਦੀਆਂ ਮਿੰਨਤਾਂ-ਤਰਲੇ ਕਰਕੇ ਠੋਕਵੇਂ ਵਿਆਜ 'ਤੇ ਕਰਜ਼ ਚੁੱਕਣਾ ਹੀ ਪੈਂਦਾ ਹੈ। ਬੈਂਕਾਂ ਤੇ ਸੁਸਾਇਟੀਆਂ ਦੇ ਕਰਜ਼ੇ ਦੀਆਂ ਕਿਸ਼ਤਾਂ ਹੱਥਕੜੀਆਂ ਬਣ ਕੇ ਸਾਹਮਣੇ ਦਿਓ ਵਾਂਗ ਖਲੋਤੀਆਂ ਹੁੰਦੀਆਂ ਹਨ। ਕੋਠੇ ਜਿੱਡੀ ਧੀ ਦੇ ਹੱਥ ਪੀਲੇ ਕਰਨ ਲਈ ਹਰ ਸਾਲ ਅੱਗੇ ਤੋਂ ਅਗਲੇਰੇ ਪਈਂ ਜਾਂਦਾ ਹੈ। ਪੜ੍ਹਿਆ ਲਿਖਿਆ ਪੁੱਤਰ ਨਸ਼ੇੜੀਆਂ ਦੀ ਢਾਣੀ ਦੀ ਪੱਕੀ ਮੈਂਬਰੀ ਲਈ ਫਿਰਦਾ ਹੈ। ਉਸਨੂੰ ਨਾ ਨੌਕਰੀ ਮਿਲਦੀ ਹੈ ਅਤੇ ਨਾ ਉਹ ਬਾਪੂ ਦਾ ਹੱਥ ਵਟਾਉਣ ਜੋਗਾ ਰਹਿ ਜਾਂਦਾ ਹੈ। ਬੁਢਾਪਾ ਤੇ ਬਿਮਾਰੀ ਦੈਂਤ ਵਰਗਾ ਜਬਾੜ੍ਹਾ ਵਿਖਾਉਂਦੀਆਂ ਹਨ ਤਾਂ ਗਰੀਬ ਕਿਸਾਨ ਮਜਬੂਰੀ ਵੱਸ ਛੱਤ ਨਾਲ ਲਟਕ ਕੇ ਜਾਂ ਕੀੜੇਮਾਰ ਦਵਾਈ ਪੀ ਕੇ ਲੰਮੀ ਨੀਂਦਰ ਸੌਂ ਜਾਂਦਾ ਹੈ। ਇਹ ਆਮ ਕਹਾਣੀ ਬਣਦੀ ਜਾ ਰਹੀ ਹੈ। ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਵਿਚ ਪਿਛਲੇ ਦੋ ਦਹਾਕਿਆਂ (1995-2013) ਦੌਰਾਨ ਤਿੰਨ ਲੱਖ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਪੰਜਾਬ ਵਿਚ 2000-2010 ਦੌਰਾਨ ਜੋ 7000 ਕਿਸਾਨ ਕਰਜ਼ੇ ਕਾਰਨ ਆਤਮ ਹੱਤਿਆ ਕਰਕੇ ਮਰੇ, ਉਹਨਾਂ ਵਿਚ 3 ਹਜ਼ਾਰ ਖੇਤੀ ਕਾਮੇ ਵੀ ਸ਼ਾਮਲ ਸਨ।

ਬੜੀ ਅਜੀਬ ਦਾਸਤਾਨ ਹੈ, ਪੰਜਾਬ ਦੇ ਸਨਅਤਕਾਰ 3000 ਕਰੋੜ ਦੇ ਡਿਫਾਲਟਰ ਹਨ, ਕਦੇ ਕਿਸੇ ਦੀ ਪਕੜ ਪਕੜਾਈ ਜਾਂ ਹੱਥਕੜੀ ਲੱਗੀ ਨਾ ਵੇਖੀ ਤੇ ਨਾ ਹੀ ਸੁਣੀ। ਗਰੀਬ ਕਿਸਾਨ ਜਾਂ ਮਜ਼ਦੂਰ ਦੀ ਬਾਂਹ ਹੀ ਹਥਕੜੀ ਨੂੰ ਮੇਚ ਆਉਂਦੀ ਹੈ। ਉਦਯੋਗਪਤੀਆਂ ਦੇ ਇਸ ਕਰਜ਼ੇ ਦੀ ਕਿਸੇ ਨੂੰ ਸੂਹ ਵੀ ਨਹੀਂ ਲੱਗਣੀ ਕਦੋਂ ਲੀਕ ਫਿਰ ਜਾਣੀ ਹੈ। ਫਿਰ ਉਹਨਾਂ ਨੇ ਕੋਈ ਹੋਰ ਕੰਪਨੀ ਬਣਾ ਕੇ ਨਵਾਂ ਕਰਜ਼ਾ ਲੈ ਲੈਣਾ ਹੈ। ਹੁਣੇ ਜਿਹੇ ਹੀ ਸਰਕਾਰ ਨੇ ਸ਼ਰਾਬ ਦੇ ਮਾਲਕਾਂ ਨੂੰ 500 ਕਰੋੜ ਦੀਆਂ ਛੋਟਾਂ ਦਿੱਤੀਆਂ ਹਨ। ਵਿਡੰਬਨਾ ਵੇਖੋ ਜਿਹਨਾਂ ਨੇ ਪੰਜਾਬ ਦੇ ਲੋਕਾਂ ਨੂੰ ਜ਼ਹਿਰ ਪਿਲਾਇਆ ਉਹਨਾਂ ਨੂੰ ਰਿਆਇਤਾਂ ਤੇ ਜੋ ਲੋਕਾਂ ਦੀ ਭੁੱਖ ਮਿਟਾਉਣ ਲਈ ਅੰਨ ਪੈਦਾ ਕਰਦਾ ਹੈ ਉਸਨੂੰ ਹੱਥਕੜੀਆਂ। ਪੰਜਾਬ ਮੰਡੀਕਰਨ ਬੋਰਡ ਕਿਸਾਨਾਂ ਦੀਆਂ ਜਿਣਸਾਂ ਤੋਂ 1200 ਕਰੋੜ ਸਾਲਾਨਾ ਕਮਾਉਂਦਾ ਹੈ। ਆੜ੍ਹਤੀ 800 ਕਰੋੜ ਬੈਠਿਆਂ ਬਿਠਾਇਆ ਕਮਾ ਲੈਂਦਾ ਹੈ ਪਰ ਕਿਸਾਨ ਦੀ ਬਾਂਹ ਫੜਨ ਲਈ ਕੋਈ ਤਿਆਰ ਨਹੀਂ। ਹਾਲਾਂਕਿ ਮੰਡੀਕਰਨ ਬੋਰਡ ਦਾ ਮੁਖੀ ਕਿਸਾਨ ਜਥੇਬੰਦੀ ਦਾ ਆਗੂ ਹੀ ਬਣਾਇਆ ਗਿਆ ਹੈ।

ਕਿਸਾਨਾਂ ਦੀਆਂ ਫਸਲਾਂ ਜਾਂ ਜਿਣਸਾਂ 'ਤੇ ਹਰ ਸਾਲ ਕੋਈ ਨਾ ਕੋਈ ਕੁਦਰਤੀ ਆਫਤ ਜਾਂ ਸਰਕਾਰੀ ਔਕੜ ਆਉਂਦੀ ਰਹਿੰਦੀ ਹੈ। ਕਦੇ ਗੜ੍ਹੇਮਾਰੀ ਹੋ ਗਈ, ਕਦੇ ਤੁਫਾਨ ਆ ਗਿਆ, ਕਦੇ ਮੀਂਹ ਵੱਧ ਪੈ ਗਿਆ, ਕਦੇ ਪਿਆ ਹੀ ਨਹੀਂ, ਕਦੇ ਫਸਲਾਂ ਨੂੰ ਬਿਮਾਰੀ ਆ ਘੇਰਦੀ ਹੈ। ਜਦੋਂ ਫਸਲ ਤਿਆਰ ਹੋ ਗਈ ਤਾਂ ਜਿਣਸ ਮੰਡੀਆਂ ਵਿਚ ਕਈ ਕਈ ਦਿਨ ਰੁਲਦੀ ਰਹਿੰਦੀ ਹੈ। ਬੋਲੀ ਲਈ ਮਿੰਨਤਾਂ, ਚੁਕਾਉਣ ਲਈ ਤਰਲੇ, ਅਦਾਇਗੀ ਲਈ ਲਿਲ੍ਹਕੜੀਆਂ, ਸਹੀ ਭਾਅ ਲਈ ਜ਼ਿੰਦਾਬਾਦ ਮੁਰਦਾਬਾਦ! ਫਿਰ ਕਦੇ ਸੜਕਾਂ 'ਤੇ ਧਰਨੇ ਦੇ ਕੇ ਆਵਾਜਾਈ ਰੋਕੋ, ਰੇਲ ਦੀ ਲਾਈਨ 'ਤੇ ਸਿਰ ਟਿਕਾ ਕੇ ਰੇਲਾਂ ਰੋਕੋ, ਘਰ ਦਾ ਕੰਮਕਾਰ ਛੱਡੋ, ਖੇਤਾਂ ਨੂੰ ਲਾਵਾਰਸ ਛੱਡ ਕੇ ਆਓ ਤਾਂ ਕਿਤੇ ਜਾ ਕੇ ਸਰਕਾਰ ਦੇ ਦਰਬਾਰ ਵਿਚ ਮਾੜੀ ਮੋਟੀ ਹਿੱਲਜੁਲ ਹੁੰਦੀ ਹੈ। ਬਹੁਤੀ ਵਾਰੀ ਤਾਂ ਕਿਸਾਨ ਨਾਲ ਮਜ਼ਾਕ ਜਿਹਾ ਹੀ ਕੀਤਾ ਜਾਂਦਾ ਹੈ। ਇੰਨਾ ਜ਼ੋਰ ਲਾ ਕੇ ਕੀਮਤ ਵਿਚ ਦਸ ਰੁਪਏ ਦਾ ਵਾਧਾ ਜਾਂ ਫਿਰ ਕਦੇ ਗੜ੍ਹੇਮਾਰੀ ਦਾ ਇਵਜ਼ਾਨਾ 200 ਰੁਪਏ ਦਾ ਚੈੱਕ ਦੇ ਦਿੱਤਾ ਜਾਂਦਾ ਹੈ।

ਸਰਕਾਰ ਕਿਸਾਨਾਂ ਨੂੰ ਨਸੀਹਤਾਂ ਦਿੰਦੀ ਹੈ ਕਿ ਫਲਾਣੀ ਫਸਲ ਬੀਜੋ, ਵਧੀਆ ਝਾੜ ਹੈ। ਵਧੀਆ ਰੇਟ ਤੇ ਸਮੇਂ ਸਿਰ ਚੁੱਕਣ ਦੇ ਵਾਅਦੇ ਕੀਤੇ ਜਾਂਦੇ ਹਨ। ਕਿਸਾਨ ਫਸਲ ਬੀਜਦਾ ਹੈ ਪਰ ਉਤਪਾਦਨ ਮੰਡੀਆਂ ਵਿਚ ਰੁਲਦਾ ਹੈ। ਸੂਰਜਮੁਖੀ ਬੀਜਣ ਦੀ ਸਲਾਹ ਦਿੱਤੀ। ਕਿਸਾਨਾਂ ਨੇ ਹੜ੍ਹ ਲਿਆ ਦਿੱਤਾ ਪਰ ਵਾਜਬ ਕੀਮਤ ਨਾ ਮਿਲੀ ਤੇ ਨਾ ਹੀ ਸਹੀ ਤੌਰ ਤੇ ਮੰਡੀਕਰਨ ਹੋਇਆ। ਕਿਸਾਨਾਂ ਨੇ ਕਿੰਨੀ ਵਾਰ ਆਲੂ ਬੀਜ ਬੀਜ ਕੇ ਘਾਟਾ ਖਾਧਾ। ਸੜਕਾਂ 'ਤੇ ਬੋਰੀਆਂ ਦੀਆਂ ਬੋਰੀਆਂ ਆਲੂਆਂ ਦੀਆਂ ਸੁੱਟਣੀਆਂ ਪਈਆਂ। ਗੰਨਾ ਉਗਾਇਆ ਤਾਂ ਕਦੇ ਮਿੱਲਾਂ ਨਹੀਂ ਚੁੱਕਦੀਆਂ, ਕਦੇ ਸਾਲਾਂ ਬੱਧੀ ਅਦਾਇਗੀ ਲਟਕਦੀ ਰਹਿੰਦੀ ਹੈ। ਕਦੇ ਸਾਰਾ ਕੁਝ ਹੀ ਠੱਪ ਹੋ ਜਾਂਦਾ ਤਾਂ ਕਿਸਾਨ ਨੂੰ ਖੇਤਾਂ ਵਿਚ ਖੜ੍ਹੇ ਗੰਨੇ ਨੂੰ ਅੱਗ ਲਾਉਣੀ ਪਈ। ਇਸ ਵਾਰੀ ਨਰਮੇ ਨੂੰ ਚਿੱਟਾ ਮੱਛਰ ਪੈ ਗਿਆ ਤਾਂ ਕਿਸਾਨ ਲੁੱਟਿਆ ਗਿਆ। ਬੀਜ ਵਿਚ ਨੁਕਸ ਸੀ ਜਾਂ ਦਵਾਈ ਵਿਚ ਜਾਂ ਕਿਸੇ ਹੋਰ ਦੀ ਗਲਤੀ ਸੀ ਕੁਝ ਸਪਸ਼ਟ ਉਭਰ ਕੇ ਸਾਹਮਣੇ ਨਹੀਂ ਆਇਆ। ਸਮੁੱਚੇ ਤੌਰ 'ਤੇ ਕਿਰਸਾਨੀ ਮੰਦੇ ਹਾਲ ਹੈ। ਨਤੀਜੇ ਵਜੋਂ ਕਿਸਾਨ ਦਾ ਵਾਲ ਵਾਲ ਕਰਜ਼ਾਈ ਹੈ। ਇਕ ਰਿਪੋਰਟ ਮੁਤਾਬਕ ਸਾਲ 2014-15 ਵਿਚ ਵਿੱਤੀ ਸੰਸਥਾਵਾਂ ਨੇ ਕਿਸਾਨਾਂ ਨੂੰ ਖੇਤੀ ਕਰਜ਼ ਦੇ 80,000 ਕਰੋੜ ਵੰਡੇ। ਨਬਾਰਡ ਦੀ ਰਿਪੋਰਟ ਕਹਿੰਦੀ ਹੈ ਕਿ ਕਿਸਾਨਾਂ ਨੂੰ ਵਿਆਜ ਵਜੋਂ ਹੀ ਸਾਲਾਨਾ 8000 ਕਰੋੜ ਮੋੜਨਾ ਪੈਂਦਾ ਹੈ। ਇਹ ਹੈ ਕਿਸਾਨਾਂ ਦੀ ਹਿਤੈਸ਼ੀ ਅਖਵਾਉਣ ਵਾਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਦਾ ਨਤੀਜਾ।

ਦਰਮਿਆਨੇ ਕਿਸਾਨਾਂ ਦੀ ਹਾਲਤ ਵੀ ਕੋਈ ਬਹੁਤੀ ਚੰਗੀ ਨਹੀਂ। ਇਹਨਾਂ ਵਿਚੋਂ ਜੇ 5 ਤੋਂ 10 ਏਕੜ ਵਾਲੇ ਅਰਧ ਦਰਮਿਆਨੇ ਗਿਣੀਏ ਤਾਂ ਇਹਨਾਂ ਦੀ ਗਿਣਤੀ 2.81 ਲੱਖ ਤੋਂ ਵੱਧ ਕੇ 3.25 ਲੱਖ ਹੋਈ ਹੈ। ਇਹਨਾਂ ਦੀ ਆਰਥਿਕ ਹਾਲਤ ਗਰੀਬ ਕਿਸਾਨਾਂ ਦੇ ਬਹੁਤਾ ਨੇੜੇ ਹੈ। ਦਸ ਏਕੜ ਤੋਂ 25 ਏਕੜ ਵਾਲੇ ਕਿਸਾਨਾਂ ਦੀ ਗਿਣਤੀ 5.29 ਲੱਖ ਤੋਂ ਵੱਧ ਕੇ 6.23 ਲੱਖ ਹੋਈ ਹੈ। ਇਹ ਖੁਸ਼ਹਾਲ ਕਿਸਾਨ ਆਖਿਆ ਜਾ ਸਕਦਾ ਹੈ। ਖੇਤੀ ਦੇ ਆਧੁਨਿਕ ਸੰਦ ਅਤੇ ਜੀਵਨ ਨਿਰਬਾਹ ਲਈ ਸੁਖ ਸਾਧਨ ਜੁਟਾਉਣ ਲਈ ਇਹ ਕਿਸਾਨ ਸਮਰੱਥ ਹਨ। ਤ੍ਰਾਸਦੀ ਇਹ ਹੈ ਕਿ ਇਸ ਗਰੁੱਪ ਦੇ ਬਹੁਤਾ ਕਰਕੇ ਕਿਸਾਨ ਖਾਣ-ਪੀਣ ਅਤੇ ਐਸ਼ੋ ਆਰਾਮ ਪਸੰਦ ਹਨ, ਖਾਸ ਕਰਕੇ 20-25 ਏਕੜ ਦੇ ਘੇਰੇ ਵਾਲੇ। ਛੋਟੇ ਅਤੇ ਅਰਧ ਦਰਮਿਆਨੇ ਕਿਸਾਨਾਂ ਨਾਲ ਕੀ ਬੀਤਦੀ ਹੈ ਇਸਨੂੰ ਕੋਈ ਬਹੁਤੀ ਚਿੰਤਾ ਨਹੀਂ। ਸੀਰੀਆਂ ਜਾਂ ਨੌਕਰਾਂ ਤੋਂ ਖੇਤੀ ਕਰਵ- 'ਉਣੀ ਅਤੇ ਆਪ ਬਹੁਤਾ ਕਰਕੇ ਠਾਠ-ਬਾਠ ਨਾਲ ਰਹਿਣਾ, ਚੰਗਾ ਖਾਣਾ-ਪੀਣਾ ਇਸਦੇ ਸ਼ੌਂਕ ਹਨ। ਕਰਜ਼ਾ ਮੋੜਨਾ ਹੈ ਪਰ ਬਹੁਤੀ ਚਿੰਤਾ ਨਹੀਂ, ਆਰਥਿਕ ਪੱਖੋਂ ਠੀਕ ਹੈ।

ਉਂਝ ਵੀ ਇਸਦੀ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਹੈ ਕਿਉਂਕਿ ਜਦੋਂ ਲੋੜ ਪੈਂਦੀ ਹੈ ਤਾਂ ਇਹ ਬਹੁਤਾ ਕਰਕੇ ਉਪਰਲਿਆਂ ਦਾ ਸਾਥ ਦਿੰਦਾ ਹੈ। ਚੋਣਾਂ ਮੌਕੇ ਵੀ ਉਪਰਲਿਆਂ ਦਾ ਹੀ ਹੱਥ ਠੋਕਾ ਬਣਦਾ ਹੈ। ਇਹ ਹੀ ਉਹ ਕਿਸਾਨ ਹੈ ਜਿਸਨੂੰ ਆਮ ਤੌਰ 'ਤੇ ਆਪਣੇ ਜੱਟ ਹੋਣ 'ਤੇ ਮਾਣ ਘੱਟ ਹੰਕਾਰ ਜ਼ਿਆਦਾ ਹੈ। ਗੀਤਕਾਰਾਂ ਨੇ ਜਿੰਨੇ ਵੀ ਜੱਟਾਂ 'ਤੇ ਗੀਤ ਲਿਖੇ ਤੇ ਗਾਇਕਾਂ ਨੇ ਗਾਏ ਉਹ ਝੂਠੇ ਜਾਂ ਸੱਚੇ ਇਹਨਾਂ ਨੂੰ ਮੁੱਖ ਰੱਖ ਕੇ ਹੀ ਲਿਖੇ ਜਾਂ ਗਾਏ। ਇਹ ਨਹੀਂ ਪਤਾ ਕਿ ਕਲਾਕਾਰ ਪਹਿਲਾਂ ਤੋਂ ਪੈਦਾ ਹੋਏ ਸਭਿਆਚਾਰ ਨੂੰ ਉਲੀਕ ਰਹੇ ਹਨ ਜਾਂ ਖੁਦ ਅਜਿਹਾ ਸਭਿਆਚਾਰ ਪੈਦਾ ਕਰਕੇ ਉਹਨਾਂ ਨੂੰ ਇਸ ਪਾਸੇ ਤੋਰ ਰਹੇ ਹਨ। ਹੁਣ ਤਾਂ ਜੋ ਚਰਿੱਤਰ ਇਹਨਾਂ ਦਾ ਚਿ- ਤਰਿਆ ਜਾ ਰਿਹਾ ਹੈ, ਉਹ ਸਭਿਅਕ ਸਮਾਜ ਨੂੰ ਮੇਚ ਨਹੀਂ ਆਉਂਦਾ। ਇਹਨਾਂ ਦਾ ਬਹੁਤਾ ਪਿਆਰ ਮੁੱਛ, ਆਕੜ, ਟੌਹਰ, ਰਾਇਫਲਾਂ, ਬੰਦੂਕਾਂ, ਪੈਗ, ਵੈਲੀਪਣਾ ਆਦਿ ਨਾਲ ਹੀ ਦਿਖਾਇਆ ਜਾ ਰਿਹਾ ਹੈ। ਇਸਦਾ ਅਸਰ ਧੁਰ ਹੇਠਾਂ ਤੱਕ ਗਰੀਬ ਕਿਸਾਨ ਤੱਕ ਵੀ ਜਾਂਦਾ ਹੈ ਅਤੇ ਉਹ ਵੀ ਆਪਣੇ ਸਾਧਨ ਨਾ ਹੁੰਦਿਆਂ ਵੀ ਨਾਲ ਘੜੀਸਿਆ ਜਾਂਦਾ ਹੈ ਤੇ ਫੋਕੀ ਸ਼ੋਹਰਤ ਲਈ ਕਈ ਵਾਰੀ ਜਾਇਜ਼ ਨਾਜਾਇਜ਼ ਕੰਮ ਵੀ ਕਰ ਬੈਠਦਾ ਹੈ, ਜਿਸ ਨਾਲ ਪੂਰੀ ਕਮਿਊਨਿਟੀ ਬਦਨਾਮ ਹੁੰਦੀ ਹੈ। ਜਾਪਦਾ ਹੈ ਗੀਤਕਾਰ ਜਾਂ ਗਾਇਕ ਆਪਣਾ ਸਮਾਜਿਕ ਰੋਲ ਸਹੀ ਨਹੀਂ ਨਿਭਾਅ ਰਹੇ। ਉਹਨਾਂ ਨੇ ਐਹੋ ਜਿਹੇ ਗੀਤ ਹੋਂਦ ਵਿਚ ਲਿਆਂਦੇ ਹਨ ਕਿ ਜੱਟ ਦਾ ਕਿਰਦਾਰ ਬੱਸ ਸ਼ਰਾਬੀ-ਕਬਾਬੀ, ਮੁੱਛਾਂ ਦਾਹੜੀ ਫਿਰਨਾ ਹੈ। ਉਸਨੇ ਜਿਵੇਂ ਰਾਇਫਲ ਮੋਢੇ ਤੇ ਰੱਖ ਕੇ ਕਿਸੇ ਦੀ ਵੀ ਧੀ ਭੈਣ ਨੂੰ ਛੇੜਨ ਜਾਂ ਚਾਰ ਪੈਗ ਲਾ ਕੇ ਸ਼ਰੇਆਮ ਕੁੜੀ ਦੀ ਬਾਂਹ ਫੜਨ ਦਾ ਲਾਇਸੈਂਸ ਲੈ ਰੱਖਿਆ ਹੈ। ਇਹ ਠੀਕ ਹੈ ਕਿ ਦੂਜੇ ਤਬਕੇ ਦੇ ਲੋਕ ਵੀ ਅਜਿਹੀਆਂ ਹਰਕਤਾਂ ਕਰਦੇ ਹਨ ਪਰ ਅੱਜ ਪੰਜਾਬ ਦਾ ਕਲਚਰ ਹੀ ਜੱਟ ਕਲਚਰ ਬਣਦਾ ਜਾ ਰਿਹਾ ਹੈ। ਇਹ ਸਾਹਿਤਕਾਰਾਂ, ਗੀਤਕਾਰਾਂ, ਗਾਇਕਾਂ ਦੀ ਚਿੰਤਾ ਦਾ ਵਿਸ਼ਾ ਬਣਨਾ ਚਾਹੀਦਾ ਹੈ। ਫਿਲਮਾਂ ਵੀ ਇਹਨਾਂ ਹੀ ਵਿਸ਼ਿਆਂ ਤੇ ਬਣ ਰਹੀਆਂ ਹਨ, ਜਿਹਨਾਂ ਵਿਚ ਕਾਲਜ ਜਾਂ ਯੂਨੀਵਰਸਿਟੀ ਵਿਚ ਪੜ੍ਹਨ ਵਾਲਾ ਵਿਦਿਆਰਥੀ ਪੜ੍ਹਾਈ ਨਹੀਂ ਇਹਨਾਂ ਹੀ ਕੋਝੀਆਂ ਹਰਕਤਾਂ ਦਾ ਦਿਖਾਵਾ ਕਰ ਰਿਹਾ ਦਰਸਾਇਆ ਜਾਂਦਾ ਹੈ। ਇਸ ਜਾਤੀ ਹੰਕਾਰ ਨੇ ਹੁਣ ਬਾਕੀ ਦਿਆਂ ਨੂੰ ਵੀ ਲਾਗ ਲਾ ਦਿੱਤੀ ਹੈ। 'ਪੁੱਤ ਜੱਟਾਂ ਦੇ' ਦੀ ਰੀਸੋ ਰੀਸ ਹੁਣ 'ਪੁੱਤ ਚਮਾਰਾਂ ਦੇ' ਜਾਂ 'ਕਾਕੇ ਗੁੱਜਰਾਂ ਦੇ' ਵੀ ਕਾਰਾਂ ਟਰਾਲੀਆਂ 'ਤੇ ਲਿਖੇ ਵੇਖੇ ਜਾ ਸਕਦੇ ਹਨ। ਇਹ ਰੁਝਾਨ ਮੁੱਢੋਂ ਹੀ ਮਾੜਾ ਹੈ। ਪਹਿਲਾਂ ਹੀ ਜਾਤੀ ਪ੍ਰਥਾ ਨੇ ਦੇਸ਼ ਦਾ ਬੇੜਾ ਗਰਕ ਕੀਤਾ ਹੋਇਆ ਹੈ, ਇਸ ਲਈ ਜਾਤੀ ਹੰਕਾਰ ਨੂੰ ਹੋਰ ਪੱਠੇ ਪਾਉਣੇ ਦੇਸ਼ ਅਤੇ ਸਮਾਜ ਦੋਹਾਂ ਲਈ ਬਹੁਤ ਖਤਰਨਾਕ ਸਾਬਤ ਹੋ ਸਕਦਾ ਹੈ।

ਅਗਲਾ ਗਰੁੱਪ ਜ਼ਿਮੀਦਾਰ ਵਾਲਾ ਆਉਂਦਾ ਹੈ। ਇਹਨਾਂ ਦੀਆਂ ਜੋੜਾਂ ਦੀ ਗਿਣਤੀ ਪਿਛਲੇ ਚਾਲੀ ਸਾਲਾਂ ਵਿਚ 0.69 ਲੱਖ ਤੋਂ ਸਿਰਫ਼ 0.70 ਲੱਖ ਹੀ ਹੋਈ ਹੈ। ਇਹਨਾਂ ਵਿਚੋਂ 25 ਤੋਂ 50 ਏਕੜ ਤੱਕ ਦੇ ਬਹੁਤਾ ਕਰਕੇ ਉਹ ਹਨ ਜੋ ਆਪਣਿਆਂ ਤੋਂ ਹੇਠਲੇ ਅਤੇ ਉਪਰਲਿਆਂ ਵਿਚਾਲੇ ਸਿਆਸੀ ਵਿਚੋਲਗਿਰੀ ਦਾ ਰੋਲ ਨਿਭਾਉਂਦੇ ਹਨ। ਵੋਟਾਂ ਦੀ ਰਾਜਨੀਤੀ ਵਿਚ ਤਾਂ ਬਹੁਤ ਹੀ ਵਧੀਆ ਪੂਰਾ ਰੋਲ ਨਿਭਾਉਂਦੇ ਹਨ। ਇਹਨਾਂ ਤੋਂ ਉਪਰਲੇ ਹੁਣ ਜ਼ਿਮੀਂਦਾਰ ਨਹੀਂ ਉਦਯੋਗਪਤੀ ਜਾਂ ਵਪਾਰੀ ਬਣ ਗਏ ਹਨ। ਉਹ ਜ਼ਮੀਨ ਖਰੀਦਦੇ ਤਾਂ ਹਨ ਪਰ ਉਹਨਾਂ ਦੀਆਂ ਜੋਤਾਂ ਨਹੀਂ ਬਣਦੀਆਂ, ਉਹ ਹੋਟਲ, ਉਦਯੋਗ ਜਾਂ ਹੋਰ ਵਪਾਰਕ ਗਤੀਵਿਧੀਆਂ ਲਈ ਵਰਤੀ ਜਾਂਦੀ ਹੈ ਜਿਸ ਕਰਕੇ ਜੋਤਾਂ ਵਿਚ ਮਾਮੂਲੀ ਵਾਧਾ ਹੀ ਹੋਇਆ ਹੈ। ਇਹ ਸਿਆਸਤ ਉੱਤੇ ਪੂਰਨ ਤੌਰ ਤੇ ਕਾਬਜ਼ ਸ਼੍ਰੇਣੀ ਹੈ। ਸਗੋਂ ਇਸਨੇ ਸਿਆਸਤ ਨੂੰ ਵੀ ਇਕ ਉਦਯੋਗ ਹੀ ਬਣਾ ਧਰਿਆ ਹੈ। ਇਸਨੂੰ ਆਪਣੇ ਕਿਸਾਨ ਭਰਾਵਾਂ ਨਾਲ ਇੰਨਾ ਪਿਆਰ ਨਹੀਂ ਜਿੰਨਾ ਉਦਯੋਗਪਤੀਆਂ ਜਾਂ ਵਪਾਰਕ ਘਰਾਣਿਆਂ ਨਾਲ ਹੈ। ਇਸਦੇ ਹਿੱਤ ਕਿਸਾਨਾਂ ਨਾਲੋਂ ਬਹੁਤੇ ਉਦਯੋਗਪਤੀਆਂ ਅਤੇ ਵਪਾਰੀਆਂ ਨਾਲ ਸਾਂਝੇ ਹਨ। ਕਿਸਾਨਾਂ ਨਾਲ ਉਨੇ ਕੁ ਹੀ ਹਨ ਜਿੰਨਿਆਂ ਨਾਲ ਵੋਟਾਂ ਦੀ ਰਾਜਨੀਤੀ ਚਲਦੀ ਰਹੇ। ਕਿਸਾਨ ਤੜਫਦੇ ਰਹਿਣ, ਰੌਲਾ ਪਾਉਂਦੇ ਰਹਿਣ, ਚੀਕਾਂ ਮਾਰਦੇ ਰਹਿਣ ਤਾਂ ਅਖੀਰ ਕਿਤੇ ਜਾ ਕੇ ਕੁਝ ਹਿੱਲਜੁੱਲ ਸ਼ੁਰੂ ਹੁੰਦੀ ਹੈ ਅਤੇ ਫਿਰ ਥੋੜ੍ਹਾ ਬਹੁਤ ਦੇ ਕੇ, ਕੁਝ ਲਾਰੇ ਲੱਪੇ ਲਾ ਕੇ ਉਹਨਾਂ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ। ਫਿਰ ਆਪਣੇ ਵਿਆਪਕ ਸਾਧਨਾਂ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ ਕਿ ਸਿਰਫ਼ ਉਹ ਹੀ ਕਿਸਾਨਾਂ ਦਾ ਭਲਾ ਕਰ ਸਕਦੇ ਹਨ। ਇਹ ਨਿਰਾ ਝੂਠ ਦਾ ਪੁਲੰਦਾ ਹੈ ਅਤੇ ਭੰਬਲਭੂਸਾ ਪੈਦਾ ਕਰਨ ਦੀ ਪਾਲਸੀ ਹੈ ਨਹੀਂ ਤਾਂ ਕੀ ਕਾਰਨ ਹੈ ਕਿ ਜੇ ਪੰਜਾਬ ਦੀ ਵਾਗਡੋਰ ਸ਼ੁਰੂ ਤੋਂ ਹੀ ਬਹੁਤਾ ਕਰਕੇ ਕਿਸਾਨ ਦੇ ਹੱਥ ਰਹੀ ਹੋਵੇ ਤਾਂ ਕਿਸਾਨ ਹੀ ਅਸੰਤੁਸ਼ਟ, ਦੁਖੀ ਅਤੇ ਨਿਰਾਸ਼ ਰਹੇ? ਹੋਰ ਸਮਾਜ ਦਾ ਤਾਂ ਕਹਿਣਾ ਹੀ ਕੀ ਹੈ ਫਿਰ।

ਧਿਆਨ ਨਾਲ ਵੇਖਿਆਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਸ਼੍ਰੇਣੀ ਉਪਰੋਂ ਉਪਰੋਂ ਹੀ ਕਿਸਾਨਾਂ ਦੀ ਹਮਾਇਤੀ ਬਣਦੀ ਹੈ ਦਿਲੋਂ ਨਹੀਂ। ਨਹੀਂ ਤਾਂ ਕਿਸਾਨਾਂ ਨਾਲ ਉਪਰੋਕਤ ਵਰਣਨ ਕੀਤੀਆਂ ਕੁਦਰਤੀ ਆਫਤਾਂ ਨਾਲ ਨਿਬੜਨ ਲਈ ਕਿਉਂ ਕੋਈ ਫਸਲ ਬੀਮਾ ਵਰਗੀ ਸਕੀਮ ਲਾਗੂ ਹੋ ਸਕਦੀ ਜੋ ਇਸ ਸਭ ਕੁਝ ਦੇ ਨੁਕਸਾਨ ਦੇ ਇਵਜ਼ਾਨੇ ਵੀ ਜ਼ਿੰਮੇਵਾਰੀ ਲਵੇ? ਖੇਤੀ ਮਾਹਿਰ ਆਰਥਿਕ ਵਿਗਿਆਨੀ ਡਾ. ਐਸ. ਐਸ. ਜੌਹਲ ਨੇ 500 ਕਰੋੜ ਦੀ ਨਿਗੁਣੀ ਰਕਮ ਨਾਲ ਕਿਸਾਨਾਂ ਨੂੰ ਕਣਕ-ਝੋਨੇ ਦੇ ਚੱਕਰ ਵਿਚੋਂ ਕੱਢਣ ਲਈ ਜੋ ਸਕੀਮ ਦੱਸੀ ਸੀ ਕਿਉਂ ਨਹੀਂ ਉਸਨੂੰ ਗੰਭੀਰਤਾ ਨਾਲ ਲਿਆ ਗਿਆ?

ਕਣਕ-ਝੋਨੇ ਦੇ ਚੱਕਰ ਨੇ ਹੋਰ ਦਸ-ਪੰਦਰਾਂ ਸਾਲਾਂ ਨੂੰ ਪੰਜਾਬ ਨੂੰ ਮਾਰੂਥਲ ਬਣਾ ਦੇਣਾ ਹੈ, ਫਿਰ ਕੀ ਕਰਨਗੇ ਕਿਸਾਨ? ਅਜੋਕੀ ਕੇਂਦਰ ਸਰਕਾਰ ਨੇ ਸਪਸ਼ਟ ਕਰ ਦਿੱਤਾ ਹੈ ਕਿ ਅੱਗੋਂ 2017 ਤੋਂ ਕਣਕ, ਝੋਨੇ ਦਾ ਸਮਰਥਨ ਮੁੱਲ (ਐਮ. ਐਸ. ਪੀ.) ਬੰਦ ਕਰ ਦਿੱਤਾ ਜਾਵੇਗਾ।ਸਰਕਾਰ ਕਿਉਂ ਨਹੀਂ ਬਦਲਵੀਂ ਫਸਲਾਂ ਲਈ ਗੰਭੀਰ ਹੋ ਰਹੀ? ਘੱਟ ਪਾਣੀ ਮੰਗਣਵਾਲੀਆਂ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਮਿੱਥ ਕੇ ਮੰਡੀਕਰਨ ਨਿਸ਼ਚਿਤ ਕਰਕੇ ਕਿਉਂ ਨਹੀਂ ਉਹਨਾਂ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ? ਝੋਨਾ ਜੋ ਕਦੇ ਪੰਜਾਬ ਦੀ ਫਸਲ ਹੈ ਹੀ ਨਹੀਂ ਸੀ ਉਸਨੂੰ ਵੀ ਤਾਂ ਇਸੇ ਤਰੀਕੇ ਨਾਲ ਉਤਸ਼ਾਹਿਤ ਨਹੀਂ ਸੀ ਕੀਤਾ ਗਿਆ? ਜਾਂ ਫਿਰ ਬਾਗਬਾਨੀ, ਫੁੱਲਾਂ ਦੀ ਕਾਸ਼ਤ ਵੱਲ ਕਿਉਂ ਨਹੀਂ ਮੋੜਿਆ ਜਾ ਰਿਹਾ? ਮੱਛੀ ਪਾਲਣ, ਡੇਅਰੀ, ਸਬਜ਼ੀਆਂ ਨੂੰ ਸਰਕਾਰ ਦੀ ਦੇਖ ਰੇਖ ਵਿਚ ਕਿਉਂ ਨਹੀਂ ਪ੍ਰਫੁੱਲਿਤ ਕੀਤਾ ਜਾ ਸਕਦਾ? ਭਾਰਤੀ ਖੇਤੀਬਾੜੀ ਖੋਜ ਸੰਸਥਾ (ਆਈ. ਸੀ. ਏ. ਆਰ.) ਦੀ ਰਿਪੋਰਟ ਅਨੁਸਾਰ ਪੰਜਾਬ ਸਮੇਤ 12 ਸੂਬਿਆਂ ਦੇ ਧਰਤੀ ਹੇਠਲੇ ਪਾਣੀ ਵਿਚ ਸੰਖੀਏ ਵਰਗੇ ਜ਼ਹਿਰ ਦੀ ਮਾਤਰਾ ਪਾਈ ਜਾ ਰਹੀ ਹੈ। ਇਸਦੇ ਨਾਲ ਹੀ ਸਿੱਕਾ, ਯੂਰੇਨੀਅਮ, ਪਾਰਾ, ਕਰੋਮੀਅਮ, ਐਲਮੁਨੀਅਮ ਦੀ ਮਾਤਰਾ ਵੀ ਪਾਈ ਜਾ ਰਹੀ ਹੈ ਜੋ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਹੀ ਹੈ। ਕਿਸਾਨ ਮੌਜੂਦਾ ਫਸਲਾਂ ਦੇ ਹੁੰਦਿਆਂ ਦਵਾਈਆਂ ਅਤੇ ਰਸਾਇਣਿਕ ਖਾਦਾਂ ਵਰਤਣ ਲਈ ਮਜਬੂਰ ਹੈ। ਇਹਨਾਂ ਦੀ ਮਾਤਰਾ ਘੱਟ ਸਕਦੀ ਹੈ ਤੇ ਪਾਣੀ ਟਰੀਟ ਹੋ ਸਕਦਾ ਹੈ। ਕਿਉਂ ਨਹੀਂ ਇਹ ਸਰਕਾਰ ਦੀ ਪਹਿਲ ਸੂਚੀ ਵਿਚ ਦਰਜ ਹੋ ਰਿਹਾ?

ਹੁਣ ਤੱਕ ਖੇਤੀ ਖੇਤਰ ਨੂੰ 28,000 ਕਰੋੜ ਦੀ ਮੁਫ਼ਤ ਬਿਜਲੀ ਦਿੱਤੀ ਜਾ ਚੁੱਕੀ ਹੈ ਪਰ ਇਸਦਾ ਇੰਨਾ ਲਾਭ ਨਹੀਂ ਹੋਇਆ। ਇਸਨੂੰ ਰਿਵਿਊ ਕਰਕੇ ਵੱਡੇ ਜ਼ਿਮੀਦਾਰਾਂ ਤੋਂ ਇਹ ਲਾਭ ਵਾਪਸ ਲੈ ਕੇ ਬਾਕੀ ਦੇ ਕਿਸਾਨਾਂ ਨੂੰ ਹੋਰ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਮੁਫ਼ਤ ਬਿਜਲੀ ਦਾ ਲਾਭ ਤਾਂ ਵੱਡੇ ਜ਼ਿਮੀਂਦਾਰ ਬਹੁਤਾ ਲੈ ਰਹੇ ਹਨ। ਕੇਂਦਰ ਸਰਕਾਰ ਨੇ ਖੇਤੀ ਖੇਤਰ ਨਾਲ ਸਬ- ਧਿਤ 65 ਕਰੋੜ ਲੋਕਾਂ ਲਈ 11,531 ਕਰੋੜ ਦਾ ਬਜਟ ਦਿੱਤਾ ਹੈ। ਬਹੁਤ ਘੱਟ ਹੈ। ਇੱਡੇ ਵੱਡੇ ਖੇਤਰ ਦਾ ਵੱਖਰਾ ਅਤੇ ਵੱਡਾ ਬਜਟ ਹੋਣਾ ਚਾਹੀਦਾ ਹੈ। ਰੇਲਵੇ ਦੇ 10 ਕਰੋੜ ਲੋਕਾਂ ਲਈ ਵੱਖਰਾ ਹੋ ਸਕਦਾ ਹੈ ਤਾਂ ਇਸ ਖੇਤਰ ਲਈ ਕਿਉਂ ਨਹੀਂ? ਸੂਬਾ ਸਰਕਾਰ ਆਪਣੀ ਭਾਈਵਾਲ ਕੇਂਦਰੀ ਸਰਕਾਰ ਨਾਲ ਇਹ ਸਵਾਲ ਉਠਾ ਸਕਦੀ ਹੈ। ਪ੍ਰਧਾਨ ਮੰਤਰੀ ਦੀਆਂ ਬਾਹਰਲੀਆਂ ਫੇਰੀਆਂ ਦੇ ਨਤੀਜੇ ਦੇ ਤੌਰ ਤੇ 27,000 ਕੰਪਨੀਆਂ ਦੇਸ਼ ਵਿਚ ਆਉਣਗੀਆਂ। ਪੰਜਾਬ ਨੇ ਵਿਰੋਧਤਾ ਤਾਂ ਕੀ ਕਰਨੀ ਸੀ, ਇਹ ਆਪ ਹੀ ਕੰਪਨੀਆਂ ਨੂੰ ਬੁਲਾਵਾ ਦੇ ਰਹੇ ਹਨ। ਇਹਨਾਂ ਲਈ ਕੌਡੀਆਂ ਦੇ ਭਾਅ ਜ਼ਮੀਨ ਲੁਟਾ ਦੇਣੀ ਹੈ। ਇਹਨਾਂ ਵਾਸਤੇ ਹੀ ਕੌਮੀ ਮਾਰਗ ਅਤੇ ਹੋਰ ਵੱਡੀਆਂ ਖੁੱਲ੍ਹੀਆਂ ਸੜਕਾਂ ਬਣ ਰਹੀਆਂ ਹਨ।

ਪਿੰਡਾਂ ਵਿਚ ਕਿਸਾਨਾਂ ਤੇ ਹੋਰ ਲੋਕਾਂ ਲਈ ਬਣੀਆਂ ਸੜਕਾਂ ਦੀ ਖਸਤਾ ਹਾਲਤ ਦੱਸ ਰਹੀ ਹੈ ਕਿ ਸਰਕਾਰ ਕਿਹਨਾਂ ਦੀ ਖੈਰ-ਖੁਆਹ ਹੈ। ਇਹਨਾਂ ਦੀ ਭਾਈਵਾਲ ਕੇਂਦਰੀ ਸਰਕਾਰ ਨੇ ਪਿੱਛੇ ਜਿਹੇ ਵਪਾਰਕ ਘਰਾਣਿਆਂ ਨੂੰ 64,000 ਕਰੋੜ ਦੀਆਂ ਟੈਕਸ ਛੋਟਾਂ ਦਿੱਤੀਆਂ ਹਨ। ਕਿਸਾਨਾਂ ਦਾ ਕੁੱਲ ਕਰਜ਼ਾ ਤਾਂ 15,000 ਕਰੋੜ ਹੀ ਹੈ। ਪੰਜਾਬ ਸਰਕਾਰ ਨੇ ਕੇਂਦਰ ਨੂੰ ਕੋਈ ਚਿੱਠੀ ਲਿਖੀ? ਜੇ ਉਦਯੋਗਪਤੀਆਂ ਨਾਲ ਹੀ ਇੰਨਾ ਪਿਆਰ ਹੈ ਤਾਂ ਖੇਤੀ ਨੂੰ ਵੀ ਉਦਯੋਗ ਬਣਾ ਲਿਆ ਜਾਵੇ, ਫਿਰ ਉਤਪਾਦਨ ਦੀਆਂ ਕੀਮਤਾਂ ਵੀ ਆਪ ਹੀ ਤਹਿ ਕਰ ਸਕੇਗਾ ਕਿਸਾਨ ਜਿਵੇਂ ਖੇਤੀ ਉਤਪਾਦਨ ਤੋਂ ਤਿਆਰ ਹੋਏ ਚਿੱਪਸ, ਨਮਕੀਨ ਤੇ ਬਿਸਕੁਟਾਂ ਦੀ ਕੀਮਤ ਉਦਯੋਗਪਤੀ ਆਪ ਨਿਰਧਾਰਿਤ ਕਰਦਾ ਹੈ। ਸਿੱਧਾ ਰੁਜ਼ਗਾਰ ਵੀ ਮਿਲੇਗਾ।

ਨਸ਼ਿਆਂ ਨੇ ਪੰਜਾਬ ਦੀ ਤਬਾਹੀ ਕੀਤੀ ਹੈ। ਇਹਨਾਂ ਨੇ ਬਾਕੀ ਦੇ ਸਮਾਜ ਦਾ ਨਾਸ਼ ਮਾਰਿਆ ਹੈ ਤਾਂ ਕਿਰਸਾਨੀ 'ਤੇ ਵੀ ਬਹੁਤਾ ਮਾੜਾ ਪ੍ਰਭਾਵ ਪਿਆ ਹੈ। ਨਸ਼ਿਆਂ ਨੇ ਕਿਰਸਾਨ ਨਿੱਸਲ ਕਰ ਦਿੱਤੇ ਹਨ ਪ੍ਰਵਾਸੀ ਮਜ਼ਦੂਰ ਮਜ਼ਦੂਰੀ ਕਰਨ ਆਏ ਖੇਤੀ ਸੰਭਾਲੀ ਫਿਰਦੇ ਹਨ। ਵਾਢੀ ਦੇ ਦਿਨਾਂ ਵਿਚ ਕਿਸਾਨ ਇਹਨਾਂ ਦੇ ਤਰਲੇ ਮਿੰਨਤਾਂ ਕਰਦੇ ਵੇਖੇ ਜਾ ਸਕਦੇ ਹਨ। ਇਹ ਲਾਹਨਤ ਖਤਮ ਕਰਨ ਲਈ ਕੀ ਕੀਤਾ ਸਰਕਾਰ ਨੇ? ਕੁਝ ਨਸ਼ੇੜੀ ਪਕੜ ਕੇ ਅੰਦਰ ਸੁੱਟ ਦਿੱਤੇ ਤੇ ਵੱਡੇ ਤਸਕਰਾਂ ਦੀ ਹਵਾ ਵੱਲ ਝਾਕਿਆ ਹੀ ਨਹੀਂ ਕਿਸੇ ਨੇ। ਕੀ ਬਿਹਾਰ ਦੀ ਨਵੀਂ ਸਰਕਾਰ ਵਾਂਗ ਸਖ਼ਤ ਕਦਮ ਚੁੱਕ ਕੇ ਸ਼ਰਾਬ ਤੇ ਪਾਬੰਦੀ ਨਹੀਂ ਸੀ ਲੱਗ ਸਕਦੀ? ਕਿਉਂ ਪੰਜਾਬ ਸਰਕਾਰ ਨੂੰ ਥਾਂ-ਥਾਂ ਠੇਕੇ ਖੋਲ੍ਹਣ ਬਦਲੇ ਅਦਾਲਤ ਤੋਂ ਝਿੜਕਾਂ ਸਹਿਣੀਆਂ ਪਈਆਂ? ਇਹ ਸਾਰੀਆਂ ਗੱਲਾਂ ਸਿੱਧ ਕਰ ਰਹੀਆਂ ਹਨ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਹੋ ਕੇ ਵੀ ਕਿਸਾਨਾਂ ਦੀ ਨਹੀਂ ਹੈ।

ਇਹਨਾਂ ਹਾਲਤਾਂ ਵਿਚ ਕੀ ਹੋਵੇ? ਜੇ ਕਿਰਸਾਨੀ ਬਚਾਉਣੀ ਹੈ ਤਾਂ ਕਿਸਾਨਾਂ ਨੂੰ ਮੁੜ ਆਪਣੇ ਵਿਚੋਂ ਲੀਡਰਸ਼ਿਪ ਉਭਾਰਨੀ ਪਵੇਗੀ। ਪੂਰਨ ਤੌਰ ਤੇ ਜਾਗ੍ਰਿਤੀ ਪੈਦਾ ਕਰਨੀ ਪਵੇਗੀ। ਉਹਨਾਂ ਵਿਚੋਂ ਉਭਰੀ ਲੀਡਰਸ਼ਿਪ ਹੀ ਉਹਨਾਂ ਦੇ ਦੁੱਖ ਦਰਦ ਸਮਝ ਸਕੇਗੀ। ਉਦਯੋਗਪਤੀਆਂ ਦੇ ਭਾਈਵਾਲਾਂ ਨੂੰ ਬਾਏ ਬਾਏ ਕਹਿਣੀ ਪਵੇਗੀ। ਨਵੀਂ ਲੀਡਰਸ਼ਿਪ ਦੇ ਹੱਥ ਇੰਨੇ ਮਜ਼ਬੂਤ ਕੀਤੇ ਜਾਣ ਕਿ ਉਸਦੇ ਲਿਖੇ ਦੋ ਅੱਖਰ ਕੇਂਦਰੀ ਤਾਕਤ ਨੂੰ ਸੋਚਣ ਲਈ ਮਜਬੂਰ ਕਰ ਦੇਣ। ਉਸਦੀ ਗਰਜਨ ਤੋਂ ਉਪਰਲਿਆਂ ਦਾ ਤਖਤ ਡੋਲਦਾ ਨਜ਼ਰ ਆਵੇ।

ਜੇ ਕਿਸਾਨ ਇਹ ਸ਼ਕਤੀ ਨਹੀਂ ਬਣਾ ਸਕਦਾ ਤਾਂ ਉਹ ਇਸ ਖੁਸ਼ਫਹਿਮੀ ਵਿਚ ਤਾਂ ਵਿਚਰਦਾ ਰਹੇਗਾ ਕਿ ਉਸਦੇ ਜੱਟ ਭਰਾਵਾਂ ਦੀ ਸਰਕਾਰ ਹੈ ਪਰ ਹਾਲ ਉਹੀ ਰਹੇਗਾ ਅਤੇ ਹੜਤਾਲਾਂ ਬੱਸਾਂ ਰੋਕੋ, ਰੇਲਾਂ ਰੋਕੋ, ਜ਼ਿੰਦਾਬਾਦ ਮੁਰਦਾਬਾਦ ਤੋਂ ਕਦੇ ਖਹਿੜਾ ਨਹੀਂ ਛੁੱਟੇਗਾ। ਖੁਸ਼ਹਾਲ ਕਿਸਾਨ ਮਜ਼ਦੂਰ ਹੀ ਖੁਸ਼ਹਾਲ ਸਮਾਜ ਦੀ ਜਾਮਨੀ ਭਰ ਸਕਦੇ ਹਨ। ਅਤੇ ਇਕ ਮਜ਼ਬੂਤ ਨੀਂਹ ਬਣ ਸਕਦੇ ਹਨ।

**# ਸਾਬਕਾ ਸਯੁੰਕਤ ਡਾਇਰੈਕਟਰ ਖੇਤੀਬਾੜੀ ਪੰਜਾਬ**
**91-98726-70278**

# TANDOOR
Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212
Fax. 510-885-1532

# A & S
## Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# Continental


ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।

ਟਰੈਕਟਰ-ਟਰੇਲਰ ਸਬੰਧੀ ਹਰ ਕਿਸਮ ਦੀ ਸਰਵਿਸ ਅਤੇ ਟਾਇਰ ਸਰਵਿਸ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Truck, Trailer Repair & Tyre Servicse

Bhajji Gill (510-277-6315)
Chain Gill 510-542-1181

42400 Boyce Rd., Unite F, Fremont, CA 94538



FREE WiFi

Ram Gopal

# Annabelle's
Pizza & Pasta Kitchen

200 "J" Street
Sacramento, CA 95814
(916) 448-6239

BIG SCREEN TV

## Annabelle's
Pizza & Pasta Kitchen

IN OLD SACRAMENTO

PIZZA, PASTA, SPAGHETTI, BAKED MACARONI & CHEESE, SALAD BAR (16 Varieties)

Italian Buffets, Indian Foods. (Italian Buffet $6.99)

Hall free for Jago, Birth Day & Wedding Parties.
Seven days open from 11 AM to 4 PM


Varieties of Video Games Available

Variety of Sandwiches are also available



Ram Gopal

Features
All you can eat Italian Buffet
(Our Dough is Freshly Rolled Daily and Made of the Finest Ingredients)
Now Serving Beer &Wine!




Ram Gopal (916) 448-6239
200 "J" Street, Sacramento, CA 95814

# ਅੰਤਰ ਰਾਸ਼ਟਰੀ ਵਿਰੋਧ ਲੈ ਡੁੱਬੇਗਾ ਬਾਦਲਾਂ ਨੂੰ

ਅਵਤਾਰ ਸਿੰਘ ਰਾਏਸਰ
98143-21087

ਡੇਰਾ ਸੱਚਾ ਸੌਦਾ ਸਿਰਸਾ ਮੁੱਖੀ ਨੂੰ ਪੰਜ ਤਖਤਾਂ ਦੇ ਜੱਥੇਦਾਰਾਂ ਸਾਹਿਬਾਨਾ ਵੱਲੋਂ ਦਿੱਤੀ ਗਈ ਮੁਆਫੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀਆਂ ਮਹਾਨ ਪ੍ਰੰਪਰਾਂਵਾ ਨੂੰ ਦਰ ਕਿਨਾਰ ਕਰਕੇ ਬਾਦਲਾਂ ਦੇ ਫੁਰਮਾਨ ਨੂੰ ਅਮਲੀਜਾਮਾ ਪਹਿਨਾਏ ਜਾਣ ਤੋਂ ਸਿੱਖ ਸੰਗਤਾਂ 'ਚ ਉੱਠੇ ਵਿਸਾਲ ਰੋਹ ਕਾਰਨ ਜਿੱਥੇ ਜੱਥੇਦਾਰਾਂ ਨੇ ਯੂ-ਟਰਨ ਲੈ ਕੇ ਆਪਣੀ ਸਥਿਤੀ ਰਾਸੋਰੀਣੀ ਬਣਾ ਲਈ ਹੈ, ਉੱਥੇ ਸ੍ਰੋਮਣੀ ਕਮੇਟੀ ਅਤੇ ਸ੍ਰੋਮਣੀ ਅਕਾਲੀ ਦਲ ਵੱਲੋਂ ਹਰ ਇੱਕ ਗਲਤੀ ਨੂੰ ਛਪਾਉਣ ਲਈ ਗਲਤੀ ਦਰ ਗਲਤੀ ਕਰਦਿਆਂ ਐਸੀ ਜੱਗ ਹਸਾਈ ਕਰਵਾ ਲਈ ਕਿ ਕਿਸੇ ਵਕਤ ਨਿਮਾਣੇ ਨਿਤਾਣਿਆ ਦੀ ਓਟ ਬਣਨ ਵਾਲਾ ਸੋਮਣੀ ਅਕਾਲੀ ਦਲ ਅਤੇ ਸਿੱਖਾਂ ਦੀ ਮਿੰਨੀ ਪਾਰਟੀਮੈਂਟ ਕਰਾਉਣ ਵਾਲੀ ਸ੍ਰੋਮਣੀ ਪ੍ਰਬੰਧਕ ਕਮੇਟੀ ਅਤੇ ਸਾਡੇ ਪੰਥਕ ਜੱਥੇਦਾਰ ਸਹਿਬਾਨ ਨੂੰ ਦੁਨੀਆਂ ਭਰ ਦੇ ਪੰਜਾਬੀਆਂ ਦੀ ਫਿੱਟ ਲਾਹਨਤ ਕਾਰਣ ਇਤਿਹਾਸ ਦਾ ਵਹਿਣ ਹੀ ਉਲਟ ਦਿਸਾ ਵੱਲ ਵਹਿ ਤੁਰਿਆ। ਅਸਲ 'ਚ ਪੰਜਾਬ ਅੰਦਰ ਚੱਲੇ ਜਬਰਦਸਤ ਕਿਸ਼ਾਨ ਅੰਦੋਲਨ ਦੇ ਚਲਦਿਆਂ ਸੂਬੇ 'ਚ ਰੇਲ ਵਿਵਸਥਾ ਠੱਪ ਹੋ ਜਾਣ ਨਾਲ ਪੰਜਾਬ ਸਰਕਾਰ ਦਾ ਸਮੁੱਚਾ ਸਿਸਟਮ ਹੀ ਗੜਬੜਾ ਗਿਆ। ਸੂਝਵਾਨ ਚਿੰਤਕਾਂ ਦਾ ਮੰਨਣਾ ਦਾ ਹੈ ਕਿ ਪੰਜਾਬ ਦੇ ਲੋਕਾਂ ਦਾ ਧਿਆਨ ਅਸਲ ਮੁੱਦੇ ਤੋਂ ਭਟਕਾਉਣ ਹਿੱਤ ਹੀ "ਡੇਰਾ ਸਿਰਸਾ ਦਾ ਮੁਆਫੀਨਾਮਾ" ਕਾਂਡ ਰਚਾਇਆ ਗਿਆ, ਪਰ ਸਰਕਾਰ ਖਿਲਾਫ ਉੱਠੇ ਵਿਸਵ ਪੱਧਰ ਬਵਾਲ ਨੇ ਸਰਕਾਰ ਤੇ ਸ੍ਰੋਮਣੀ ਕਮੇਟੀ ਦੀ ਸਥਿੱਤੀ "ਸੱਪ ਦੇ ਮੂੰਹ 'ਚ ਕਿਰਲੀ" ਵਾਲੀ ਕਰ ਦਿੱਤੀ। ਇੱਥੋਂ ਆਪਣੇ ਨੱਕ ਨਮੂਜ ਰਖਣ ਹਿੱਤ ਅਖੌਤੀ ਏਜੰਸੀਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਚੋਰੀ ਹੋਣ , ਫਿਰ ਇਸ ਸਬੰਧੀ ਪਿੰਡਾ ਦੀਆਂ ਕੰਧਾ ਤੇ ਪੋਸਟਰ ਚਿਪਕਾਉਣ ਨਾਲ ਇੱਕ ਵਾਰ ਤਾਂ ਇਉਂ ਲੱਗਣ ਲੱਗ ਪਿਆ ਸੀ ਕਿ ਪੰਥ ਤੇ ਡੇਰਾ ਪ੍ਰੇਮੀਆਂ 'ਚ ਕਦੇ ਵੀ ਆਹਮੋ ਸਾਹਮਣੀ ਟੱਕਰ ਹੋ ਸਕਦੀ ਹੈ, ਪਰ ਇਹ ਗੱਲ ਟਲ ਗਈ ਤੇ ਥੋੜੇ ਦਿਨਾ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ਦੀ ਬੇਅਦਬੀ ਦੀਆਂ ਘਟਨਾਵਾ ਦਾ ਦੌਰ ਸੂਰੂ ਹੋ ਗਿਆ। ਆਪਣੇ ਧਾਰਮਿਕ ਅਕੀਦਿਆ ਨੂੰ ਛਲਣੀ ਹੁਦਿਆਂ ਵੇਖਣਾ ਇੱਕ ਗੈਰਤਮੰਦ ਕੌਮ ਲਈ ਪਾਣੀ ਦੀ ਚੂਲੀ 'ਚ ਡੁੱਬ ਮਰਨ ਵਰਗਾ ਹੁੰਦਾ ਹੈ। ਇਸੇ ਕਾਰਣ ਨੇੜਲੇ ਸਹਿਰ ਕੋਟਕਪੂਰਾ ਦੇ ਬੱਤੀਆਂ ਵਾਲੇ ਚੌਂਕ 'ਚ ਪੰਥਕ ਭਾਵਨਾਵਾ ਨੂੰ ਰੂਪਮਾਨ ਕਰਦਾ ਧਰਨਾ ਸੰਗਤਾਂ ਵੱਲੋਂ ਪੱਕੇ ਤੌਰ ਤੇ ਲਗਾ ਦਿੱਤਾ ਗਿਆ। ਇੱਥੇ ਸੰਗਤਾਂ ਦੀਆਂ ਭਾਵਨਾਵਾ ਦੇ ਅਨੁਕੂਲ ਵਲੂੰਧਰੇ ਗਏ ਹਿਰਦਿਆਂ ਨੂੰ ਸਾਂਤੀ, ਸੰਜਮ ਨਾਲ ਸੁਲਝਾਉਣ ਦੀ ਬਜਾਏ ਸਥਾਨਕ ਪੁਲਿਸ ਵੱਲੋਂ ਅੰਨੇਵਾਹ ਗੋਲੀਆਂ ਚਲਾਈਆਂ ਜਾਣ ਕਰਕੇ ਸਰਾਂਵਾ ਪਿੰਡ ਦੇ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਤੇ ਸੈਂਕੜੇ ਦੇ ਕਰੀਬ ਫੱਟੜ ਲੋਕਾਂ ਲਈ ਇੱਕ ਵਾਰ ਤਾਂ ਜਰਨਲ ਡਾਇਰ ਵੱਲੋਂ ਜਲਿਆਂਵਾਲਾ ਬਾਗ ਦੇ ਸਾਕੇ ਵਰਗਾ ਕਹਿਰੀ ਭਾਣਾ ਵਰਤਾ ਦਿੱਤਾ ਗਿਆ। ਪ੍ਰਸ਼ਾਸਨ ਦਾ ਰੋਲ ਇੱਥੇ ਫਿਰ ਕੁੱਤੀ ਦੇ ਚੋਰਾਂ ਨਾਲ ਰਲਣ ਵਰਗਾ ਸੀ, ਕਿਸੇ ਅਸਲ ਦੋਸੀ ਨੂੰ ਫੜਨ ਦੀ ਬਿਜਾਏ ਦੋ ਸਕੇ ਭਰਾਂਵਾ ਰੁਪਿੰਦਰ ਸਿੰਘ ਖਾਲਸਾ ਅਤੇ ਜਸਵਿੰਦਰ ਸਿੰਘ ਖਾਲਸਾ ਨੂੰ ਚੁੱਕਕੇ ਤਸੱਦਦ ਢਾਹਿਆ ਗਿਆ। ਪਰ ਪੰਥਕ ਜੱਥੇਬੰਦੀਆਂ ਵੱਲੋਂ ਇਨ੍ਹਾਂ ਸਕੇ ਭਰਾਵਾਂ ਦੇ ਹੱਕ 'ਚ ਉਠਾਈ ਅਵਾਜ ਨੂੰ ਪੰਜਾਬ ਤੋਂ ਇਲਾਵਾ ਵਿਦੇਸ਼ਾ 'ਚ ਵਸਦੇ ਸਿੱਖਾਂ ਤੇ ਮੁਸਲਿਮ ਭਾਈਚਾਰੇ ਨੇ ਇੱਕਜੁੱਟ ਹੁੰਦਿਆਂ ਪੰਜਾਬ ਨੂੰ ਬਾਦਲ ਅਕਾਲੀ ਦਲ, ਸ੍ਰੋਮਣੀ ਗੁ: ਪ੍ਰਬੰਧਕ ਕਮੇਟੀ ਅਤੇ ਜੱਥੇਦਾਰ ਸ੍ਰੀ ਅਕਾਲ ਤਖਤ ਤੇ ਬਾਕੀ ਤਖਤਾਂ ਨੂੰ ਮੁਕਤ ਕਰਾਉਣ ਲਈ ਆਵਾਜ ਬੁਲੰਦ ਕਰ ਦਿੱਤੀ। ਇਸ ਨਾਲ ਅਕਾਲੀ ਦਲ ਦੀ ਪੰਜਾਬ ਸਰਕਾਰ, ਸ੍ਰੋਮਣੀ ਕਮੇਟੀ ਜਿਲ੍ਹਾ ਜੱਥੇਦਾਰ ਮੰਤਰੀਆਂ ਦਾ ਵਿਦੇਸ਼ਾਂ 'ਚ ਕਿਸੇ ਜਨਤਕ ਥਾਂ ਤੇ ਬੋਲਣ ਤੇ ਪਾਬੰਦੀ ਲਗਾ ਦਿੱਤੀ ਗਈ, ਵਤਨੋਂ ਦੂਰ ਸੱਤ ਸਮੁੰਦਰੋਂ ਪਾਰ ਦੇ ਜਾਗਦੇ ਲੋਕਾਂ ਨੇ ਇਨ੍ਹਾਂ ਮਰ ਚੁੱਕੀ ਜਮੀਰ ਵਾਲੇ ਪੰਜਾਬ ਸਰਕਾਰ ਦੇ ਤਿੰਨ ਚਾਰ ਮੰਤਰੀਆਂ, ਜੱਥੇਦਾਰ ਤੋਤਾ ਸਿੰਘ, ਸਿਕੰਦਰ ਸਿੰਘ ਮਲੂਕਾਂ, ਢਿੱਲੋਂ ਤੇ ਰੱਖੜਾ ਵਰਗਿਆਂ ਨੂੰ ਪਹਿਲਾ ਹੀ ਉਨ੍ਹਾਂ ਦੀ ਔਕਾਤ ਵਾਰੇ ਜਤਾ ਦਿੱਤਾ ਸੀ। ਵਿਦੇਸ਼ਾਂ ਤੋਂ ਸੂਰੂ ਹੋਈ ਇਸ ਬਗਾਵਤੀ ਚਿੰਗਾਰੀ ਨੇ ਆਪਣਾ ਅਸਰ ਪੰਜਾਬ 'ਚ ਵਿਖਾਇਆ ਜਦ ਬੀਬੀ ਜੰਗੀਰ ਕੌਰ ਅਤੇ ਬਿਕਰਮਜੀਤ ਸਿੰਘ ਮਜੀਠੀਏ ਵਰਗੇ, ਸੀਨੀਅਰ ਆਗੂਆਂ ਨੂੰ ਪੰਜਾਬ ਦੇ ਅਣਖੀਲੋਕਾਂ ਨੇ ਜੁੱਤੀਆਂ ਛੱਡ, ਨੰਗੇ ਪੈਰੀ ਭੱਜਣ ਲਈ ਮਜਬੂਰ ਕਰ ਦਿੱਤਾ।

ਪੰਜਾਬ 'ਚ ਚੰਡੀਗੜ, ਰੋਪੜ, ਲੰਬੀ, ਬਠਿੰਡਾ, ਫਰੀਦਕੋਟ, ਬਰਨਾਲਾ, ਲੁਧਿਆਣਾ, ਅੰਮ੍ਰਿਤਸਰ, ਜਲੰਧਰ ਤੇ ਤਰਨਤਾਰਨ ਸਾਹਿਬ ਸਮੇਤ ਗੁਆਢੀ ਸੂਬਿਆਂ 'ਚ ਵਸਦੇ ਸਿੱਖਾਂ ਵੱਲੋਂ ਪਹਿਲੀ ਵਾਰ ਦਿਖਾਈ ਗਈ ਇੱਕਜੁੱਟਤਾ ਕਾਰਨ ਪੰਜਾਬ ਅੰਦਰ ਬਾਦਲ ਪਿਉ ਪੁੱਤ ਦੀ ਹਾਲਾਤ ਗਲੀਆ ਦੇ ਕੱਖਾਂ ਵਾਲੀ ਹੋ ਗਈ ਹੈ। ਪੰਜਾਬ ਨੂੰ ਛੱਡਕੇ ਵਿਦੇਸ਼ਾਂ ਵੱਲੋਂ ਝਾਤ ਮਾਰਦਿਆਂ ਪਤਾ ਲਗਦਾ ਹੈ, ਕਿ ਪਹਿਲੀ ਨਵੰਬਰ 2015 ਨੂੰ ਇੰਗਲੈਂਡ ਵਿਖੇ ਵਿਸਵ ਸਿੱਖ ਸੰਮੇਲਨ 'ਚ ਯੂ.ਕੇ, ਯੂਰਪ, ਕੈਨੇਡਾ, ਯੂ.ਐਸ.ਏ, ਆਸਟਰੇਲੀਆ, ਨਿਊਜੀਲੈਂਡ ਸਮੇਤ 20 ਦੇਸ਼ਾਂ ਦੇ ਸਿੱਖਾਂ ਨੇ ਹਿੱਸਾ ਲਿਆ।

ਲਗਾਤਾਰ 8 ਘੰਟੇ ਚੱਲੇ ਡੈਲੀਗੇਟ ਇਜਲਾਸ ਵਿੱਚ 8 ਮਤਿਆ ਤੇ ਸਹਿਮਤੀ ਉੱਪਰੰਤ 13 ਅਪ੍ਰੈਲ 1978 ਦੇ ਅੰਮ੍ਰਿਤਸਰ 'ਚ ਨਿੰਰਕਾਰੀਆਂ ਵੱਲੋਂ ਸਹੀਦ ਕੀਤੇ ਗਏ 13 ਸਿੰਘਾਂ ਸਮੇਤ 1 ਜੂਨ 1984 ਤੇ 7 ਜੂਨ 1984 ਤੱਕ ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ 'ਚ ਵਰਤਾਏ ਗਏ ਹੌਲਨਾਕ ਕਹਿਰ ਦੌਰਾਨ ਸ਼ਹੀਦ ਹੋਏ ਮਹਾਨ ਸਿੱਖ ਨਾਇਕ ਤੇ ਵੀਹਵੀ ਸਦੀ ਦੇ ਜਰਨੈਲ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਅਤੇ ਉਨ੍ਹਾਂ ਦੇ ਸ਼ਹੀਦ ਹੋਏ ਸਾਥੀਆਂ, ਸਿੰਘਾਂ, ਸਿੰਘਣੀਆਂ, ਭੁਝੰਗੀਆਂ ਦੀ ਸਹਾਦਤ ਨੂੰ ਸਿਜਦਾ ਕਰਦਿਆਂ ਅਜਾਦ ਸਿੱਖ ਰਾਜ ਖਾਲਿਸਤਾਨ ਪ੍ਰਤੀ ਦ੍ਰਿੜਤਾ ਸਹਿਤ ਵਚਨਬੱਧਤਾ ਦਾ ਪ੍ਰਗਟਾਵਾ ਕਰਦਿਆਂ ਆਖਰੀ ਦਮ ਤੱਕ ਉਸਾਰੂ ਅਤੇ ਸਾਰਥਿਕ ਯੋਗਦਾਨ ਪਾਉਣ ਦਾ ਪ੍ਰਣ ਕੀਤਾ ਗਿਆ।

ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ ਸਿੰਘ ਬਾਦਲ, ਸ੍ਰੋਮਣੀ ਗੁ: ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ, ਫਖਰੇ ਏ ਕੌਮ, ਅਤੇ ਸ੍ਰੋਮਣੀ ਸੇਵਕ ਦੇ ਖਿਤਾਬਾਂ ਨੂੰ ਰੱਦ ਕੀਤਾ। ਮੁੱਖ ਮੰਤਰੀ ਤੇ ਉੱਪ ਮੁੱਖ ਮੰਤਰੀ ਤੋਂ ਅਸਤੀਫੇ ਦੀ ਮੰਗ ਤਖਤਾਂ ਦੇ ਜੱਥੇਦਾਰਾਂ ਸਬੰਧੀ ਪੰਜ ਪਿਆਰਿਆਂ ਦੇ ਫੈਸਲੇ ਦੀ ਪ੍ਰੋੜਤਾਂ ਕਰਦਿਆਂ ਸਿੱਖ ਕੌਮ ਦੇ ਜੱਥੇਦਾਰਾਂ ਨੂੰ ਅਹੁਦਿਆਂ ਤੋਂ ਫਾਰਗ ਕਰਨ ਤੱਕ ਬਾਈਕਾਟ ਦਾ ਐਲਾਨ ਕੀਤਾ। ਸੰਸਾਰ ਪਰ ਦੇ ਸਿੱਖਾਂ ਨੂੰ ਸਾਂਝਾ ਅਤੇ ਮਜਬੂਤ ਪਲੇਟਫਾਰਮ ਮੁਹੱਈਆ ਕਰਵਾਉਣ ਲਈ "ਸਿੱਖ ਪਾਰਲੀਮੈਂਟ" ਸਥਾਪਿਤ ਕਰਨ ਅਤੇ ਵਰਲਡ ਸਿੱਖ ਬੈਂਕ ਨੂੰ ਹੋਂਦ 'ਚ ਲਿਆਉਣ ਦਾ ਫੈਸਲਾ ਕੀਤਾ । ਤਖਤਾਂ ਦੇ ਜੱਥੇਦਾਰਾਂ ਦੀ ਸਰਬੱਤ ਖਾਲਸੇ ਵੱਲੋਂ ਨਿਯੁਕਤੀ ਦੀ ਯਕੀਨੀ ਅਤੇ 26 ਜਨਵਰੀ 1986 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਏ ਸਰਬੱਤ ਖਾਲਸੇ ਅਤੇ ਖਾਲਿਸਤਾਨ ਦੇ ਐਲਾਨ ਨਾਮੇ ਦੀ 30 ਵੀ ਵਰ੍ਹੇਗੰਢ ਨੂੰ ਦੁਨੀਆਂ ਭਰ 'ਚ ਪੂਰੇ ਜਾਹੋ ਜਲਾਲ ਨਾਲ ਮਨਾਉਣ ਦਾ ਸੱਦਾ ਦਿੱਤਾ ਗਿਆ।

ਸਵਿੱਟਜਰਲੈਂਡ ਦੀ ਰਾਜਧਾਨੀ ਜਨੇਵਾ ਵਿਖੇ ਸਿੱਖ ਸੰਗਤ ਦੇ ਵੱਡੇ ਇੱਕਠ ਨੇ ਯੂ.ਐਨ.ਓ ਦੇ ਦਫ਼ਤਰ ਦੇ ਸਾਹਮਣੇ ਜੂਨ 1984 ਤੇ ਨਵੰਬਰ 84 ਦੇ ਸਿੱਖ ਕਤਲੇਆਮ ਵਿੱਚ ਹੋਏ ਸਮੂਹ ਸ਼ਹੀਦਾ ਦੀ ਯਾਦ ਵਿੱਚ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ, ਬਾਪੂ ਸੂਰਤ ਸਿੰਘ ਖਾਲਸਾ ਵੱਲੋਂ ਵਿੱਢੇ ਸੰਘਰਸ਼ ਦੇ ਜੇਲ੍ਹਾ 'ਚ ਸਜਾਵਾ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਅਤੇ ਪੰਜਾਬ , ਭਾਰਤ ਸਰਕਾਰ ਵੱਲੋਂ ਸਿੱਖਾਂ ਤੇ ਕੀਤੇ ਜਾ ਰਹੇ ਅੱਤਿਆਚਾਰ ਦੇ ਸਬੰਧ ਵਿੱਚ ਭਾਰੀ ਰੋਸ਼ ਮੁਜਾਹਰਾਂ ਕੀਤਾ ਗਿਆ। ਭਾਰਤ ਅੰਦਰ ਘੱਟ ਗਿਣਤੀਆਂ, ਦਲਿਤਾਂ ਸਿੱਖਾਂ ਤੇ ਕਸਮੀਰੀਆਂ ਉੱਪਰ ਢਾਹੇ ਜਾ ਰਹੇ ਤਸੱਦਦ ਕਾਰਨ ਦੁਨੀਆਂ ਦੇ ਕੋਨੇ ਕੋਨੇ ਵਿੱਚ ਵਸਦੇ ਘੱਟ ਗਿਣਤੀਆਂ ਦੇ ਲੋਕਾਂ ਅਤੇ ਦਲਿੱਤ ਭਾਈਚਾਰੇ ਅੰਦਰ ਭਾਰਤ ਅਤੇ ਪੰਜਾਬ ਸਰਕਾਰ ਖਿਲਾਫ ਨਫਰਤ ਪੈਦਾ ਹੋ ਗਈ ਹੈ।

# ਸਹਿਣਸ਼ੀਲ ਕਹਾਉਣ ਵਾਲ਼ੇ ਅਸਹਿਣਸ਼ੀਲ ਕਿਉਂ ਹਨ?

ਦਰਸ਼ਨ ਸਿੰਘ ਬਾਜਵਾ
098783-83053

ਪਿਛਲੇ ਮਹੀਨੇ ਕਰਨਾਟਕ ਸਰਕਾਰ ਵੱਲੋਂ ਮੈਸੂਰ ਦੇ ਸ਼ਾਸਕ ਰਹੇ ਟੀਪੂ ਸੁਲਤਾਨ ਦੀ ਜਯੰਤੀ ਮਨਾਏ ਜਾਣ ਨੂੰ ਲੈ ਕੇ ਹਿੰਦੂਵਾਦੀ ਜਥੇਬੰਦੀਆਂ ਵੱਲੋਂ ਕਾਫੀ ਵਾਵੇਲਾ ਖੜ੍ਹਾ ਕੀਤਾ ਗਿਆ। ਬਜਰੰਗ ਦਲ ਸਮੇਤ ਅਨੇਕਾਂ ਜਥੇਬੰਦੀਆਂ ਟੀਪੂ ਸੁਲਤਾਨ ਦਾ ਵਿਰੋਧ ਕਰਨ ਲਈ ਸੜਕਾਂ 'ਤੇ ਆ ਨਿੱਤਰੀਆਂ। ਉਹਨਾਂ ਦਾ ਤਰਕ ਸੀ ਕਿ ਟੀਪੂ ਸੁਲਤਾਨ ਮੁਸਲਿਮ ਸ਼ਾਸਕ ਸੀ ਜਿਹੜਾ ਹਿੰਦੂਆਂ ਦਾ ਵਿਰੋਧੀ ਸੀ। ਇਸ ਫਸਾਦ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ। ਗਿਆਨਪੀਠ ਪੁਰਸਕਾਰ ਜੇਤੂ ਫਿਲਮੀ ਅਦਾਕਾਰ ਗਿਰੀਸ਼ ਕਰਨਾਡ ਅਤੇ ਭਾਜਪਾ ਸਾਂਸਦ ਪ੍ਰਤਾਪ ਸਿਮਹਾ ਨੂੰ ਸੋਸ਼ਲ ਮੀਡੀਆ 'ਤੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਗਿਰੀਸ਼ ਕਾਰਨਾਡ ਨੇ ਕਿਹਾ ਸੀ ਕਿ ਸ਼ਹਿਰ ਦੇ ਸੰਸਥਾਪਕ ਕੇਂਪੇ ਗੌੜਾ ਦੀ ਬਜਾਏ ਟੀਪੂ ਸੁਲਤਾਨ ਦੇ ਨਾਮ 'ਤੇ ਬੰਗਲੌਰ ਦੇ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਰੱਖ ਦੇਣਾ ਚਾਹੀਦਾ ਹੈ। ਗਿਰੀਸ਼ ਕਾਰਨਾਡ ਨੂੰ ਕਿਹਾ ਗਿਆ ਕਿ ਜੇ ਉਹ ਇਸੇ ਤਰ੍ਹਾਂ ਕੰਨੜ ਲੋਕਾਂ ਨੂੰ ਭੜਕਾਉਂਦੇ ਰਹੇ ਤਾਂ ਉਹਨਾਂ ਦਾ ਹਾਲ ਵੀ ਕਲਬੁਰਗੀ ਵਰਗਾ ਹੀ ਹੋਵੇਗਾ। ਇਸੇ ਡਰ ਵਿੱਚ ਬਾਅਦ ਵਿੱਚ ਗਿਰੀਸ਼ ਨੇ ਇਹ ਕਹਿੰਦਿਆਂ ਆਪਣਾ ਬਿਆਨ ਵਾਪਸ ਲੈ ਲਿਆ ਸੀ ਕਿ ਜੇਕਰ ਉਹਨਾਂ ਦੇ ਵਿਚਾਰਾਂ ਨਾ਼ਲ ਕਿਸੇ ਦੇ ਮਨ ਨੂੰ ਠੇਸ ਪਹੁੰਚੀ ਹੈ ਤਾਂ ਉਹ ਮੁਆਫ਼ੀ ਮੰਗਦੇ ਹਨ। ਦੂਸਰੇ ਪਾਸੇ ਕੋਡਾਗੂ ਤੋਂ ਭਾਜਪਾ ਦੇ ਸਾਂਸਦ ਪ੍ਰਤਾਪ ਸਿਮਹਾ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਾਰਕੁੰਨ ਕੁਟੱਪਾ ਦੀ ਮੌਤ ਪਿੱਛੋਂ ਸੂਬਾ ਸਰਕਾਰ ਦੇ ਉਸ ਦਾਅਵੇ 'ਤੇ ਸਵਾਲ ਖੜ੍ਹਾ ਕੀਤਾ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਕੁਟੱਪਾ ਦੀ ਮੌਤ ਕੰਧ ਤੋਂ ਡਿਗਣ ਕਾਰਨ ਹੋਈ ਹੈ। ਫ਼ੇਸਬੁੱਕ 'ਤੇ ਮ੍ਰਿਤਕ ਕੁਟੱਪਾ ਦੀ ਤਸਵੀਰ ਨਾ਼ਲ ਪ੍ਰਤਾਪ ਸਿਮਹਾ ਦੀ ਤਸਵੀਰ ਵਿਖਾ ਕੇ ਧਮਕੀ ਦਿੱਤੀ ਗਈ ਹੈ ਕਿ ਜੇ ਉਹ ਮੁਸਲਮਾਨ ਵਿਰੋਧੀ ਟਿੱਪਣੀਆਂ ਕਰਕੇ ਸਿਆਸਤ ਕਰਦੇ ਰਹੇ ਤਾਂ ਉਹਨਾਂ ਦੀ ਹਾਲਤ ਵੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਵਰਗੀ ਹੋਵੇਗੀ।

ਟੀਪੂ ਸੁਲਤਾਨ ਮੈਸੂਰ ਦਾ ਪ੍ਰਸਿੱਧ ਸ਼ਾਸਕ ਰਿਹਾ ਹੈ। ਉਸਨੂੰ ਮੈਸੂਰ ਦਾ ਸ਼ੇਰ ਕਿਹਾ ਜਾਂਦਾ ਹੈ। ਉਸਦਾ ਪਿਤਾ ਕੋਰਾ ਹੈਦਰ ਅਲੀ ਅਨਪੜ੍ਹ ਹੋਣ ਦੇ ਬਾਵਜੂਦ ਇੱਕ ਸਧਾਰਨ ਸੈਨਿਕ ਤੋਂ ਆਪਣੀ ਕਾਬਲੀਅਤ ਦੇ ਜ਼ੋਰ ਨਾ਼ਲ ਮੈਸੂਰ ਦਾ ਸ਼ਾਸਕ ਬਣਨ ਵਿੱਚ ਕਾਮਯਾਬ ਰਿਹਾ ਸੀ। ਜਿੰਨਾਂ ਸਮਾਂ ਹੈਦਰ ਅਲੀ ਜਿਉਂਦਾ ਰਿਹਾ ਉਸਨੇ ਕਿਸੇ ਤੋਂ ਹਾਰ ਨਹੀਂ ਮੰਨੀ। ਉਸਦੇ ਪਿੱਛੋਂ ਉਸਦਾ ਪੁੱਤਰ ਟੀਪੂ ਸੁਲਤਾਨ ਮੈਸੂਰ ਦਾ ਸ਼ਾਸਕ ਬਣਿਆਂ। ਟੀਪੂ ਨੇ ਅੰਗਰੇਜ਼ਾਂ ਨਾ਼ਲ ਆਖਰੀ ਦਮ ਤੱਕ ਲੜਾਈ ਲੜੀ ਸੀ। ਜਦੋਂ ਲੜਾਈ ਦੇ ਮੈਦਾਨ ਵਿੱਚ ਟੀਪੂ ਦੀ ਮੌਤ ਹੋਈ ਤਾਂ ਉਹ ਇੱਕ ਸਧਾਰਨ ਸਿਪਾਹੀ ਵਾਂਗ ਸਧਾਰਨ ਵਰਦੀ ਵਿੱਚ ਸੀ। ਉਸਦੀ ਲਾਸ਼ ਨੂੰ ਅੰਗਰੇਜ਼ਾਂ ਨੇ ਕਾਫ਼ੀ ਮੁਸ਼ਕਲ ਨਾ਼ਲ ਪਛਾਣਿਆਂ। ਮਰਨ ਸਮੇਂ ਵੀ ਉਸਦੇ ਸੱਜੇ ਹੱਥ ਵਿੱਚ ਤਲਵਾਰ ਘੁੱਟ ਕੇ ਫੜੀ ਹੋਈ ਸੀ। ਟੀਪੂ ਸੁਲਤਾਨ ਆਮ ਬਾਦਸ਼ਾਹਾਂ ਵਰਗਾ ਬਾਦਸ਼ਾਹ ਸੀ। ਪ੍ਰਸ਼ਾਸਨ ਨੂੰ ਚੱਲਦਾ ਰੱਖਣ ਲਈ ਉਸ ਨੇ ਕੁੱਝ ਸਖ਼ਤੀਆਂ ਵੀ ਕੀਤੀਆਂ ਹੋਣਗੀਆਂ। ਪਰ ਉਸ ਵਿੱਚ ਧਾਰਮਿਕ ਕੱਟੜਤਾ ਬਿਲਕੁਲ ਨਹੀਂ ਸੀ। ਅਜਿਹਾ ਕੋਈ ਵੇਰਵਾ ਉਸਦੇ ਜੀਵਨ ਕਾਲ ਵਿੱਚ ਨਹੀਂ ਮਿਲਦਾ ਕਿ ਉਸਨੇ ਕਿਸੇ ਵਿਅਕਤੀ ਜਾਂ ਕਿਸੇ ਫਿਰਕੇ ਨੂੰ ਉਸਦੇ ਵੱਖਰੇ ਧਰਮ ਹੋਣ ਕਰਕੇ ਤੰਗ ਪ੍ਰੇਸ਼ਾਨ ਕੀਤਾ ਹੋਵੇ। ਉਸਨੂੰ ਕੁੱਝ ਹੱਦ ਤੱਕ ਧਰਮ ਨਿਰਪੱਖ ਰਾਜਾ ਕਿਹਾ ਜਾ ਸਕਦਾ ਹੈ। ਜੇਕਰ ਉਸਨੇ ਮਸਜਿਦਾਂ ਲਈ ਦਾਨ ਦਿੱਤਾ ਤਾਂ ਮੰਦਰਾਂ ਲਈ ਵੀ ਦਾਨ ਦਿੱਤਾ। ਉਸਦਾ ਰਿਹਾਇਸ਼ੀ ਮਹਿਲ ਵੀ ਇੱਕ ਮੰਦਰ ਦੇ ਨਜ਼ਦੀਕ ਸੀ। ਉਸਦੇ ਰਾਜ ਵਿੱਚ ਜੇਕਰ ਮੁਸਲਿਮ ਅਧਿਕਾਰੀ ਸਨ ਤਾਂ ਹਿੰਦੂ ਵੀ ਉੱਚ ਅਹੁਦਿਆਂ 'ਤੇ ਤਾਇਨਾਤ ਸਨ। ਆਮ ਜਨਤਾ ਵਿੱਚ ਉਸ ਪ੍ਰਤੀ ਸਤਿਕਾਰ ਦੀ ਭਾਵਨਾ ਇਸ ਗੱਲ ਤੋਂ ਹੀ ਪਰਖੀ ਜਾ ਸਕਦੀ ਹੈ ਕਿ ਜਦੋਂ ਇੱਕ ਵਾਰ 1793 ਵਿੱਚ ਅੰਗਰੇਜ਼ਾਂ ਨਾ਼ਲ ਜੰਗ ਵਿੱਚ ਉਹ ਹਾਰ ਗਿਆ ਤਾਂ ਬਾਅਦ ਵਿੱਚ ਹੋਈ ਸੰਧੀ ਸਮੇਂ ਉਸਤੋਂ ਅੰਗਰੇਜ਼ਾਂ ਨੇ ਜੰਗ ਵਿੱਚ ਹੋਏ ਖਰਚੇ ਵਜੋਂ ਤਿੰਨ ਕਰੋੜ ਤੀਹ ਲੱਖ ਦਾ ਭਾਰੀ ਮੁਆਵਜ਼ਾ ਮੰਗਿਆ। ਮੁਆਵਜ਼ਾ ਮਿਲਣ ਤੱਕ ਉਸਦੇ ਪੁੱਤਰਾਂ ਨੂੰ ਅੰਗਰੇਜ਼ਾਂ ਨੇ ਆਪਣੇ ਕਬਜ਼ੇ ਵਿੱਚ ਕਰ ਲਿਆ। ਟੀਪੂ ਕੋ਼ਲ ਇੰਨੇ ਪੈਸੇ ਨਹੀਂ ਸਨ ਕਿ ਉਹ ਪੈਸੇ ਦੇ ਕੇ ਆਪਣੇ ਪੁੱਤਰਾਂ ਨੂੰ ਛੁਡਵਾ ਸਕੇ। ਇਸ ਸਮੇਂ ਉਸ ਦੇ ਦੁੱਖ ਵਿੱਚ ਜਿੱਥੇ ਮੁਸਲਮਾਨ ਸ਼ਰੀਕ ਹੋ ਰਹੇ ਸਨ, ਉੱਥੇ ਹਿੰਦੂ ਵੀ ਉਸ ਦੇ ਨਾ਼ਲ ਖੜ੍ਹੇ ਸਨ। ਜੇਕਰ ਉਹ ਕੱਟੜ ਪ੍ਰਸਤ ਮੁਸਲਿਮ ਹੁੰਦਾ ਅਤੇ ਹਿੰਦੂ ਵਿਰੋਧੀ ਹੁੰਦਾ ਤਾਂ ਹਿੰਦੂਆਂ ਨੇ ਉਸ ਨਾ਼ਲ ਨਹੀਂ ਸੀ ਖੜ੍ਹਨਾ। ਫਿਰ ਵੀ ਉਹ ਅੱਜ ਦੇ ਦੌਰ ਵਿੱਚ ਸਿਰਫ਼ ਮੁਸਲਿਮ ਸ਼ਾਸਕ ਬਣ ਕੇ ਰਹਿ ਗਿਆ ਹੈ।



ਕਰਨਾਟਕ ਸਰਕਾਰ ਵੱਲੋਂ ਟੀਪੂ ਸੁਲਤਾਨ ਦੀ ਜਯੰਤੀ ਮਨਾਏ ਜਾਣ ਕਰਕੇ ਇਸ ਤਰ੍ਹਾਂ ਦੇ ਪੈਦਾ ਹੋਏ ਮਾਹੌਲ ਨੂੰ ਹਿੰਦੂ ਮੁਸਲਿਮ ਵਰਗ ਵਿੱਚ ਆਪਸੀ ਕੁੜੱਤਣ ਕਿਹਾ ਜਾ ਸਕਦਾ ਹੈ ਪਰ ਇਹ ਦੋਵਾਂ ਵਰਗਾਂ ਦੀ ਆਪਸੀ ਕੁੜੱਤਣ ਨਹੀਂ ਬਲਕਿ ਇਹ ਆਪਣੀ ਮਨਮਰਜ਼ੀ ਦਾ ਇਤਿਹਾਸ ਲਾਗੂ ਕੀਤੇ ਜਾਣ ਦੇ ਯਤਨਾਂ ਦਾ ਸਿੱਟਾ ਹੈ। ਮੁਸਲਮਾਨ ਹੋਣ ਕਰਕੇ ਟੀਪੂ ਸੁਲਤਾਨ ਦੇ ਨਾਂਅ ਨੂੰ ਵਰਤ ਲਿਆ ਗਿਆ ਹੈ। ਹਿੰਦੂਵਾਦੀਆਂ ਅਨੁਸਾਰ ਇਤਿਹਾਸ ਉਹ ਨਹੀਂ ਜੋ ਨਿਰਪੱਖ ਵਿਅਕਤੀਆਂ ਵੱਲੋਂ ਲਿਖੀਆਂ ਇਤਿਹਾਸ ਦੀਆਂ ਪੁਸਤਕਾਂ ਵਿੱਚੋਂ ਪੜ੍ਹਨ ਨੂੰ ਮਿ਼ਲਦਾ ਹੈ। ਬਲਕਿ ਇਤਿਹਾਸ ਉਹ ਹੈ ਜਿਹੜਾ ਹਿੰਦੂਵਾਦ ਨੂੰ ਬਲ ਬਖ਼ਸ਼ਦਾ ਹੋਵੇ। ਭਾਵੇਂ ਇਸ ਤਰ੍ਹਾਂ ਦਾ ਇਤਿਹਾਸ ਪੁਰਾਤਨ ਸਮਿਆਂ ਵਿੱਚ ਹਵਾਈ ਜਹਾਜ਼ਾਂ ਦੀ ਹੋਂਦ ਅਤੇ ਪ੍ਰਮਾਣੂ ਸ਼ਾਸਤਰਾਂ ਦੀ ਹੋਂਦ ਨੂੰ ਸਵਿਕਾਰ ਕਰਦਾ ਹੋਵੇ ਜਾਂ ਗਣੇਸ਼ ਦੀ ਉਦਾਹਰਣ ਦੇ ਕੇ ਆਖਦਾ ਹੋਵੇ ਕਿ ਉਸ ਸਮੇਂ ਦੇ ਸਰਜਨ ਇੰਨੇ ਮਾਹਰ ਸਨ ਕਿ ਇੱਕ ਬੱਚੇ ਦੇ ਸਿਰ 'ਤੇ ਹਾਥੀ ਦੇ ਬੱਚੇ ਦਾ ਸਿਰ ਜੋੜ ਦੇਣ ਦੀ ਸਮਰੱਥਾ ਰੱਖਦੇ ਸਨ। ਅਜਿਹਾ ਤੱਥਾਂ ਤੋਂ ਰਹਿਤ ਅਤੇ ਕਾਲਪਨਿਕ ਇਤਿਹਾਸ ਮੌਜੂਦਾ ਕੇਂਦਰ ਸਰਕਾਰ ਵੱਲੋਂ ਸਕੂਲਾਂ ਵਿੱਚ ਲਾਏ ਜਾਣ ਦੀਆਂ ਤਿਆਰੀਆਂ ਵੀ ਹੋ ਰਹੀਆਂ ਹਨ। ਗੁਜਰਾਤ ਵਿੱਚ ਤਾਂ ਇਸਨੂੰ ਲਾਗੂ ਵੀ ਕਰ ਦਿੱਤਾ ਗਿਆ ਹੈ। ਦੂਸਰਿਆਂ ਵੱਲੋਂ ਲਿਖੇ ਇਤਿਹਾਸ ਨੂੰ ਹਿੰਦੂਵਾਦੀ ਸਿਰੇ ਤੋਂ ਰੱਦ ਕਰ ਰਹੇ ਹਨ। ਹੁਣ ਵੀ ਕਿਸੇ ਕਾਲਪਨਿਕ ਦੁਨੀਆਂ ਵਿੱਚ ਜਿਉਣ ਵਾ਼ਲੇ ਸੰਘੀ ਵਿਚਾਰਧਾਰਾ ਦੇ ਪ੍ਰਚਾਰਕ ਅਜੇ ਵੀ ਭਾਰਤ ਦੇ ਨਕਸ਼ੇ ਵਿੱਚ ਪਾਕਿਸਤਾਨ, ਬੰਗਲਾਦੇਸ਼, ਸ੍ਰੀ ਲੰਕਾ, ਬਰਮਾ ਆਦਿ ਦੇਸ਼ਾਂ ਨੂੰ ਦਿਖਾਉਂਦੇ ਹਨ। ਜਿਹੜੇ ਵਿਅਕਤੀ ਨਵੇਂ ਯੁੱਗ ਵਿੱਚ ਰਹਿੰਦੇ ਹੋਣ ਦਾ ਦਾਅਵਾ ਕਰਦੇ ਹਨ, ਵਿਦਵਾਨ ਹਨ ਅਤੇ ਹਿੰਦੂਵਾਦੀ ਵਿਚਾਰਧਾਰਾ ਨੂੰ ਭੋਰਾ ਵੀ ਮੰਨਣ ਤੋਂ ਇਨਕਾਰ ਕਰਦੇ ਹਨ ਉਹਨਾਂ ਨੂੰ ਕੋਈ ਬਹਾਨਾ ਘੜੇ ਤੋਂ ਵਗ਼ੈਰ ਸ਼ਰੇਆਮ ਮਾਰਿਆ ਜਾਣ ਲੱਗਿਆ ਹੈ। ਆਮ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਣ ਲਈ ਬਹਾਨਿਆਂ ਦੀ ਜ਼ਰੂਰਤ ਪੈਂਦੀ ਹੈ। ਬਘਿਆੜ ਦੁਆਰਾ ਕਿਸੇ ਲੇ਼ਲੇ ਨੂੰ ਪਾਣੀ ਗੰਦਾ ਕਰਨ ਦਾ ਬਹਾਨਾ ਲਾ ਕੇ ਪਾੜ ਦੇਣ ਦੀ ਕਾਲਪਨਿਕ ਕਹਾਣੀ ਇਸੇ ਤਰ੍ਹਾਂ ਦੇ ਅਮਲ ਨੂੰ ਹੀ ਦਰਸਾਉਂਦੀ। ਲੇ਼ਲਾ ਭਾਵੇਂ ਪਾਣੀ ਗੰਦਾ ਨਹੀਂ ਕਰਦਾ ਪਰ ਉਸ ਕਮਜ਼ੋਰ ਨੂੰ ਖਾ ਜਾਣ ਲਈ ਤਾਕਤਵਰ ਬਘਿਆੜ ਪਾਣੀ ਗੰਦਾ ਕਰਨ ਦਾ ਬਹਾਨਾ ਬਣਾ ਲੈਂਦਾ ਹੈ। ਟੀਪੂ ਸੁਲਤਾਨ ਭਾਵੇਂ ਕਿਹੋ ਜਿਹਾ ਵੀ ਬਾਦਸ਼ਾਹ ਹੋਵੇ ਉਸਨੂੰ ਮੁਸਲਮਾਨ ਹੋਣ ਕਰਕੇ ਬਹਾਨਾ ਬਣਾਇਆ ਗਿਆ ਹੈ। ਇਸ ਤਰ੍ਹਾਂ ਦਾ ਵਿਰੋਧ ਕਰਕੇ ਤੁਫ਼ਾਨ ਖੜ੍ਹਾ ਕਰਨ ਤੇ ਗਿਰੀਸ਼ ਕਰਨਾਰਡ ਤੇ ਭਾਜਪਾ ਸਾਂਸਦ ਪ੍ਰਤਾਪ ਸਿਮਹਾ ਨੂੰ ਧਮਕੀ ਦੇਣ ਵਾ਼ਲੇ ਵੀ ਇੱਕੋ ਵਿਚਾਰਧਾਰਾ ਨੂੰ ਮੰਨਣ ਵਾ਼ਲੇ ਹੀ ਹੋਣਗੇ। ਉਹ ਸਭ ਜਾਣਦੇ ਹਨ ਕਿ ਉਹ ਮਾਹੌਲ ਨੂੰ ਫ਼ਿਰਕੂ ਰੰਗਤ ਦੇ ਕੇ ਦੇਸ਼ ਨੂੰ ਨੁਕਸਾਨ ਪਹੁੰਚਾ ਰਹੇ ਹਨ। ਪਰ ਇਸ ਤਰ੍ਹਾਂ ਕਰਨ ਨਾ਼ਲ ਉਹਨਾਂ ਦੀਆਂ ਵੋਟਾਂ ਦਾ ਧਰੁਵੀਕਰਣ ਹੁੰਦਾ ਹੈ ਅਤੇ ਇਸ ਤਰ੍ਹਾਂ ਉਹਨਾਂ ਦੀ ਸਿਆਸਤ ਚਮਕਦੀ ਹੈ ਤੇ ਸਫ਼ਲਤਾ ਮਿਲਦੀ ਹੈ। ਇਸ ਲਈ ਆਪਣੀ ਸਿਆਸਤ ਵਿੱਚ ਸਫ਼ਲਤਾ ਲਈ ਉਹ ਕੋਈ ਨਾ ਕੋਈ ਬਹਾਨਾ ਭਾ਼ਲ ਹੀ ਲੈਂਦੇ ਹਨ। ਮੁਜ਼ੱਫਰਨਗਰ ਦੇ ਦੰਗਿਆਂ ਵਿੱਚ ਪਾਕਿਸਤਾਨ ਵਿੱਚ ਵਾਪਰੀ ਕਿਸੇ ਘਟਨਾ ਦੀ ਮੂਵੀ ਨੈੱਟ 'ਤੇ ਪਾ ਕੇ ਅਤੇ ਇਸ ਨੂੰ ਭਾਰਤ ਵਿੱਚ ਮੁਸਲਮਾਨਾਂ ਵੱਲੋਂ ਹਿੰਦੂ ਨੌਜਵਾਨਾਂ ਨੂੰ ਬੇਰਹਿਮੀ ਨਾ਼ਲ ਕੁੱਟੇ ਜਾਣ ਦੀ ਘਟਨਾ ਦਰਸਾ ਕੇ ਦੰਗਿਆਂ ਦਾ ਮਾਹੌਲ ਬਣਾਇਆ ਗਿਆ। ਇਸ ਤਰ੍ਹਾਂ ਸਦੀਆਂ ਤੋਂ ਇਕੱਠੇ ਰਹਿਣ ਵਾ਼ਲੇ ਮੁਸਲਮਾਨਾਂ ਤੇ ਜਾਟਾਂ ਨੂੰ ਕਿਸ ਤਰ੍ਹਾਂ ਲੜਾ-ਭਿੜਾ ਕੇ ਵੋਟਾਂ ਦਾ ਧਰੁਵੀਕਰਣ ਕੀਤਾ ਅਤੇ ਵਿਰੋਧੀ ਮਾਨਸਿਕਤਾ ਵਾ਼ਲੇ ਮੁਸਲਮਾਨਾਂ ਨੂੰ ਦਬਕਾਇਆ ਤੇ ਹਿੰਦੂਵਾਦ ਨੂੰ ਉਭਾਰ ਕੇ ਭਾਜਪਾ ਨੇ ਉੱਤਰ ਪ੍ਰਦੇਸ਼ ਦੀਆਂ 80 ਵਿੱਚੋਂ 73 ਸੀਟਾਂ 'ਤੇ ਕਬਜ਼ਾ ਕੀਤਾ ਇਸ ਬਾਰੇ ਬਹੁਤਾ ਕਹਿਣ ਦੀ ਜ਼ਰੂਰਤ ਨਹੀਂ ਹੈ।

ਉੱਤਰ ਪ੍ਰਦੇਸ਼ ਵਿੱਚ ਵਾਪਰਨ ਵਾ਼ਲਾ ਦਾਦਰੀ ਕਾਂਡ ਅਜੇ ਥੋੜ੍ਹਾ ਸਮਾਂ ਪਹਿਲਾਂ ਹੀ ਵਾਪਰਿਆ ਹੈ। ਇਸ ਵਿੱਚ ਇੱਕ ਮੁਸਲਿਮ ਵਿਅਕਤੀ ਅਖ਼ਲਾਕ ਨੂੰ ਗਊ ਹੱਤਿਆ ਦਾ ਦੋਸ਼ੀ ਗਰਦਾਨ ਕੇ ਉਸ ਦੇ ਘਰ ਵਿੱਚੋਂ ਘੜੀਸ ਕੇ ਬਾਹਰ ਲਿਆਂਦਾ ਗਿਆ ਤੇ ਬੇਰਹਿਮੀ ਨਾ਼ਲ ਮਾਰ ਦਿੱਤਾ ਗਿਆ।

ਜਦੋਂ ਤੋਂ ਕੇਂਦਰ ਵਿੱਚ ਮੋਦੀ ਸਰਕਾਰ ਆਈ ਹੈ ਉਦੋਂ ਤੋਂ ਹੀ ਬੇਰਹਿਮੀ ਨਾ਼ਲ ਗ਼ੈਰ ਹਿੰਦੂਆਂ ਜਾਂ ਵੱਖਰੀ ਵਿਚਾਰਧਾਰਾ ਰੱਖਣ ਵਾ਼ਲਿਆਂ 'ਤੇ ਅੱਤਿਆਚਾਰਾਂ ਦੀਆਂ ਘਟਨਾਵਾਂ ਵਿੱਚ ਇੱਕਦਮ ਵਾਧਾ ਹੋ ਗਿਆ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਜਿਸ ਧਰਮ ਦੇ ਪ੍ਰਚਾਰਕ ਆਪਣੇ ਆਪ ਨੂੰ ਸਹਿਣਸ਼ੀਲ ਕਹਿੰਦੇ ਨਹੀਂ ਥੱਕਦੇ ਅਤੇ ਜੋ ਗ਼ੈਰ ਹਿੰਦੂਆਂ ਖ਼ਾਸ ਕਰ ਮੁਸਲਮਾਨਾਂ ਨੂੰ ਬੇਰਹਿਮ ਗਰਦਾਨਦੇ ਆਏ ਹਨ, ਉਸ ਧਰਮ ਦੇ ਪੈਰੋਕਾਰਾਂ ਦੁਆਰਾ ਹੀ ਅਜਿਹੇ ਘਿਨੌਣੇ ਅਪਰਾਧਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਜੇ ਇਹ ਵਿਸ਼ੇਸ਼ ਧਰਮ ਸਹਿਣਸ਼ੀਲਤਾ ਸਿਖਾਉਂਦਾ ਤਾਂ ਉਸਦੇ ਪੈਰੋਕਾਰਾਂ ਦੀ ਸਹਿਣਸ਼ੀਲਤਾ ਕਿੱਥੇ ਚਲੀ ਗਈ ਹੈ? ਗਿਰੀਸ਼ ਕਰਨਾਰਡ ਨੇ ਇਸੇ ਡਰ ਕਰਕੇ ਹੀ ਮੁਆਫ਼ੀ ਮੰਗ ਲਈ ਹੈ। ਰੱਬ ਦਾ ਤਾਂ ਕਿਸੇ ਨੂੰ ਪਤਾ ਨਹੀਂ ਕਿਉਂਕਿ ਉਸਨੂੰ ਭਾਲਣ ਲਈ ਲੱਖਾਂ ਲੋਕ ਤਪੱਸਿਆ ਕਰ ਰਹੇ ਹਨ, ਜਪ ਤਪ ਕਰ ਰਹੇ ਹਨ ਪਰ ਅਜੇ ਤੱਕ ਉਸਨੂੰ ਭਾ਼ਲਿਆ ਨਹੀਂ ਜਾ ਸਕਿਆ। ਦੂਸਰੇ ਪਾਸੇ ਘਸੁੰਨ ਤਾਂ ਸਭ ਨੂੰ ਸਾਹਮਣੇ ਦਿਖਾਈ ਦੇ ਰਿਹਾ ਹੈ। ਇਸ ਲਈ ਆਮ ਲੋਕਾਂ ਵਿੱਚ ਡਰ ਪਾਇਆ ਜਾਣ ਲੱਗਿਆ ਹੈ। ਆਪਣੇ ਧਰਮ ਨੂੰ ਸਹਿਣਸ਼ੀਲ ਕਹਿਣ ਵਾ਼ਲੇ ਕੁੱਝ ਵੀ ਕਹਿੰਦੇ ਰਹਿਣ ਪਰ ਇਹ ਇੱਕ ਸਚਾਈ ਹੈ ਕਿ ਹਿੰਦੂ ਧਰਮ ਕਦੇ ਵੀ ਸਹਿਣਸ਼ੀਲ ਨਹੀਂ ਰਿਹਾ। ਇਸੇ ਅਸਿਹਣਸ਼ੀਲਤਾ ਕਰਕੇ ਪ੍ਰਸਿੱਧ ਅਦਾਕਾਰ ਯੂਸਫ ਨੂੰ ਦਲੀਪ ਕੁਮਾਰ ਬਣਕੇ ਰਹਿਣਾ ਪਿਆ ਸੀ। ਅੱਜ ਨਸੀਰੂਦੀਨ ਸ਼ਾਹ, ਸ਼ਾਹਰੁਖ ਖਾਨ ਅਤੇ ਆਮਿਰ ਖਾਨ ਵਰਗੇ ਪ੍ਰਸਿੱਧ ਅਦਾਕਾਰ ਵੀ ਡਰ ਮਹਿਸੂਸ ਕਰ ਰਹੇ ਹਨ। ਉਹਨਾਂ ਨੂੰ ਧਰਵਾਸ ਦੇਣ ਦੀ ਜਗ੍ਹਾ ਹਿੰਦੂਤਵੀ ਸੰਗਠਨਾਂ ਦੁਆਰਾ ਹੋਰ ਡਰਾਇਆ ਜਾ ਰਿਹਾ ਹੈ। ਇੰਨਾ ਜ਼ਰੂਰ ਹੈ ਕਿ ਤਾਕਤਵਰ ਦੇ ਸਾਹਮਣੇ ਜ਼ਰੂਰ ਹਿੰਦੂ ਧਰਮ ਦੇ ਪੈਰੋਕਾਰ ਚੁੱਪ ਰਹਿੰਦੇ ਹਨ। ਜਦੋਂ ਹੀ ਸੱਤਾ ਉਹਨਾਂ ਦੇ ਹੱਥ ਵਿੱਚ ਆਈ ਤਾਂ ਉਹਨਾਂ ਨੇ ਆਪਣੀ ਅਸਲੀਅਤ ਦਿਖਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਕਿਸੇ ਸਮੇਂ ਅੰਗਰੇਜ਼ਾਂ ਤੋਂ ਅਜ਼ਾਦੀ ਪ੍ਰਾਪਤ ਕਰਨ ਲਈ ਮਰਨ ਵਾਸਤੇ ਸਿੱਖਾਂ ਨੂੰ ਹੱਲਾਸ਼ੇਰੀ ਦਿੱਤੀ ਗਈ ਸੀ। ਜੈਤੋ ਦੇ ਮੋਰਚੇ ਵਿੱਚ ਜਿੱਤ ਪ੍ਰਾਪਤ ਕਰਨ ਨੂੰ ਗਾਂਧੀ ਜੀ ਨੇ ਅਜ਼ਾਦੀ ਦੀ ਲੜਾਈ

(ਬਾਕੀ ਸਫਾ 21 ਤੇ)

# ਆਖ਼ਰ ਪ੍ਰਵਾਸੀ ਪੰਜਾਬੀ, ਪੰਜਾਬ ਵੱਲ ਨੂੰ ਮੂੰਹ ਕਿਉਂ ਨਹੀਂ ਕਰਦੇ?



ਡਾ. ਚਰਨਜੀਤ ਸਿੰਘ ਗੁਮਟਾਲਾ
91-9417533060

ਬੀਤੇ ਸਮੇਂ ਅਮਰੀਕਾ ਤੇ ਕੈਨੇਡਾ ਵਿਚ ਵਿਚ ਜਿਹੜੇ ਅਕਾਲੀ ਆਗੂ ਆਪਣੀ ਪਾਰਟੀ ਤੇ ਸਰਕਾਰ ਦਾ ਪ੍ਰਚਾਰ ਕਰਨ ਗਏ ਸਨ, ਉਨ੍ਹਾਂ ਨੂੰ ਉੱਥੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਤੇ ਪੰਜਾਬ ਸਰਕਾਰ ਨੇ ਅਜੇ ਤੀਕ ਵੀ ਇਸ ਤੋਂ ਕੋਈ ਸਬਕ ਨਹੀਂ ਸਿਖਿਆ,ਭਾਵੇਂ ਕਿ 2017 ਦੀਆਂ ਚੋਣਾਂ ਸਿਰ 'ਤੇ ਖੜੀਆਂ ਹਨ ਤੇ ਬਹੁਤੇ ਪ੍ਰਵਾਸੀ ਆਮ ਪਾਰਟੀ ਨਾਲ ਜੁੜ ਰਹੇ ਹਨ। ਭਾਂਡਾ ਭਾਵੇਂ ਮੁੱਖ-ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਦਾ ਭਾਂਡਾ ਵਿਰੋਧੀ ਧਿਰ ਅਤੇ ਵਿਦੇਸ਼ੀ ਮੀਡਿਆ 'ਤੇ ਭੰਨ ਦਿੱਤਾ ਹੈ ਪਰ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪ੍ਰਵਾਸੀਆਂ ਦੇ ਮਸਲੇ ਦਿਨ ਬਦਿਨ ਘਟਣ ਦੀ ਥਾਂ 'ਤੇ ਵਧ ਰਹੇ ਹਨ ਤੇ ਪੰਜਾਬ ਸਰਕਾਰ ਨੂੰ ਇਨ੍ਹਾਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।

ਜਿੱਥੋਂ ਤੀਕ ਵਿਦੇਸ਼ੀ ਮੀਡਿਆ ਦਾ ਸਰਕਾਰ ਵਿਰੋਧੀ ਹੋਣ ਦੇ ਦੋਸ਼ ਦਾ ਸਬੰਧ ਹੈ,ਜੇ ਗਹੁ ਨਾਲ ਵਿਦੇਸ਼ੀ ਮੀਡਿਆ ਨੂੰ ਵੇਖਿਆ ਜਾਵੇ ਤਾਂ ਉਹ ਨਿਰਪੱਖ ਹੋਣ ਕਰਕੇ ਲੋਕਾਂ ਦੀਆਂ ਭਾਵਨਾਵਾਂ ਦੀ ਸਹੀ ਰੂਪ ਵਿਚ ਤਰਜਮਾਨੀ ਕਰਦਾ ਹੈ।ਇਸ ਦੇ ਮੁਕਾਬਲੇ 'ਤੇ ਭਾਰਤੀ ਕੌਮੀ ਮੀਡਿਆ ਘਟ ਗਿਣਤੀਆਂ ਦੇ ਮਸਲਿਆਂ ਨੂੰ ਸਹੀ ਰੂਪ ਵਿਚ ਪੇਸ਼ ਨਹੀਂ ਕਰਦਾ।ਉਹ ਉਨ੍ਹਾਂ ਨੂੰ ਬਦਨਾਮ ਕਰਨ ਵਾਲੀਆਂ ਖਬਰਾਂ ਤਾਂ ਲਾਉਂਦਾ ਹੈ ਪਰ ਚੰਗੀਆਂ ਖਬਰਾਂ ਨੂੰ ਅਕਸਰ ਅਣਡਿੱਠ ਕਰਦਾ ਹੈ। ਇਸ ਦੀ ਪ੍ਰਮੁੱਖ ਉਦਾਹਰਨ ਹਾਲ ਹੀ ਵਿਚ ਹੜ੍ਹਾਂ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੰਮੂ ਕਸ਼ਮੀਰ ਵਿਚ ਹਵਾਈ ਜਹਾਜ਼ਾਂ ਰਾਹੀਂ ਗੁਰੂ ਕਾ ਲੰਗਰ ਭੇਜਣਾ ਹੈ, ਜਿਸ ਨੂੰ ਕੌਮੀ ਮੀਡਿਆ ਨੇ ਅਣਗੌਲਿਆਂ ਕੀਤਾ।

ਜਿੱਥੋਂ ਤੀਕ ਪ੍ਰਵਾਸੀਆਂ ਦਾ ਸਬੰਧ ਹੈ, ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਹੀ ਨਹੀਂ ਸਗੋਂ ਪੰਜਾਬ ਦੀ ਪ੍ਰਤੀਨਿਧ ਜਮਾਤ ਹੋਣ ਕਰਕੇ ਇਸ ਤੋਂ ਪ੍ਰਵਾਸੀਆਂ ਨੂੰ ਬਹੁਤ ਆਸਾਂ ਹਨ ਪਰ ਮੌਜੂਦਾ ਸਰਕਾਰ ਉਨ੍ਹਾਂ ਦੀਆਂ ਆਸਾਂ ਉਪਰ ਪੂਰਾ ਨਹੀਂ ਉਤਰ ਰਹੀ।ਪ੍ਰਵਾਸੀ ਹੀ ਨਹੀਂ ਸਮੁੱਚੇ ਪੰਜਾਬੀ ਭਾਈਚਾਰੇ ਤੇ ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਨੂੰ ਆਸ ਸੀ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਬੇ ਜੀ ਪੀ ਕੇਂਦਰ ਵਿਚ ਪੂਰਨ ਬਹੁ-ਮਤ ਲੈ ਕੇ ਆਈ ਹੈ,ਇਸ ਲਈ ਉਨ੍ਹਾਂ ਦੇ ਮਸਲੇ ਜ਼ਰੂਰ ਹਲ ਹੋਣਗੇ, ਪਰ ਇਕ ਸਾਲ ਬੀਤ ਜਾਣ 'ਤੇ ਕੁਝ ਵੀ ਪ੍ਰਾਪਤ ਨਹੀਂ ਹੋਇਆ।ਪੰਜਾਬ ਦੀਆਂ ਮੰਗਾਂ ਨੂੰ ਲੈ ਕੇ ਜਿਹੜਾ ਧਰਮ ਯੁੱਧ ਮੋਰਚਾ ਸ਼ੁਰੂ ਹੋਇਆ ਸੀ, ਉਸ ਨੂੰ ਅਕਾਲੀਆਂ ਨੇ ਵਿਸਾਰ ਦਿੱਤਾ ਹੈ।ਇਸ ਦੀ ਇਕ ਪ੍ਰਮੁਖ ਮੰਗ ਸੀ ਧਾਰਾ 25 ਬੀ ਨੂੰ ਖ਼ਤਮ ਕਰਕੇ ਬਾਕੀ ਧਰਮਾਂ ਵਾਂਗ ਮੁਕੰਮਲ ਸਿੱਖ ਐਕਟ ਪਾਸ ਕਰਨਾ। ਪਿਛਲੀ ਸਰਕਾਰ ਵੱਲੋਂ ਪਾਸ ਕੀਤੇ ਗਏ ਸਿੱਖ ਮੈਰਿਜ ਐਕਟ ਦੀ ਧਾਰਾ 6 ਵਿਚ ਸਿੱਖਾਂ ਨੂੰ ਹਿੰਦੂਆਂ ਦੇ ਕਾਨੂੰਨਾਂ ਅਧੀਨ ਰੱਖਿਆ ਗਿਆ ਹੈ।ਇੰਝ ਮੁਕੰਮਲ ਸਿੱਖ ਮੈਰਿਜ ਐਕਟ ਅਜੇ ਤਕ ਨਹੀਂ ਬਣਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਨੇ ਤਰੱਕੀ ਕੀਤੀ ਹੈ ਪਰ ਪ੍ਰਵਾਸੀ ਪੰਜਾਬੀ ਇਸ ਦੀ ਤੁਲਨਾ ਹਰਿਆਣਾ ਤੇ ਹੋਰ ਸੂਬਿਆਂ ਨਾਲ ਕਰਕੇ ਵੇਖਦੇ ਹਨ। ਪੰਜਾਬ ਦਾ ਕਿਸਾਨ ਦੇਸ਼ ਦਾ ਅੰਨਦਾਤਾ ਹੈ ਪਰ ਉਹ ਖੁਦਕੁਸ਼ੀਆਂ ਕਰ ਰਿਹਾ ਹੈ ।ਪੰਜਾਬ ਸਰਕਾਰ ਕਿਸਾਨਾਂ ਨੂੰ ਕੇਂਦਰ ਪਾਸੋਂ ਉਨ੍ਹਾਂ ਲਈ ਕੋਈ ਰਾਹਤ ਨਹੀਂ ਲੈ ਕੇ ਦੇ ਸਕੀ। ਮੀਂਹ ਤੇ ਹੜ੍ਹਾਂ ਕਾਰਨ ਕਿਸਾਨਾਂ ਨੂੰ ਉਹ ਮੁਆਵਜ਼ਾ ਨਹੀਂ ਮਿਲਿਆ ਜੋ ਕੇਜਰੀਵਾਲ ਸਰਕਾਰ ਨੇ ਦਿੱਲੀ ਦੇ ਕਿਸਾਨਾਂ ਨੂੰ ਦਿੱਤਾ ਜਾਂ ਪਿਛਲੀ ਸਰਕਾਰ ਨੇ ਦਿੱਤਾ ਸੀ। ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਪੈਸਾ ਲਾਉਣ ਲਈ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਜਾਨਣ ਲਈ ਪ੍ਰਵਾਸੀ ਸੰਮੇਲਨ ਸ਼ੁਰੂ ਕੀਤੇ ਗਏ ਪਰ ਇਨ੍ਹਾਂ ਵਿਚ ਪ੍ਰਵਾਸੀਆਂ ਵੱਲੋਂ ਉਠਾਏ ਮਸਲਿਆਂ ਨੂੰ ਸਰਕਾਰ ਨੇ ਓਨੀ ਗੰਭੀਰਤਾ ਨਾਲ ਨਹੀਂ ਲਿਆ ਜਿੰਨੀ ਗੰਭੀਰਤਾ ਨਾਲ ਲੈਣਾ ਚਾਹੀਦਾ ਸੀ। ਸਿੱਟਾ ਇਹ ਨਿਕਲਿਆ ਕਿ 2015 ਦਾ ਪ੍ਰਵਾਸੀ ਸੰਮੇਲਨ ਨਾ ਹੋ ਕੇ ਸੰਗਤ ਦਰਸ਼ਨ ਬਣ ਕੇ ਰਹਿ ਗਿਆ ਤੇ ਹੁਣ ਸਰਕਾਰ ਨੇ 2016 ਦਾ ਪ੍ਰਵਾਸੀ ਸਮੇਲਨ ਨਾ ਕਰਵਾਉਣ ਦਾ ਫ਼ੈਸਲਾ ਕੀਤਾ ਹੈ।ਇਸ ਤੋਂ ਪਤਾ ਲਗਦਾ ਹੈ ਕਿ ਸਰਕਾਰ ਪ੍ਰਵਾਸੀਆਂ ਦੇ ਮਸਲਿਆਂ ਪ੍ਰਤੀ ਗੰਭੀਰ ਨਹੀਂ।

ਅਸਲ ਵਿਚ ਪ੍ਰਵਾਸੀ ਪੰਜਾਬ ਦੇ ਪ੍ਰਬੰਧਕੀ ਢਾਂਚੇ ਦੀ ਵਿਦੇਸ਼ਾਂ ਨਾਲ ਤੁਲਨਾ ਕਰਦੇ ਹਨ ਤੇ ਉਹ ਚਾਹੁੰਦੇ ਹਨ ਪੰਜਾਬ ਸਰਕਾਰ ਵੀ ਉਹ ਵੀ ਅਜਿਹਾ ਕਰੇ। 11 ਜਨਵਰੀ 2014 ਨੂੰ ਕਰਵਾਏ ਗਏ ਪ੍ਰਵਾਸੀ ਸੰਮੇਲਨ ਵਿਚ ਆਏ ਪ੍ਰਵਾਸੀਆਂ ਨੇ ਕਿਹਾ ਸੀ ਸੰਮੇਲਨਾਂ ਵਿਚ ਕਰੋੜਾਂ ਰੁਪਏ ਖਰਚੇ ਜਾਂਦੇ ਹਨ ਪਰ ਨਤੀਜੇ ਕਦੇ ਵੀ ਹਾਂ ਪੱਖੀ ਨਹੀਂ ਨਿਕਲਦੇ। ਪ੍ਰਵਾਸੀਆਂ ਦੀਆਂ ਮੁਸ਼ਕਲਾਂ ਘੱਟਣ ਦੀ ਥਾਂ 'ਤੇ ਵਧਦੀਆਂ ਜਾ ਰਹੀਆਂ ਹਨ। ਐਨ ਆਰ ਆਈ ਸਭਾ 1996 ਵਿਚ ਹੋਂਦ ਵਿਚ ਆਈ ਪਰ ਜ਼ਮੀਨਾਂ ਜਾਇਦਾਦਾਂ ਦੇ ਮਾਮਲਿਆਂ ਵਿਚ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲ ਰਹੀ। 2013 ਦੇ ਪ੍ਰਵਾਸੀ ਸੰਮੇਲਨ ਵਿਚ ਸਰਕਾਰ ਨੇ ਵਾਅਦਾ ਕੀਤਾ ਕਿ ਮੁਹਾਲੀ ਵਿਚ ਐਨ ਆਰ ਆਈ ਭਵਨ ਉਸਾਰਿਆ ਜਾਵੇਗਾ ਜਿਸ ਵਿਚ ਸਾਰੀਆਂ ਸਹੂਲਤਾਂ ਹੋਣਗੀਆਂ।ਇਸ ਵਿਚ ਪ੍ਰਵਾਸੀਆਂ ਨੂੰ ਇਕੋ ਛਤ ਹੇਠ ਸਾਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਪਰ ਅਜੇ ਤੀਕ ਕੁਝ ਨਹੀਂ ਕੀਤਾ ਗਿਆ।ਪ੍ਰਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਕਾਗਜੀ ਪਤਰੀ ਹੀ ਸਭ ਕੁਝ ਨਬੇੜਿਆ ਜਾਂਦਾ ਹੈ। ਐਨ ਆਰ ਆਈ ਥਾਣਿਆਂ ਵਿਚ 60 ਪ੍ਰਤੀਸ਼ਤ ਸ਼ਕਾਇਤਾਂ ਜਾਇਦਾਦਾਂ ਤੇ 40 ਪ੍ਰਤੀਸ਼ਤ ਵਿਆਹਾਂ ਨਾਲ ਸੰਬੰਧਿਤ ਹਨ। ਐਨ ਆਰ ਆਈ ਥਾਣਿਆਂ ਵਿਚ ਪ੍ਰਵਾਸੀਆਂ ਦੀ ਖਜਲ ਖੁਆਰੀ ਉਸੇ ਤਰ੍ਹਾਂ ਹੈ ਜਿਵੇਂ ਬਾਕੀ ਥਾਣਿਆਂ ਅਤੇ ਸਰਕਾਰੀ ਦਫ਼ਤਰਾਂ ਵਿਚ।

23 ਜੁਲਾਈ 2015 ਦੀ ਅਖਬਾਰ ਵਿਚ ਪ੍ਰਕਾਸ਼ਿਤ ਖਬਰ ਅਨੁਸਾਰ ਇਸ ਸਾਲ ਦੇ ਪਹਿਲੇ 6 ਮਹੀਨਿਆਂ ਵਿਚ 3141 ਸ਼ਕਾਇਤਾਂ ਆਈਆਂ ਜਿਸ ਵਿਚ 1343 ਜਾਇਦਾਦ ਦੇ ਮਾਮਲਿਆਂ ਬਾਰੇ ਹਨ। ਕਬਜਾ ਕਰਨ ਵਾਲਿਆਂ ਵਿਚ ਅਕਾਲੀ ਆਗੂ ਤੇ ਪੁਲਿਸ ਅਧਿਕਾਰੀ ਵੀ ਸ਼ਾਮਲ ਹਨ। ਪੰਜਾਬ ਪੁਲਿਸ ਸਿਆਸੀ ਪ੍ਰਭਾਵ ਹੇਠ ਪ੍ਰਵਾਸੀਆਂ ਨੇ ਕੇਸ ਦਰਜ ਨਹੀਂ ਕਰਦੀ ਜਿਸ ਕਰਕੇ ਪ੍ਰਵਾਸੀਆਂ ਵਿਚ ਸਖਤ ਰੋਸ ਹੈ।2013 ਵਿਚ 3572 ਸ਼ਕਾਇਤਾਂ ਆਈਆਂ ਜਿਨ੍ਹਾਂ ਵਿਚੋਂ ਸਿਰਫ਼ 271 ਦੀਆਂ ਹੀ ਐਫ਼ ਆਈ ਆਰ ਦਰਜ ਕੀਤੀਆਂ ਗਈਆਂ। 2014 ਵਿਚ 7638 ਸ਼ਕਾਇਤਾਂ ਪ੍ਰਾਪਤ ਹੋਈਆਂ ਪਰ ਕੇਸ ਕੇਵਲ 193 ਹੀ ਦਰਜ ਹੋਏ।

2014 ਦੇ ਪ੍ਰਵਾਸੀ ਸੰਮੇਲਨ ਵਿਚ ਸ਼ਾਮਲ ਹੋਏ ਅਲਬਰਟਾ ਦੇ ਵਿਧਾਇਕ ਪੀਟਰ ਸੰਧੂ ਨੇ ਪੰਜਾਬ ਸਰਕਾਰ ਨੂੰ ਬਹੁਤ ਹੀ ਵਧੀਆ ਸੁਝਾਅ ਦਿੱਤਾ ਸੀ ਕਿ ਐਨ ਆਰ ਆਈ ਥਾਣੇ ਬਨਾਉਣ ਦੀ ਥਾਂ 'ਤੇ ਸਮੁੱਚੇ ਪ੍ਰਬੰਧਾਂ ਵਿਚ ਸੁਧਾਰ ਕੀਤਾ ਜਾਵੇ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਪੁਲਿਸ ਦੀ ਕਾਰਗੁਜਾਰੀ ਪਾਰਦਰਸ਼ੀ ਕਰ ਦਿੱਤਾ ਜਾਵੇ ਤਾਂ ਸਾਰੀ ਸਮੱਸਿਆ ਹੀ ਖ਼ਤਮ ਹੋ ਜਾਂਦੀ ਹੈ। ਪ੍ਰਵਾਸੀ ਇੱਥੋਂ ਦੀ ਦਫ਼ਤਰੀ ਪ੍ਰਣਾਲੀ ਜੋ ਕਿ ਬੜੀਆ ਮੁਸ਼ਕਲਾਂ ਭਰੀ ਹੈ ਤੋਂ ਬਹੁਤ ਦੁਖੀ ਹਨ। ਉਨ੍ਹਾਂ ਉਲਾਂਭਾ ਦਿੱਤਾ ਸੀ ਕਿ ਪੰਜਾਬ ਸਰਕਾਰ ਵੱਲੋਂ ਪ੍ਰਵਾਸੀਆਂ ਦੇ ਮਸਲੇ ਹਲ ਕਰਨ ਲਈ ਐਲਾਨੀ 10 ਮੈਂਬਰੀ ਕਮੇਟੀ ਦਾ ਗਠਨ ਅਜੇ ਤੀਕ ਨਹੀਂ ਕੀਤਾ ਗਿਆ, ਜਿਸ ਵਿਚ ਵਿਦੇਸ਼ਾਂ ਦੇ ਚੁਣੇ 5 ਨੁਮਾਇੰਦੇ ਤੇ 5 ਪੰਜਾਬ ਦੇ ਕੈਬਨਿਟ ਮੰਤਰੀ ਸ਼ਾਮਲ ਕਰਨ ਦੀ ਗੱਲ ਕਹੀ ਗਈ ਸੀ।

ਪ੍ਰਵਾਸੀ ਸੰਮੇਲਨਾਂ ਵਿਚ ਮੁੱਖ ਮੰਤਰੀ ਪ੍ਰਵਾਸੀਆਂ ਨੂੰ ਆਪਣੇ ਬੱਚੇ ਪੰਜਾਬ ਵਿਚ ਪੜ੍ਹਾਉਣ ਦੀ ਅਪੀਲ ਕਰਦੇ ਰਹਿੰਦੇ ਹਨ ਪਰ ਪ੍ਰਵਾਸੀਆਂ ਦੀ ਨਵੀਂ ਪੀੜ੍ਹੀ ਪੰਜਾਬ ਦੇ ਗੰਦਲੇ ਵਾਤਾਵਰਨ ਕਰਕੇ ਪੰਜਾਬ ਨਾਲ ਸਖ਼ਤ ਨਫ਼ਰਤ ਕਰਦੀ ਹੈ ਤੇ ਪੰਜਾਬ ਵਲ ਨੂੰ ਮੂੰਹ ਨਹੀਂ ਕਰਦੀ। ਪੰਜਾਬ ਵਿਚ ਜਾਨ ਮਾਲ ਦੀ ਕੋਈ ਸੁਰੱਖਿਆ ਨਹੀਂ।ਪ੍ਰਵਾਸੀਆਂ ਨੂੰ ਜੀ ਆਇਆਂ ਕਹਿਣ ਦੀ ਥਾਂ'ਤੇ ਝੂਠੇ ਪੁਲਿਸ ਕੇਸ ਮੜੇ ਜਾਂਦੇ ਹਨ।ਰਿਸ਼ਵਤਖੋਰੀ ਤੇ ਲਾਲ ਫ਼ੀਤਾ ਸ਼ਾਹੀ ਦਾ ਬੋਲ ਬਾਲਾ ਹੋਣ ਕਰਕੇ ਪ੍ਰਵਾਸੀ ਪੰਜਾਬੀ ਦੂਜੇ ਸੂਬਿਆਂ ਵਿਚ ਕਾਰਖਾਨੇ ਲਾ ਰਹੇ ਹਨ।

ਹੁਣ ਭਾਵੇਂ ਪ੍ਰਵਾਸੀ ਪੰਜਾਬ ਵਿਚ ਆ ਕੇ ਵਸਣਾ ਨਹੀਂ ਚਾਹੁੰਦੇ ਪਰ ਉਹ ਇਸ ਦੀ ਸੁਖ ਜਰੂਰ ਮੰਗਦੇ ਹਨ ਤੇ ਇਸ ਦੀ ਆਨ ਤੇ ਸ਼ਾਨ ਬਹਾਲ ਕਰਨ ਦੇ ਉਪਰਾਲੇ ਕਰਦੇ ਰਹਿੰਦੇ ਹਨ।ਉਹ ਭਾਰਤ ਦੇ ਪ੍ਰਬੰਧਕੀ ਢਾਂਚੇ ਨੂੰ ਬਦਲਣ ਲਈ ਬੜੇ ਉਤਾਵਲੇ ਰਹਿੰਦੇ ਹਨ। 1913 ਵਿਚ ਦੇਸ਼ ਨੂੰ ਗ਼ੁਲਾਮੀ ਦੇ ਰਸੇ ਤੋਂ ਛੁਟਕਾਰਾ ਦਿਵਾਉਣ ਲਈ 8000 ਤੋਂ ਵਧ ਗ਼ਦਰੀ ਬਾਬੇ ਆਪਣਾ ਘਰ ਬਾਰ ਛਡ ਕੇ ਅਮਰੀਕਾ, ਕੈਨੇਡਾ,ਸਿੰਗਾਪੁਰ ਆਦਿ ਤੋਂ ਭਾਰਤ ਆਏ ਸਨ ਤੇ ਇੱਥੇ ਆ ਕੇ ਉਨ੍ਹਾਂ ਨੇ ਫ਼ਾਂਸੀ ਦੇ ਰਸਿਆਂ ਨੂੰ ਚੁੰਮਿਆ ਸੀ।ਜਦ ਮਨਪ੍ਰੀਤ ਸਿੰਘ ਬਾਦਲ ਨੇ ਪੀਪਲਜ਼ ਪਾਰਟੀ ਆਫ਼ ਪੰਜਾਬ ਬਣਾਈ ਸੀ ਤਾਂ ਉਨ੍ਹਾਂ ਉਸ ਦੀ ਭਰਪੂਰ ਮਦਦ ਕੀਤੀ ਸੀ।ਪਿਛਲੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਨੂੰ ਕੇਜਰੀਵਾਲ ਤਬਦੀਲੀ ਦਾ ਆਗੂ ਨਜ਼ਰ ਆਇਆ ਤੇ ਉਨ੍ਹਾਂ ਨੇ ਲੋਕ ਸਭਾ ਵਿਚ ਆਮ ਪਾਰਟੀ ਦੀ ਮਦਦ ਕੀਤੀ। ਹੁਣ ਵੀ ਪ੍ਰਵਾਸੀਆਂ ਦੀ ਬਹੁ-ਗਿਣਤੀ ਆਮ ਪਾਰਟੀ ਨਾਲ ਹੈ।

ਅੱਜ ਅਕਾਲੀ ਦਲ ਲਈ ਨਵੀਆਂ ਚੁਣੌਤੀਆਂ ਹਨ।ਸਭ ਤੋਂ ਵਡੀ ਚੁਣੌਤੀ ਭਾਜਪਾ ਵਲੋਂ ਹੈ। ਕੇਂਦਰ ਵਿਚ ਹਾਕਮ ਪਾਰਟੀ ਹੋਣ ਕਰਕੇ ਉਸ ਦਾ ਯਤਨ ਹੈ ਕਿ ਉਹ ਆਜਾਦਾਨਾ ਤੌਰ 'ਤੇ ਚੋਣ ਲੜੇ। ਜੇ ਉਸ ਨੇ ਭਾਈਵਾਲੀ ਵੀ ਨਿਭਾਈ ਤਾਂ ਉਸ ਦੀ ਕੋਸ਼ਿਸ਼ ਹੋਵੇਗੀ ਕਿ ਵਧ ਤੋਂ ਵਧ ਸੀਟਾਂ ਲਈਆਂ ਜਾਣ ਜਿਸ ਨਾਲ 2017 ਦੀ ਸਰਕਾਰ ਵਿਚ ਆਕਾਲੀ ਦਲ ਨੂੰ ਇਕਲਿਆਂ ਬਹੁ-ਮਤ ਨਾ ਮਿਲੇ ਤੇ ਉਹ ਭਾਜਪਾ 'ਤੇ ਨਿਰਭਰ ਰਹੇ।ਦੂਜੀ ਚੁਣੌਤੀ ਆਮ ਪਾਰਟੀ ਵਲੋਂ ਹੈ। ਜੇ ਉਸ ਸਮੇਂ ਤੀਕ ਦਿੱਲੀ ਵਿਚ ਆਮ ਪਾਰਟੀ ਦੀ ਸਰਕਾਰ ਦਾ ਕੰਮ ਕਾਜ ਵਧੀਆ ਸਾਬਤ ਹੁੰਦਾ ਹੈ ਤਾਂ ਇਸ ਦਾ ਪ੍ਰਭਾਵ ਪੰਜਾਬ 'ਤੇ ਜਰੂਰ ਪਵੇਗਾ।

ਜੇ ਅਕਾਲੀ ਦਲ ਨੇ ਪ੍ਰਵਾਸੀਆਂ ਦੀ ਹਮਾਇਤ ਲੈਣੀ ਹੈ ਤਾਂ ਜਿਥੇ ਉਹ ਪੰਜਾਬ ਵਿਚ ਪ੍ਰਬੰਧਕੀ ਢਾਂਚਾ ਨੂੰ ਬਦਲੇ ਉੱਥੇ ਅਮਰੀਕਾ, ਕੈਨੇਡਾ ਵਿਚ ਕਾਇਮ ਕੀਤੇ ਪਾਰਟੀ ਆਹੁਦੇਦਾਰਾਂ ਨੂੰ ਹਦਾਇਤ ਕਰੇ ਕਿ ਉਹ ਉੱਥੇ ਵਸਦੇ ਪੰਜਾਬੀਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਦਫ਼ਤਰ ਬਨਾਉਣ ਜੋ ਪ੍ਰਵਾਸੀਆਂ ਦੇ ਮਸਲੇ ਹਲ ਕਰਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ। ਉਨ੍ਹਾਂ ਨੂੰ ਪੰਜਾਬ ਆਉਣ ਦੀ ਲੋੜ ਹੀ ਨਾ ਪਵੇ।ਬਹੁਤ ਸਾਰੇ ਕੇਸ ਭਾਰਤ ਸਰਕਾਰ ਨਾਲ ਸੰਬੰਧਤ ਹਨ, ਉਹ ਵੀ ਪੰਜਾਬ ਸਰਕਾਰ ਨੂੰ ਭੇਜਣ ਤਾਂ ਜੋ ਉਹ ਕੇਂਦਰ ਤੋਂ ਉਨ੍ਹਾਂ ਦਾ ਹੱਲ ਕਰਵਾਏ। ਪ੍ਰਵਾਸੀਆਂ ਨੂੰ ਦਿੱਲੀ ਹਵਾਈ ਅੱਡੇ 'ਤੇ ਧਕੇ ਖਾਣੇ ਪੈਂਦੇ ਹਨ,ਇਸ ਲਈ ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਅੰਮ੍ਰਿਤਸਰ ਤੋਂ ਸਿੱਧੀਆਂ ਵਿਦੇਸ਼ਾਂ ਨੂੰ ਉਡਾਣਾਂ ਸ਼ੁਰੂ ਕਰਵਾਈਆਂ ਜਾਣ। ਇਸ ਨਾਲ ਏਅਰ ਇੰਡੀਆਂ ਦੀਆਂ ਘਾਟੇ ਵਿਚ ਜਾ ਰਹੀਆਂ ਉਡਾਣਾਂ ਲਾਭ ਕਮਾ ਸਕਦੀਆਂ ਹਨ ਤੇ ਪੰਜਾਬ ਦਾ ਏਅਰ ਕਾਰਗੋ ਵਿਦੇਸ਼ਾਂ ਵਿਚ ਜਾ ਸਕਦਾ ਹੈ,ਜੋ ਇਸ ਸਮੇਂ ਬੰਦ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਦੇਸ਼ਾਂ ਦੇ ਗੁਰਦੁਆਰਿਆਂ ਵਿਚ ਚੰਗੇ ਪੜ੍ਹੇ ਲਿਖੇ ਗ੍ਰੰਥੀ ਸਿੰਘ ਭੇਜੇ ਜੋ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜ ਸਕਣ।ਬਾਦਲ ਪ੍ਰਵਾਰ ਨੇ ਅੱਜ ਟਰਾਂਸਪੋਰਟ, ਕੇਬਲ ਨੈੱਟਵਰਕ ਤੇ ਹੋਰ ਕਾਰੋਬਾਰਾਂ 'ਤੇ ਜਿਹੜਾ ਕਬਜਾ ਕੀਤਾ ਹੈ ਉਸ ਤੋਂ ਪੰਜਾਬ ਨੂੰ ਛੁਟਕਾਰਾ ਦਵਾਇਆ ਜਾਵੇ। ਨਸ਼ਿਆਂ ਕਰਕੇ ਬਹੁਤ ਬਦਨਾਮੀ ਹੋ ਰਹੀ ਹੈ,ਇਸ ਪ੍ਰਤੀ ਲੋਕ ਪੱਖੀ ਨੀਤੀ ਅਪਣਾਈ ਜਾਵੇ। ਕੇਂਦਰ ਨਾਲ ਸਬੰਧਤ ਮਸਲੇ ਹਲ ਕਰਵਾਉਣ ਲਈ ਕੇਂਦਰ 'ਤੇ ਦਬਾ ਪਾਇਆ ਜਾਵੇ। ਅਜਿਹੇ ਹੋਰ ਵੀ ਕਈ ਕਾਰਜ ਹਨ ਜਿਨ੍ਹਾਂ ਦੇ ਕਰਨ ਨਾਲ ਸ਼੍ਰੋਮਣੀ ਅਕਾਲੀ ਦਲ ਪ੍ਰਵਾਸੀਆਂ ਦੇ ਦਿਲਾਂ ਵਿਚ ਚੰਗੀ ਥਾਂ ਬਣਾ ਸਕਦਾ ਹੈ।

# ਸ਼੍ਰੋਮਣੀ ਅਕਾਲੀ ਦਲ ਦੀ ਈਮਾਨਦਾਰੀ ਬਨਾਮ ਅਨੰਦਪੁਰ ਸਾਹਿਬ ਦਾ ਮਤਾ

(10 ਸਫੇ ਦੀ ਬਾਕੀ)

ਜੁੜਿਆ ਰਹੇ ਜਾਂ ਉਸਦਾ ਉਸਦੇ ਲਈ ਕੋਈ ਮਹੱਤਵ ਹੋਵੇ।

**ਅਤੇ ਅੰਤ ਵਿੱਚ :** ਸਿੱਖਾਂ ਦੀ ਸਮੁੱਚੀ ਪ੍ਰਤੀਨਿਧਤਾ ਦਾ ਦਾਅਵਾ ਕਰ, ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਕੌਮ ਨੂੰ ਸਿੱਖੀ ਵਿਰਸੇ ਨਾਲ ਜੋੜੀ ਰੱਖਣ ਦੇ ਪ੍ਰਣ ਨਾਲ ਧਾਰਮਕ ਏਜੰਡਾ ਤਾਂ ਤਿਆਰ ਕਰ ਲਿਆ, ਪ੍ਰੰਤੂ ਨਿਸ਼ਾਨਾ ਕੇਵਲ ਸੱਤਾ ਪ੍ਰਾਪਤੀ ਦਾ ਹੀ ਮੁੱਖ ਰਖਿਆ ਤੇ 'ਧਾਰਮਕ ਏਜੰਡੇ' ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇੱਕ ਪਾਸੇ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦਾ ਦਾਅਵਾ ਜਾਰੀ ਰਖਿਆ ਤਾਂ ਜੋ ਸਿੱਖ ਧਾਰਮਕ ਜੱਥੇਬੰਦੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੁਰ ਉਸਦਾ ਕਬਜ਼ਾ ਬਣਿਆ ਰਹਿ ਸਕੇ ਤੇ ਉਸਦੇ ਸਮੁੱਚੇ ਸਾਧਨਾਂ ਦੀ ਵਰਤੋਂ ਉਸਦੇ ਰਾਜਸੀ ਹਿਤਾਂ ਦੀ ਪੂਰਤੀ ਲਈ ਹੁੰਦੀ ਰਹੇ, ਦੂਸਰੇ ਪਾਸੇ ਉਸਦੇ ਆਗੂਆਂ ਨੇ ਆਪਣੀ ਰਾਜਸੀ ਲਾਲਸਾ ਨੂੰ ਪੂਰਿਆਂ ਕਰਨ ਲਈ ਕੌਮੀ ਚੋਣ ਕਮਿਸ਼ਨ ਪਾਸ ਜਮ੍ਹਾ ਕਰਵਾਏ ਦਸਤਾਵੇਜ਼ਾਂ ਰਾਹੀਂ ਇਹ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਕਿਸੇ ਇੱਕ ਫਿਰਕੇ ਦਾ ਪ੍ਰਤੀਨਿਧ ਨਹੀਂ, ਸਗੋਂ ਉਹ ਪੰਜਾਬੀਆਂ ਦੀ ਪ੍ਰਤੀਨਿਧ, ਸਾਂਝੀ ਧਰਮ-ਨਿਰਪੇਖ ਪਾਰਟੀ ਹੈ। ਉਸਦੇ ਸੰਗਠਨ ਦਾ ਮੁਹਾਂਦਰਾ ਵੀ ਅਜਿਹਾ ਬਣਾਇਆ ਗਿਆ, ਜਿਸਤੋਂ ਉਸਦੇ ਸਰਬ-ਸਾਂਝੀਵਾਲਤਾ ਦੀ ਪੈਰੋਕਾਰ ਪਾਰਟੀ ਹੋਣ ਦਾ ਪ੍ਰਭਾਵ ਪੈ ਸਕੇ। ਇਸ ਹਾਲਤ ਵਿੱਚ ਉਸਦਾ ਧਾਰਮਕ ਏਜੰਡੇ ਨੂੰ ਆਪਣੇ ਨਾਲ ਚਿਪਕਾਈ ਰੱਖਣਾ ਜਾਂ ਉਸ ਪੁਰ ਅਮਲ ਕਰਨ ਦੀ ਪੂਰੀ ਜ਼ਿਮੇਂਦਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣਾ ਕਿਵੇਂ ਸੰਭਵ ਹੋ ਸਕਦਾ ਹੈ?

# ਡਾ. ਅੰਬੇਦਕਰ ਦੇ ਪੋਤਰੇ ਦੁਆਰਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਦਿੱਤਾ ਗਿਆ ਵਿਸ਼ੇਸ ਲੈਕਚਰ

(ਪਹਿਲੇ ਸਫੇ ਦੀ ਬਾਕੀ)

ਇਹ ਸੀ ਕਿ ਅੱਜ ਦੀਆਂ ਸਰਕਾਰਾਂ ਦੁਆਰਾ ਸਿੱਖਿਆ ਦਾ ਨਿੱਜੀਕਰਨ ਅਤੇ ਗਲੋਬ-ਲੀਕਰਨ ਕੀਤੇ ਜਾਣ ਨੂੰ ਖਤਰਨਾਕ ਕਰਾਰ ਦਿੰਦਿਆਂ ਉਹਨਾਂ ਕਿਹਾ ਕਿ ਜੋ ਸਰਕਾਰਾਂ ਰਿਜ਼ਰਵੇਸ਼ਨ ਦੀਆਂ ਗੱਲਾਂ ਕਰ ਰਹੀਆਂ ਹਨ, ਇਹ ਐਸ. ਸੀ., ਐਸ. ਟੀ. ਅਤੇ ਓ. ਬੀ. ਸੀਂ ਦੇ ਹੱਕਾਂ ਤੇ ਡਾਕਾ ਹੈ। ਉਹਨਾਂ ਕਿਹਾ ਕਿ ਸਾਰੇ ਮੁਲਕ ਵਿਚ ਸਥਾਪਤ ਅੰ-ਬੇਦਕਰ ਸੈਂਟਰਾਂ ਨੂੰ ਇਸ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਉਣੀ ਚਾਹੀਦੀ ਹੈ ਅਤੇ ਦਲਿਤ ਇਸ ਬਾਰੇ ਚੌਕੰਨੇ ਰਹਿਣ ਕਿ ਸਰਕਾਰ ਉਹਨਾਂ ਦੇ ਸੰਵਿਧਾਨਕ ਅਧਿਕਾਰਾਂ ਵਿਚ ਕਟੌਤੀ ਨਾ ਕਰ ਦੇਵੇ। ਇਸ ਮੌਕੇ ਪ੍ਰਧਾਨਗੀ ਭਾਸ਼ਣ ਪ੍ਰੋਫੈਸਰ ਡਾ. ਰੌਣਕ ਰਾਮ ਨੇ ਦਿੱਤਾ, ਜਿਹਨਾਂ ਨੇ ਪੰਜਾਬ ਵਿਚ ਡਾ. ਅੰਬੇਦਕਰ ਦੇ ਵਿਚਾਰਾਂ ਬਾਰੇ ਵੱਧ ਰਹੀ ਜਾ-ਗਰੂਕਤਾ ਤੇ ਚਾਨਣਾ ਪਾਇਆ। ਅਖੀਰ ਵਿਚ ਸੈਂਟਰ ਦੇ ਡਾਇਰੈਕਟਰ ਡਾ. ਅਮੈਨੂਅਲ ਨਾਹਰ (098159-74293) ਨੇ ਸਾਰੇ ਆਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਡਾ. ਅੰਬੇਦਕਰ ਦੇ ਪੋਤਰੇ ਦਾ ਟਰਾਫੀ ਨਾਲ ਸਨਮਾਨ ਕੀਤਾ।

# ਲੇਖਕਾਂ ਨੂੰ ਰਚਨਾ ਦੇ ਨਾਲ ਨਾਲ ਰਚਨਾਤਮਕ ਆਜਾਦੀ ਲਈ ਵੀ ਖੜ੍ਹੇ ਹੋਣ ਦਾ ਸੱਦਾ

(ਸਫਾ 3 ਦੀ ਬਾਕੀ)

ਪ੍ਰੋ ਕੰਬੋਜ ਨੇ ਕਲੌਟੀ ਦੇ ਨਾਵਲਾਂ ਬਾਰੇ ਗੱਲ ਕੀਤੀ।

ਸਮਾਗਮ ਵਿੱਚ ਵਿਸ਼ੇਸ਼ ਤੋਰ ਤੇ ਸ਼ਾਮਿਲ ਹੋਈ ਮੀਡੀਆਂ ਸਖਸ਼ੀਅਤ ਸਿੱਧੂ ਦਮਦਮੀ ਨੇ, ਭਾਰਤ ਵਿਚਲੀ ਹਾਲੀਆ ਅਸਹਿਣਸ਼ੀਲਤਾ ਦੇ ਪ੍ਰਸੰਗ ਵਿੱਚ ਕਿਹਾ ਕਿ ਇਸ ਦਮ ਘੋਟੂ ਮਹੌਲ ਖਿਲਾਫ ਇਸ ਤਰਾਂ ਦੀਆਂ ਅਕਾਦਮੀਆਂ ਦੇ ਥੜੇ ਤੋਂ ਆਵਾਜ ਉਠਣੀ ਚਾਹੀਦੀ ਹੈ।ਲੋਕ ਲੇਖਕਾਂ ਦੇ ਆਖੇ ਘੱਟ ਲਗਦੇ ਹਨ। ਲੇਖਕਾਂ ਅਤੇ ਪਾਠਕਾਂ ਵਿਚਲਾ ਰਚਨੇਈ ਪੁਲ ਟੁੱਟ ਗਿਆ ਹੈ।ਉਸ ਨੇ ਕਿਹਾ ਕਿਸ ਲੇਖਕਾਂ ਨੂੰ ਸਿਰਫ ਕਹਾਣੀ, ਕਵਿਤਾ ਜਾਂ ਕਿਤਾਬ ਲਿਖ ਕੇ ਹੀ ਸੰਤੁਸ਼ਟ ਨਹੀਂ ਹੋ ਜਾਣਾ ਚਾਹੀਦਾ, ਉਨਾਂ ਨੂੰ ਕਲਮ ਜਾਂ ਰਚਨਾਤਮਕਤਾ ਦੇ ਹੁੰਦੇ ਹਮਲਿਆਂ ਖਿਲਾਫ ਚਲਦੇ ਅੰਦਲਨਾਂ ਦਾ ਵੀ ਹਿੱਸਾ ਬਣਨਾ ਚਾਹੀਦਾ ਹੈ। ਸਮਾਗਮ ਵਿੱਚ ਸੁਖਦੇਵ ਸਾਹਿਲ ਦੇ ਕਲਾਸੀਕਲ ਗਾਇਨ ਨੇ ਵਿਸ਼ੇਸ਼ ਰੰਗ ਭਰਿਆ ਜਿਸ ਦਾ ਸਾਥ ਤਬਲਾ ਵਾਦਕ ਸੁਰਜੀਤ ਬਾਵਾ ਨੇ ਦਿੱਤਾ। ਆਸ਼ਾ ਸ਼ਰਮਾ ਨੇ ਸੰਗੀਤ ਸਮਾਗਮ ਨੂੰ ਬਾਖੂਬੀ ਸੰਚਾਲਿਤ ਕੀਤਾ। ਸਾਬਕਾ ਪ੍ਰਧਾਨ ਪ੍ਰੋ ਸੁਖਵਿੰਦਰ ਕੰਬੋਜ ਅਤੇ ਅਸ਼ਰਫ ਗਿੱਲ ਨੂੰ ਉਨਾਂ ਵਲੋਂ ਅਕਾਦਮੀ ਲਈ ਨਿਭਾਈਆਂ ਸੇਵਾਵਾਂ ਅਤੇ ਪ੍ਰੋ ਕਲੌਟੀ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਛੇਕੜਲੇ ਦੌਰ ਵਿੱਚ ਤਾਰਾ ਸਾਗਰ, ਕੁਲਵੰਤ ਸੇਖੋਂ, ਰਣਜੀਤ ਗਿੱਲ, ਘੜਗੱਸ, ਨੰਨੂ ਸੁਰ ਸਹੋਤਾ, ਅਜੇ ਤਨਵੀਰ, ਨੀਮਲ ਸੈਣੀ, ਸੁੱਖੀ ਧਾਲੀਵਾਲ, ਸੰਤੋਖ ਮਿਨਹਾਸ, ਜਗਜੀਤ ਨੌਸ਼ਹਿਰਵੀ, ਅਸ਼ਰਫ ਗਿੱਲ, ਸੁਖਵਿੰਦਦਰ ਕੰਬੋਜ, ਰਮਨ ਵਿਰਕ, ਗੈਰੀ ਡੇਸੀ, ਜਸਪਾਲ ਸੂਸ, ਸੁਰਿੰਦਰ ਸੀਰਤ ਕਵੀਆਂ ਨੂੰ ਸਰਤਿਆਂ ਨੇ ਨਿੱਠ ਕੇ ਸੁਣਿਆ। ਗਿਆਨ ਵਿਗਿਆਨ ਅਤੇ ਸਾਹਿਤ ਨਾਲ ਸਬੰਧਿਤ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਇਸ ਸਮਾਗਮ ਵਿੱਚ ਪੁੱਜੀਆਂ ਸੈਂਟਰਲ ਵੈਲੀ ਦੀਆਂ ਉੱਘੀਆਂ ਸਖਸ਼ੀਅਤਾਂ ਚਰਨਜੀਤ ਬਾਠ, ਅਜੀਤ ਗਿੱਲ, ਰੇਡੀਤ ਹੋਸਟ ਹੈਰੀ ਮਾਨ, ਮਨਜੀਤ ਕੁਲਾਰ, ਬਲਰਾਜ ਬਰਾੜ, ਗੁਰਦੀਪ ਨਿੱਝਰ, ਡਾ. ਨਿੰਦੀ, ਤ੍ਰਿਲੋਕ ਮਿਨਹਾਸ,ਪਿਸ਼ੌਰਾ ਸਿੰਘ ਢਿਲੋਂ ਨੇ ਇਸ ਸਮਾਗਮ ਦੀ ਪ੍ਰਸੰਸਾ ਕੀਤੀ।








10+2 ਨੌਨ ਮੈਡੀਕਲ ਦੇ ਬੀਤੀ 9 ਅਗਸਤ 2015 ਨੂੰ ਹੋਏ ਪੰਜਾਬ ਪੱਧਰੀ ਇਮਤਿਹਾਨ ਵਿਚ ਲਵਦੀਪ ਮਾਹੀ ਪੁੱਤਰ ਸੁਖਦੇਵ ਮਾਹੀ ਉਮਰ 18 ਸਾਲ ਨੇ ਪਹਿਲਾ ਇਨਾਮ ਜਿੱਤਿਆ। ਇਸ ਇਨਾਮ ਵਜੋਂ 20 ਹਜ਼ਾਰ ਦੀ ਰਾਸ਼ੀ ਅਤੇ ਇਕ ਟਰਾਫੀ ਦਿੱਤੀ ਜਾਂਦੀ ਹੈ। (ਤਸਵੀਰਾਂ ਤੇ ਵੇਰਵਾ- ਜਯੋਤੀ ਮਾਹੀ)

## ਮਨੁੱਖੀ ਅਧਿਕਾਰ ਦਿਵਸ ਸਬੰਧੀ ਵਿਸ਼ੇਸ਼

# ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਹੋ ਰਹੀ ਹੈ ਘੋਰ ਉਲੰਘਣਾ



ਕੁਲਦੀਪ ਚੰਦ
9417563054

10 ਦਸੰਬਰ 2015 ਨੂੰ ਮਨੁੱਖੀ ਅਧਿਕਾਰ ਦਿਵਸ ਮਨਾਇਆ ਜਾ ਰਿਹਾ ਹੈ। ਸਾਰੀ ਦੁਨੀਆਂ ਵਿੱਚ ਪ੍ਰੋਗਰਾਮ ਹੋਣਗੇ ਜਿਹਨਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਪਾਠ ਪੜ੍ਹਾਇਆ ਜਾਵੇਗਾ। 10 ਦਸੰਬਰ ਦਾ ਦਿਨ ਹਰ ਸਾਲ ਮਨੁਖੀ ਅਧਿਕਾਰ ਦਿਵਸ ਦੇ ਤੋਰ ਤੇ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਨੇ 1948 ਵਿੱਚ ਮਨੁਖੀ ਅਧਿਕਾਰਾਂ ਦੀ ਯੂਨੀਵਰਸਲ ਘੋਸ਼ਣਾ ਕੀਤੀ ਅਤੇ ਇਸ ਸਬੰਧੀ 04 ਦਸੰਬਰ, 1950 ਨੂੰ ਸੰਯੁਕਤ ਰਾਸ਼ਟਰ ਜਨਰਲ ਦੀ 317ਵੀਂ ਅਸੈਂਬਲੀ ਵਿੱਚ ਮਤਾ ਨੰਬਰ 423 (5) ਪਾਸ ਕੀਤਾ ਗਿਆ ਅਤੇ ਉਸਤੋਂ ਬਾਦ ਹਰ ਸਾਲ 10 ਦਸੰਬਰ ਦਾ ਦਿਨ ਮਨੁਖੀ ਅਧਿਕਾਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। 10 ਦਸੰਬਰ, 2008 ਨੂੰ ਮਨੁਖੀ ਅਧਿਕਾਰਾਂ ਲਈ ਪਾਸ ਮਤੇ ਦੇ 60 ਸਾਲ ਮੁੰਕਮਲ ਹੋਣ ਤੇ ਸੰਯੁਕਤ ਰਾਸ਼ਟਰ ਦੇ ਸੈਕਟਰੀ ਜਨਰਲ ਨੇ ਪੂਰਾ ਸਾਲ ਚੱਲਣ ਵਾਲੀ ਮੁਹਿੰਮ ਦੀ ਸ਼ੁਰੂਆਤ ਕੀਤੀ। ਅੱਜ ਸਾਰੀ ਦੁਨੀਆਂ ਵਿੱਚ ਪ੍ਰੋਗਰਾਮ ਹੋਣਗੇ ਜਿਹਨਾਂ ਵਿੱਚ ਮਨੁੱਖੀ ਅਧਿਕਾਰਾਂ ਦਾ ਪਾਠ ਪੜ੍ਹਾਇਆ ਜਾਵੇਗਾ। ਮਨੁੱਖੀ ਅਧਿਕਾਰ ਸਿਰਫ ਸੈਮੀਨਾਰਾਂ, ਭਾਸ਼ਣਾਂ ਆਦਿ ਤੱਕ ਸੀਮਿਤ ਹੋਕੇ ਰਹਿ ਜਾਂਦੇ ਹਨ। ਆਮ ਆਦਮੀ ਨੂੰ ਇਸਦੀ ਪਰਿਭਾਸ਼ਾ ਤੱਕ ਵੀ ਪਤਾ ਨਹੀਂ ਹੈ। ਕੁਦਰਤ ਨੇ ਇਨਸਾਨ ਨੂੰ ਬਣਾਉਂਦੇ ਸਮੇਂ ਕੋਈ ਫਰਕ ਨਹੀਂ ਰੱਖਿਆ ਹੈ ਅਤੇ ਸਭ ਨੂੰ ਇੱਕ ਬਰਾਬਰ ਹੀ ਬਣਾਇਆ ਹੈ ਪਰ ਇਨਸਾਨ ਨੇ ਖੁਦ ਆਪਣੇ ਲਈ ਕਈ ਸੀਮਾਵਾਂ, ਅੜ੍ਹਚਨਾਂ ਅਤੇ ਵਰਗ ਬਣਾ ਲਏ ਹਨ, ਜਿਸਦੇ ਇੱਕ ਪਾਸੇ ਤਾਂ ਉਹ ਅਮੀਰ ਲੋਕ ਹਨ ਜਿਹਨਾਂ ਦੇ ਲਈ ਸੁਵਿਧਾਵਾਂ ਵੀ ਗੁਲਾਮ ਹੋ ਜਾਂਦੀਆ ਹਨ ਦੂਸਰੇ ਪਾਸੇ ਉਹ ਸੰਸਾਰ ਵੱਸਦਾ ਹੈ ਜੋ ਆਪਣੇ ਜੀਵਨ ਦੀਆਂ ਮੋਲਿਕ ਸੁਵਿਧਾਵਾਂ ਦੇ ਲਈ ਵੀ ਗੁਲਾਮ ਬਣਨ ਨੂੰ ਤਿਆਰ ਹੋ ਜਾਂਦਾ ਹੈ। ਮਨੁੱਖੀ ਅਧਿਕਾਰ ਸ਼ਬਦ ਇੱਕ ਅਜਿਹਾ ਹਥਿਆਰ ਹੈ ਜਿਸਦੇ ਹੋਣ ਨਾਲ ਇਨਸਾਨ ਨੂੰ ਕਿਸੇ ਵੀ ਸਮਾਜ ਵਿੱਚ ਜੀਣ ਦਾ ਅਧਿਕਾਰ ਮਿਲਦਾ ਹੈ। ਜੇਕਰ ਇਸਦਾ ਅਰਥ ਸਮਝਿਆ ਜਾਵੇ ਤਾਂ ਮਨੁੱਖੀ ਅਧਿਕਾਰ ਮਨੁੱਖ ਦੇ ਉਹ ਮੁਢਲੇ ਅਧਿਕਾਰ ਹਨ ਜਿਸ ਨਾਲ ਮਨੁੱਖ ਨੂੰ ਨਸਲ, ਜਾਤਿ, ਰਾਸ਼ਟਰੀਅਤਾ, ਧਰਮ, ਲਿੰਗ ਆਦਿ ਕਿਸੇ ਵੀ ਆਧਾਰ ਤੇ ਬਾਂਝਾ ਨਹੀਂ ਕੀਤਾ ਜਾ ਸਕਦਾ ਹੈ। ਹੁਣ ਵਿਸ਼ਵ ਭਾਈਚਾਰਾ ਪੂਰੀ ਤਰ੍ਹਾਂ ਨਾਲ ਜਾਗ੍ਰਿਤ ਹੈ ਅਤੇ ਇੱਕ ਦੇਸ਼ ਦੀਆਂ ਅੰਦਰੂਨੀ ਪਰਿਸਥਿਤੀਆਂ ਤੋਂ ਦੂਸਰਾ ਦੇਸ਼ ਪੂਰੀ ਤਰ੍ਹਾਂ ਜਾਣੂ ਹੈ। ਹੁਣ ਜੇਕਰ ਕੋਈ ਦੇਸ਼ ਜਾਂ ਉਥੋਂ ਦੀ ਸਾਸ਼ਨ ਵਿਵਸਥਾ ਇਹ ਚਾਹੇ ਕਿ ਗੁਪੱਤ ਰੂਪ ਨਾਲ ਆਪਣੇ ਨਾਗਰਿਕਾਂ ਦਾ ਸ਼ੋਸ਼ਣ ਕਰ ਲਵੇ ਅਤੇ ਉਸ ਉੱਪਰ ਕਿਸੇ ਤਰ੍ਹਾਂ ਦੀ ਅੰਤਰ-ਰਾਸ਼ਟਰੀ ਪ੍ਰਤੀਕਿਰਿਆ ਨਹੀਂ ਹੋਵੇਗੀ ਤਾਂ ਇਹ ਉਸਦੀ ਭੁੱਲ ਹੈ। ਜੇਕਰ ਵਿਸ਼ਵ ਪੱਧਰ ਤੇ ਦੇਖਿਆ ਜਾਵੇ, ਤਾਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਮਨੁੱਖੀ ਅਧਿਕਾਰਾਂ ਦਾ ਸਵਰੂਪ ਅਲੱਗ-ਅਲੱਗ ਹੈ। ਸਾਰੇ ਮਨੁੱਖ ਬਰਾਬਰ ਦੀ ਹੋਂਦ ਅਤੇ ਅਧਿਕਾਰਾਂ ਦੇ ਨਾਲ ਸੁਤੰਤਰ ਰੂਪ ਨਾਲ ਜਨਮੇ ਹਨ। ਵਿਸ਼ਵ ਵਿਆਪੀ ਪੱਧਰ ਤੇ ਮਨੁੱਖੀ ਅਧਿਕਾਰਾਂ ਵਿੱਚ ਜੀਵਨ ਦਾ ਅਧਿਕਾਰ, ਆਜ਼ਾਦੀ ਦਾ ਅਧਿਕਾਰ, ਵਿਚਾਰ ਰੱਖਣ ਅਤੇ ਬੋਲਣ ਦਾ ਅਧਿਕਾਰ, ਸੰਪਤੀ ਦਾ ਅਧਿਕਾਰ ਅਤੇ ਆਰਥਿਕ ਅਤੇ ਸਮਾਜਿਕ ਅਧਿਕਾਰ ਆਦਿ ਸ਼ਾਮਲ ਹਨ। ਅੱਜ ਦੁਨੀਆਂ ਦੀ ਇੱਕ ਵੱਡੀ ਆਬਾਦੀ ਸਮਾਜਿਕ ਨਾਬਰਾਬਰੀ ਵਿੱਚ ਪਿਸ ਰਹੀ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਅਜਿਹਾ ਇਸ ਲਈ ਨਹੀਂ ਹੈ ਕਿ ਲੋਕਾਂ ਨੂੰ ਆਪਣੇ ਮਨੁੱਖੀ ਅਧਿਕਾਰਾਂ ਬਾਰੇ ਪਤਾ ਨਹੀਂ ਬਲਕਿ ਸਮਾਜ ਵਿੱਚ ਫੈਲੀ ਨਾਬਰਾਬਰੀ ਦਾ ਕਾਰਨ ਇਹ ਹੈ ਕਿ ਸਰਕਾਰ ਦਾ ਖੁਦ ਇਸ ਵਿਸ਼ੇ ਤੇ ਜਨਤਾ ਨੂੰ ਗੁੰਮਰਾਹ ਕਰਨਾ ਅਤੇ ਉਚਿਤ ਕਦਮ ਨਾ ਚੁੱਕਣਾ ਹੈ। ਇਹ ਸਾਰੇ ਮੁਢਲੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਅਜ਼ਾਦੀ ਤੋਂ ਬਾਦ ਭਾਰਤੀ ਸੰਵਿਧਾਨ ਦੁਆਰਾ ਪ੍ਰਦਾਨ ਕੀਤੇ ਗਏ ਹਨ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਕਿਹਾ ਗਿਆ ਹੈ ਕਿ ਰਾਜ ਕਿਸੇ ਵੀ ਵਿਅਕਤੀ ਦੀ ਪਹਿਚਾਣ ਮਨੁੱਖ ਦੇ ਰੂਪ ਵਿੱਚ ਕਰੇਗਾ। ਸੰਵਿਧਾਨ ਵਿੱਚ ਹਰੇਕ ਵਿਅਕਤੀ ਦੇ ਬਰਾਬਰ ਵਿਕਾਸ ਦੇ ਲਈ ਮੋਲਿਕ ਅਧਿਕਾਰਾਂ ਦੀ ਵਿਵਸਥਾ ਕਰਦਾ ਹੈ। ਜੇਕਰ ਕਿਸੇ ਵਿਅਕਤੀ ਦੇ ਮੋਲਿਕ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਸੰਵਿਧਾਨ ਦੇ ਅੰਤਰਗਤ ਉਹ ਅਦਾਲਤ ਵਿੱਚ ਜਾ ਸਕਦਾ ਹੈ। ਨੀਤੀ ਨਿਦੇਸ਼ਕ ਤੱਤਾਂ ਦੇ ਅੰਤਰਗਤ ਰਾਜਾਂ ਦਾ ਇਹ ਕਰਤੱਵ ਨਿਰਧਾਰਤ ਕੀਤਾ ਗਿਆ ਹੈ ਕਿ ਉਹ ਹਰੇਕ ਨਾਗਰਿਕ ਦੇ ਲਈ ਸਮਾਨ ਨਿਆਂ ਦੀ ਵਿਵਸਥਾ ਕਰੇ, ਇਸਤਰੀ ਪੁਰਸ਼ ਦੇ ਲਈ ਸਮਾਨ ਅਵਸਰ ਉਪਲਬੱਧ ਕਰਾਏ, ਬਾਲ ਮਜ਼ਦੂਰੀ ਤੇ ਰੋਕ ਲਗਾਏ, ਹਰੇਕ ਵਿਅਕਤੀ ਦੇ ਕੰਮ ਪ੍ਰਾਪਤ ਕਰਨ, ਸਿੱਖਿਆ ਪ੍ਰਾਪਤ ਕਰਨ ਅਤੇ ਬਿਮਾਰੀ ਜਾਂ ਕਿਸੇ ਹੋਰ ਅਸਮਰੱਥਤਾ ਦੀ ਸਥਿਤੀ ਵਿੱਚ ਸਰਵਜਨਕ ਸੁਵਿਧਾਵਾਂ ਨੂੰ ਪ੍ਰਾਪਤ ਕਰਨ ਦੇ ਲਈ ਉਸਦੇ ਅਧਿਕਾਰਾਂ ਨੂੰ ਸੁਨਿਸ਼ਚਿਤ ਕਰੇ। ਭਾਰਤੀ ਸੰਵਿਧਾਨ ਦੇ ਮੋਲਿਕ ਅਧਿਕਾਰਾਂ ਵਿੱਚ ਭਾਰਤੀ ਨਾਗਰਿਕਾਂ ਨੂੰ ਸਮਤਾ, ਸੁਤੰਤਰਤਾ, ਸ਼ੋਸ਼ਣ-ਵਿਰੋਧ, ਧਾਰਮਿਕ ਸੁਤੰਤਰਤਾ, ਸੰਸਕ੍ਰਿਤੀ ਅਤੇ ਸਿੱਖਿਆ ਅਤੇ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਪ੍ਰਦਾਨ ਕਰਦਾ ਹੈ ਪ੍ਰੰਤੂ ਹਕੀਕਤ ਵਿੱਚ ਭਾਰਤ ਵਿੱਚ ਮਨੁਖੀ ਅਧਿਕਾਰਾਂ ਦਾ ਅਨੰਦ ਸਿਰਫ ਕੁੱਝ ਵਰਗ ਅਤੇ ਲੋਕ ਹੀ ਮਾਣ ਰਹੇ ਹਨ। ਭਾਰਤ ਵਿੱਚ ਲੱਗਭੱਗ 70 ਫੀਸਦੀ ਜਨਤਾ ਪਿੰਡਾਂ ਵਿੱਚ ਅੱਜ ਵੀ ਬਿਜਲੀ ਦਾ ਮਤਲਬ ਲੱਭ ਰਹੀ ਹੈ। ਪੀਣ ਦਾ ਸਾਫ ਪਾਣੀ ਨਹੀਂ ਹੈ, ਜਿਸਦੇ ਕਾਰਨ ਹਜ਼ਾਰਾਂ ਬੱਚੇ ਡਾਇਰੀਆਂ ਦਾ ਸ਼ਿਕਾਰ ਹੋ ਰਹੇ ਹਨ। ਜਿੱਥੇ ਗਰਿਮਾਪੂਰਨ ਜੀਵਨ ਦੀ ਤਲਾਸ਼ ਵਿੱਚ ਕਰਜ਼ ਵਿੱਚ ਡੁੱਬੇ ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ। ਉਥੇ ਅਧਿਕਾਰਾਂ ਦੀ ਗੱਲ ਕਰਨ ਕੋਣ ਆਵੇਗਾ। ਸਰਕਾਰ ਦੇ ਲਈ ਇਹੀ ਕਾਫੀ ਹੈ ਕਿ ਉਸਨੇ ਦੇਸ਼ ਨਿਯਮ, ਕਾਨੂੰਨਾਂ ਦਾ ਢੇਰ ਲਗਾ ਦਿੱਤਾ ਹੈ, ਪਰ ਕੀ ਸਿਰਫ ਨਿਯਮ ਨਾਲ ਕਿਸੇ ਦੇ ਘਰ ਦਾ ਦੀਵਾ ਜੱਗਿਆ ਹੈ? ਕੀ ਕੋਈ ਪੜ੍ਹ ਲਿਖ ਪਾਇਆ ਹੈ? ਛੋਟੀ ਉਮਰ ਦੇ ਬੱਚੇ ਜਿਹਨਾਂ ਦੀ ਪੜ੍ਹਨ-ਲਿਖਣ ਦੀ ਉਮਰ ਹੈ ਉਹ ਮਜ਼ਬੂਰ ਹੋ ਕੇ ਹੋਟਲਾਂ ਅਤੇ ਢਾਬਿਆਂ ਤੇ ਕੰਮ ਕਰਨ ਲਈ ਮਜ਼ਬੂਰ ਹਨ। ਕੀ ਸਰਕਾਰ ਅਸਲ ਵਿੱਚ ਬਾਲ ਮਜ਼ਦੂਰੀ ਰੋਕ ਸਕੀ ਹੈ? ਕੀ ਇਸਨੂੰ ਰੋਕਣ ਵਿੱਚ ਜਨਤਾ ਨੇ ਸਰਕਾਰ ਦਾ ਸਾਥ ਦਿੱਤਾ ਹੈ। ਸਰਕਾਰ ਦਾ ਮੰਨਣਾ ਹੈ ਕਿ ਸ਼ਹਿਰ ਵਿੱਚ ਰਹਿਣ ਵਾਲਾ 32 ਰੁਪਏ ਅਤੇ ਪਿੰਡਾਂ ਵਿੱਚ ਰਹਿਣ ਵਾਲਾ 26 ਰੁਪਏ ਵਿੱਚ ਖਰਚਾ ਰੋਜ਼ ਚਲਾ ਸਕਦਾ ਹੈ। ਇਹ ਗੱਲ ਹੋਰ ਹੈ ਕਿ ਨੇਤਾਵਾਂ ਨੂੰ ਖੁਦ ਦਾ ਭੱਤਾ ਘੱਟ ਲੱਗਦਾ ਹੈ। ਘਰੇਲੂ ਹਿੰਸਾ ਅਧਿਨਿਯਮ ਬਣਾ ਦਿੱਤਾ ਗਿਆ ਪਰ ਮਹਿਲਾਵਾਂ ਨੂੰ ਨਾ ਜਲਦੀ ਨਿਆਂ ਮਿਲ ਰਿਹਾ ਹੈ ਅਤੇ ਇੱਕ ਵਾਰ ਸ਼ਕਾਇਤ ਕਰਨ ਤੋਂ ਬਾਅਦ ਉਸਦੀ ਹਾਲਤ ਹੋਰ ਖਰਾਬ ਹੋ ਜਾਂਦੀ ਹੈ। ਦੇਸ਼ ਦੇ ਨੌਜ਼ਵਾਨ, ਗਰੀਬ ਕਿਸਾਨ ਅਤੇ ਹੋਰ ਕਮਜ਼ੋਰ ਲੋਕ ਜਦੋਂ ਆਪਣੇ ਹੱਕਾਂ ਦੀ ਲੜਾਈ ਲਈ ਸੜਕਾਂ ਤੇ ਉਤਰਦੇ ਹਨ ਤਾਂ ਉਹਨਾਂ ਨੂੰ ਡੰਡਿਆਂ ਨਾਲ ਕੁਚਲ ਦਿੱਤਾ ਜਾਂਦਾ ਹੈ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਹੁਤ ਜ਼ਿਆਦਾ ਚੰਗੀ ਨਹੀਂ ਕਹੀ ਜਾ ਸਕਦੀ ਹੈ। ਮੀਡੀਆ ਦੁਆਰਾ ਸਮੇਂ-ਸਮੇਂ ਤੇ ਸ਼ੋਸ਼ਣ ਦੇ ਵਿਭਿੰਨ ਰੂਪਾਂ ਬਾਰੇ ਦੱਸਿਆ ਜਾਂਦਾ ਹੈ ਜਿਵੇਂ ਮਹਿਲਾਵਾਂ ਅਤੇ ਨਾਬਾਲਿਗ ਬੱਚੀਆਂ ਦੇ ਨਾਲ ਬਲਾਤਕਾਰ, ਬਾਲ ਮਜ਼ਦੂਰੀ ਨੂੰ ਉਤਸ਼ਾਹਿਤ ਕਰਨਾ, ਹਿਰਾਸਤ ਵਿੱਚ ਮੌਤਾਂ, ਸੁਰੱਖਿਆ ਬਲਾ ਦੁਆਰਾ ਗੈਰਜ਼ਰੂਰੀ ਦਖਲ ਅੰਦਾਜ਼ੀ ਆਦਿ। ਅੰਤਰਰਾਸ਼ਟਰੀ ਪੱਧਰ ਤੇ ਅਕਸਰ ਮਨੁੱਖੀ ਅਧਿਕਾਰਾਂ ਦੀ ਸਥਿਤੀ ਨੂੰ ਲੈ ਕੇ ਭਾਰਤ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਇੱਥੇ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹਨ। ਭਾਰਤ ਲੋਕ ਪੱਖੀ ਕਾਨੂੰਨ ਬਣਾਉਣ ਵਿੱਚ ਅਕਸਰ ਹੀ ਅੱਗੇ ਰਹਿੰਦਾ ਹੈ ਪਰ ਇਹਨਾਂ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਸਾਡੀਆਂ ਸਰਕਾਰਾਂ ਅਕਸਰ ਪਿੱਛੇ ਹੀ ਰਹਿੰਦੀਆਂ ਹਨ। ਸਾਡੇ ਸੰਵਿਧਾਨ ਵਿੱਚ ਹੀ ਮਨੁਖੀ ਅਧਿਕਾਰਾਂ ਦਾ ਜ਼ਿਕਰ ਕੀਤਾ ਹੈ ਅਤੇ ਇਨ੍ਹਾ ਅਧਿਕਾਰਾਂ ਦੀ ਸੁਰੱਖਿਆ ਯਕਿਨੀ ਬਣਾਉਣ ਲਈ ਕਿਹਾ ਹੈ। ਸਾਡੇ ਦੇਸ਼ ਵਿੱਚ 1993 ਵਿੱਚ ਹਿਊਮਨ ਰਾਇਟਸ ਐਕਟ ਅਧੀਨ ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਦੀ ਸਥਾਪਨਾ ਕੀਤੀ ਗਈ ਤਾਂ ਜੋ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲਿਆਂ ਨੂੰ ਸੱਖਤੀ ਨਾਲ ਨਜਿਠਿਆ ਜਾ ਸਕੇ। ਇਸਤੋਂ ਬਾਦ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਵੀ ਮਨੁਖੀ ਅਧਿਕਾਰ ਆਯੋਗਾਂ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਅਪਣੇ ਅਪਣੇ ਅਧਿਕਾਰ ਖੇਤਰ ਵਾਲੇ ਰਾਜਾਂ ਵਿੱਚ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਸਬੰਧੀ ਮਾਮਲਿਆਂ ਨੂੰ ਵੇਖਦੇ ਹਨ ਅਤੇ ਸਮੇਂ ਸਮੇਂ ਤੇ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਨੂੰ ਇਸ ਸਬੰਧੀ ਜਰੂਰੀ ਹਦਾਇਤਾਂ ਵੀ ਜਾਰੀ ਕਰਦੇ ਹਨ। ਹਰ ਸਰਕਾਰ ਵਲੋਂ ਇਹ ਦਾਅਵੇ ਕੀਤੇ ਜਾਂਦੇ ਹਨ ਕਿ ਉਸਦੇ ਰਾਜ ਵਿੱਚ ਜਨਤਾ ਨੂੰ ਕੋਈ ਸਮੱਸਿਆ ਨਹੀਂ ਹੈ ਅਤੇ ਸਾਰੇ ਲੋਕ ਸੁਖੀ ਸ਼ਾਂਤੀ ਰਹਿੰਦੇ ਹਨ। ਸਰਕਾਰ ਦਾ ਇਹ ਦਾਅਵਾ ਹੁੰਦਾ ਹੈ ਕਿ ਕਿਸੇ ਵੀ ਵਿਅਕਤੀ ਦੇ ਅਧਿਕਾਰਾਂ ਦੀ ਉਲੰਘਣਾਂ ਨਹੀਂ ਹੋ ਰਹੀ ਹੈ ਅਤੇ ਜੇਕਰ ਕੋਈ ਵਿਅਕਤੀ ਜਾਂ ਸੰਸਥਾ ਕਿਸੇ ਵਿਅਕਤੀ ਦੇ ਅਧਿਕਾਰਾਂ ਤੇ ਡਾਕਾ ਮਾਰਨ ਦੀ ਕੋਸਿਸ਼ ਕਰਦਾ ਹੈ ਤਾਂ ਉਸ ਖਿਲਾਫ ਬਣਦੀ ਕਨੂੰਨੀ ਕਾਰਵਾਈ ਕੀਤੀ ਜਾਂਦੀ ਹੈ। ਭਾਰਤ ਵਿੱਚ ਮਨੁਖੀ ਅਧਿਕਾਰ ਆਯੋਗ ਦੀ ਸਥਾਪਨਾ ਸਾਲ 1993 ਤੋਂ ਬਾਦ ਦੋ ਦਹਾਕਿਆਂ ਦੌਰਾਨ ਸਾਲ 2013 ਤੱਕ ਹੀ ਲੱਗਭੱਗ 12 ਲੱਖ 84 ਹਜਾਰ 856 ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਮਨੁਖੀ ਅਧਿਕਾਰ ਆਯੋਗ ਦੇ ਸਾਹਮਣੇ ਆਏ ਹਨ ਜਿਨ੍ਹਾਂ ਵਿਚੋਂ 12 ਲੱਖ 59 ਹਜਾਰ 106 ਮਾਮਲਿਆਂ ਦਾ ਨਿਪਟਾਰਾ ਕੀਤਾ ਗਿਆ ਹੈ। ਰਾਸ਼ਟਰੀ ਮਨੁਖੀ ਅਧਿਕਾਰ ਆਯੋਗ ਵਲੋਂ ਜਾਰੀ ਰਿਪੋਰਟ ਅਨੁਸਾਰ ਮਨੁਖੀ ਅਧਿਕਾਰਾਂ ਦੀ ਵੱਧ ਉਲੰਘਣਾ ਵਾਲੇ 10 ਰਾਜਾਂ ਵਿੱਚ ਸਭਤੋਂ ਵੱਧ ਮਾਮਲੇ ਦੇਸ਼ ਦੇ ਮਿੰਨੀ ਭਾਰਤ ਮੰਨੇ ਜਾਂਦੇ ਉਤਰੱ ਪ੍ਰਦੇਸ਼ ਤੋਂ ਆਏ ਹਨ ਜਿੱਥੋਂ 714477 ਮਾਮਲੇ ਦਰਜ ਕੀਤੇ ਗਏ ਹਨ, ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ 85009 ਮਾਮਲੇ, ਬਿਹਾਰ 65837, ਹਰਿਆਣਾ 56134, ਰਾਜਸਥਾਨ 43163, ਮਹਾਂਰਾਸਟਰ 42101, ਮੱਧ ਪ੍ਰਦੇਸ 40515, ਉਤਰਾਖੰਡ 31137, ਤਾਮਿਲਨਾਡੂ 29002, ਉੜੀਸਾ 25201 ਵਿੱਚ ਦਰਜ਼ ਕੀਤੇ ਗਏ ਹਨ। ਮਨੁਖੀ ਅਧਿਕਾਰ ਕੋਲ ਆਏ ਮਾਮਲਿਆਂ ਵਿਚੋਂ 207081 ਮਾਮਲੇ ਕਨੂੰਨੀ ਕਾਰਵਾਈ ਨਾਂ ਕਰਨ, 99577 ਪੁਲਿਸ ਦੁਆਰਾ ਸ਼ਕਤੀ ਦੀ ਦੁਰਵਰਤੋਂ ਕਰਨ, 70703 ਪੁਲਿਸ ਦੁਆਰਾ ਗੱਲਤ ਅਤੇ ਝੂਠੇ ਮਾਮਲੇ ਦਰਜ਼ ਕਰਨ ਆਦਿ ਸਬੰਧੀ ਦਰਜ਼ ਕੀਤੇ ਗਏ ਹਨ। ਮਨੁਖੀ ਅਧਿਕਾਰ ਆਯੋਗ ਵਲੋਂ ਹੁਣ ਤੱਕ 3483 ਮਾਮਲਿਆਂ ਵਿੱਚ 84 ਕਰੋੜ 57 ਲੱਖ 18 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦੀਆਂ ਸ਼ਿਫਾਰਿਸ਼ਾਂ ਕੀਤੀਆਂ ਗਈਆਂ ਹਨ। ਅੱਜ ਦੇਸ ਦਾ ਕੋਈ ਵੀ ਸੂਬਾ ਅਤੇ ਭਾਗ ਅਜਿਹਾ ਨਹੀਂ ਹੈ ਜਿੱਥੇ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਸਾਹਮਣੇ ਨਾਂ ਆ ਰਹੇ ਹੋਣ। ਜੇਕਰ ਇਨ੍ਹਾਂ ਅੰਕੜਿਆਂ ਨੂੰ ਵੇਖੀਏ ਤਾਂ ਦਰਜ ਹੋਏ ਮਾਮਲਿਆਂ ਵਿੱਚ ਗੁੰਮਸ਼ੁਦਗੀ, ਝੂਠੇ ਮਾਮਲਿਆਂ ਵਿੱਚ ਨਜਾਇਜ ਫਸਾਉਣ, ਪੁਲਿਸ ਹਿਰਾਸਤ ਵਿੱਚ ਕੁੱਟਮਾਰ, ਗੈਰ ਕਨੂੰਨੀ ਗਰਿਫਤਾਰੀ, ਫਰਜ਼ੀ ਮੁਠਭੇੜ, ਪੁਲਿਸ ਜਿਆਦਤੀਆਂ, ਮਹਿਲਾਵਾਂ ਦੀ ਬੇਇਜਤੀ, ਯੋਨ ਸ਼ੋਸਣ, ਅਪਹਰਣ, ਬਲਾਤਕਾਰ, ਦਾਜ ਲਈ ਮਾਰਨਾ ਅਤੇ ਅਤਿਆਚਾਰ, ਬਾਲ ਮਜਦੂਰੀ, ਬਾਲ ਵਿਆਹ, ਬੰਧੂਆ ਮਜਦੂਰੀ, ਕੈਦੀਆਂ ਨਾਲ ਅਤਿਆਚਾਰ, ਜੇਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ, ਅਨੂਸੂਚਿਤ ਜਾਤਾਂ ਅਤੇ ਅਨੂਸੂਚਿਤ ਜਨਜਾਤਾਂ ਦੇ ਲੋਕਾਂ ਨਾਲ ਅਤਿਆਚਾਰ, ਸੰਪਰਦਾਇਕ ਹਿੰਸਾ ਆਦਿ ਦੇ ਮਾਮਲਿਆਂ ਦੀ ਗਿਣਤੀ ਵੱਧ ਹੈ। ਪੰਜਾਬ ਜੋ ਕਿ ਇੱਕ ਵਿਕਸਿਤ ਸੂਬਾ ਕਹਾਂਉਦਾ ਹੈ ਵਿੱਚ ਮਾਰਚ 1997 ਨੂੰ ਮਨੁਖੀ ਅਧਿਕਾਰ ਆਯੋਗ ਬਣਾਇਆ ਗਿਆ ਸੀ। ਜੇਕਰ ਇਸ ਆਯੋਗ ਦੀਆਂ ਪਿਛਲੇ ਸਮੇਂ ਦੀਆਂ ਰਿਪੋਰਟਾਂ ਵੇਖੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਵਿੱਚ ਵੀ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਲਗਾਤਾਰ ਵਧਦੇ ਜਾ ਰਹੇ ਹਨ। ਪੰਜਾਬ ਰਾਜ ਮਨੁਖੀ ਅਧਿਕਾਰ ਆਯੋਗ ਵਲੋਂ ਜਾਰੀ ਰਿਪੋਰਟ ਅਨੁਸਾਰ ਪੰਜਾਬ ਵਿੱਚ 131307 ਸ਼ਕਾਇਤਾਂ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਰਜ ਹੋਈਆਂ ਹਨ। ਸਭ ਤੋਂ ਵੱਧ 17144 ਸ਼ਕਾਇਤਾਂ 2005 ਵਿੱਚ ਦਰਜ ਕੀਤੀਆਂ ਗਈਆਂ। ਪੰਜਾਬ ਵਿੱਚ ਮਨੁੱਖੀ ਅਧਿਕਾਰ ਆਯੋਗ ਦੇ ਰਿਕਾਰਡ ਅਨੁਸਾਰ ਸਭ ਤੋਂ ਵੱਧ 73246 ਸ਼ਕਾਇਤਾਂ ਪੁਲਿਸ ਖਿਲਾਫ ਪ੍ਰਾਪਤ ਹੋਈਆਂ ਹਨ ਅਤੇ ਨਿਆਂਪਾਲਿਕਾਂ ਖਿਲਾਫ ਵੀ 558 ਸ਼ਕਾਇਤਾਂ ਪ੍ਰਾਪਤ ਹੋਈਆਂ ਹਨ। ਜੇਲਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ 2931 ਸ਼ਕਾਇਤਾਂ ਪ੍ਰਾਪਤ ਹੋਈਆਂ ਹਨ ਜਦਕਿ ਮਹਿਲਾਵਾਂ ਸਬੰਧੀ 4243 ਸ਼ਕਾਇਤਾਂ ਪ੍ਰਾਪਤ ਹੋਈਆਂ ਹਨ। ਇਨ੍ਹਾ ਰਿਪੋਰਟਾਂ ਨੂੰ ਵੇਖਕੇ ਪਤਾ ਚਲਦਾ ਹੈ ਕਿ ਪੰਜਾਬ ਵਿੱਚ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਵਧਦੇ ਜਾ ਰਹੇ ਹਨ ਅਤੇ ਸਭਤੋਂ ਵੱਧ ਮਾਮਲੇ ਹੱਕਾਂ ਦੀ ਰਾਖੀ ਕਰਨ ਵਾਲੀ ਪੁਲਿਸ ਦੇ ਹੀ ਖਿਲਾਫ ਹਨ। ਲੋਕ ਰਾਜ ਅਤੇ ਮਨੁੱਖੀ ਅਧਿਕਾਰਾਂ ਦਾ ਆਪਸ ਵਿੱਚ ਬੜਾ ਨਜ਼ਦੀਕੀ ਰਿਸ਼ਤਾ ਹੈ। ਮਨੁੱਖੀ ਅਧਿਕਾਰਾਂ ਤੋਂ ਬਾਂਝਾ ਦੇਸ਼ ਆਪਣੇ-ਆਪ ਨੂੰ ਹੋਰ ਕੁਝ ਵੀ ਅਖਵਾ ਸਕਦਾ ਹੈ ਪਰ ਲੋਕ ਰਾਜ ਜਾਂ ਜਮੂਹਰੀ ਦੇਸ਼ ਨਹੀਂ ਅਖਵਾ ਸਕਦਾ। ਸਰਕਾਰ ਨੂੰ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਅਤੇ ਕੰਮ ਕਰਨ ਦੀ ਜਰੂਰਤ ਹੈ ਤਾਂ ਜੋ ਰਾਜ ਵਿੱਚ ਅਤੇ ਦੇਸ ਵਿੱਚ ਹਰ ਵਿਅਕਤੀ ਦੇ ਮੁਢਲੇ ਮਨੁਖੀ ਅਧਿਕਾਰ ਸੁਰਖਿਅਤ ਰਹਿ ਸਕਣ ਅਤੇ ਦੇਸ਼ ਲੋਕਤੰਤਰਿਕ ਕਦਰਾਂ ਕੀਮਤਾਂ ਦੀ ਰੱਖਿਆ ਕਰਕੇ ਵਿਕਸਿਤ ਦੇਸ਼ਾਂ ਦੀ ਲਾਇਨ ਵਿੱਚ ਸ਼ਾਮਿਲ ਹੋ ਸਕੇ।




# ਅਮਰੀਕਾ ਦਾ ਬਾਰਡਰ ਪਾਰ ਕਰਦੇ ਪੰਜਾਬੀ ਨੌਜਵਾਨਾਂ ਦਾ ਥਹੁ ਪਤਾ ਨਹੀਂ ਲਗ ਰਿਹਾ-ਸਤਨਾਮ ਸਿੰਘ ਚਾਹਲ

**ਮਿਲਪੀਟਸ (ਕੈਲੀਫੋਰਨੀਆ)-** ਮੈਕਸੀਕੋ ਦੇ ਰਸਤੇ ਰਾਹੀਂ ਅਮਰੀਕਾ ਦਾ ਬਾਰਡਰ ਪਾਰ ਕਰਦੇ ਪੰਜ ਪੰਜਾਬੀ ਨੌਜਵਾਨਾਂ ਦਾ ਪਿਛਲੇ ਲਗਭਗ ਪੰਜ ਸਾਲਾਂ ਤੋਂ ਕੋਈ ਥਹੁ ਪਤਾ ਨਹੀਂ ਚਲ ਰਿਹਾ ਜਿਸ ਕਾਰਣ ਇਹਨਾਂ ਪੰਜਾਬੀ ਨੌਜਵਾਨਾਂ ਦੇ ਪਰਿਵਾਰ ਡੂੰਘੇ ਸਦਮੇ ਵਿਚ ਹਨ। ਇਸ ਗਲ ਦੀ ਜਾਣਕਾਰੀ ਦਿੰਦਿੰਆਂ ਇਥੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਕਾਰਜ ਕਾਰੀ ਡਾਇਰੈਕਟਰ ਸ: ਸਤਨਾਮ ਸਿੰਘ ਚਾਹਲ ਨੇ ਦਸਿਆ ਕਿ ਇਹਨਾਂ ਨੌਜਵਾਨਾਂ ਵਿਚ ਹਰਸਿਮਰਜੀਤ ਸਿੰਘ ਪਿੰਡ ਧਾਲੀਵਾਲ ਬੇਟ ਜਿਲਾ ਕਪੂਰਥਲਾ, ਅਮਰਜੀਤ ਸਿੰਘ ਨਿਊ ਦਿਉਲ ਨਗਰ ਜਲੰਧਰ, ਚਰਨਜੀਤ ਸਿੰਘ ਪੱਤੀ ਆਲਮਗੀਰ ਕਾਲਾ ਸੰਘਿਆਂ ਜਿਲਾ ਕਪੂਰਥਲਾ, ਮਨਜੀਤ ਸਿੰਘ ਪਿੰਡ ਟੱਪਰੀਆਂ ਤਹਿਸੀਲ ਸ਼੍ਰੀ ਚਮਕੌਰ ਸਾਹਿਬ ਤੇ ਰਵਿੰਦਰ ਸਿੰਘ ਪਿੰਡ ਬਹਿਰਾਮ-ਪੁਰ ਬੇਟ ਤਹਿਸੀਲ ਸ਼੍ਰੀ ਚਮਕੌਰ ਸਾਹਿਬ ਦੇ ਨਾਮ ਸ਼ਾਮਲ ਹਨ। ਸ: ਚਾਹਲ ਨੇ ਦਸਿਆ ਕਿ ਜਿਸ ਦਿਨ ਤੋਂ ਪੀੜਤ ਪਰਿਵਾਰਾਂ ਨੇ ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ ਦੇ ਦਫਤਰ ਨਾਲ ਸਹਾਇਤਾ ਲਈ ਸੰਪਰਕ ਕਾਇਮ ਕੀਤਾ ਹੈ ਉਸੇ ਹੀ ਦਿਨ ਤੋਂ ਉਹ ਅਮਰੀਕਾ ਦੇ ਇੰਮੀਗਰੇਸ਼ਨ ਤੇ ਕਸਟਮ ਇੰਨਫਰਸਮੈਂਟ ਵਿਭਾਗ ਦੇ ਅਧਿਕਾਰੀਆਂ ਨਾਲ ਲਗਾਤਾਰ ਇਹਨਾਂ ਨੌਜਵਾਨਾਂ ਨੂੰ ਲੱਭਣ ਲਈ ਸੰਪਰਕ ਬਣਾ ਕੇ ਰਖਿਆ ਹੋਇਆ ਹੈ ਲੇਕਿਨ ਅਜੇ ਤਕ ਇਹਨਾਂ ਨੌਜਵਾਨਾਂ ਬਾਰੇ ਕੋਈ ਜਾਣਕਾਰੀ ਪਰਾਪਤ ਨਹੀਂ ਹੋ ਸਕੀ। ਸ: ਚਾਹਲ ਨੇ ਦਸਿਆ ਕਿ ਪੀੜਤ ਪਰਿਵਾਰਾਂ ਨੇ ਉਹਨਾਂ ਨੂੰ ਲਿਖਤੀ ਤੌਰ ਤੇ ਇਸ ਗਲ ਦੀ ਜਾਣਕਾਰੀ ਦਿਤੀ ਹੈ ਕਿ ਪੰਜਾਬ ਪੁਲੀਸ ਦੇ ਅਧਿਕਾਰੀ ਇਹਨਾਂ ਨੌਝਵਾਨਾਂ ਨੂੰ ਗੁੰਮ ਕਰਨ ਵਾਲੇ ਤੇ ਉਹਨਾਂ ਕੋਲੋਂ ਲੱਖਾਂ ਰੂਪੈ ਹੜੱਪ ਕਰਨ ਵਾਲੇ ਏਜੰਟਾਂ ਨੂੰ ਗ੍ਰਿਫਤਾਰ ਕਰਨ ਦੀ ਬਜਾਏ ਉਹਨਾਂ ਨੂੰ ਹੀ ਡਰਾ ਧਮਕਾ ਰਹੀ ਹੈ।ਸ: ਚਾਹਲ ਨੇ ਪੰਜਾਬ ਦੇ ਮੁਖ ਮੰਤਰੀ ਸ: ਪਰਕਾਸ਼ ਸਿੰਘ ਬਾਦਲ ਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਲਿਖੇ ਗਏ ਵੱਖ ਵੱਖ ਪਤਰਾਂ ਰਾਹੀਂ ਮੰਗ ਕੀਤੀ ਹੈ ਕਿ ਉਹ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗਰਿਫਤਾਰ ਕਰਕੇ ਪੀੜਤ ਪਰਿਵਾਰਾਂ ਨੂੰ ਇਨਸਾਫ ਦੇਣ ਲਈ ਤੁਰੰਤ ਕਾਰਵਾਈ ਕਰਨ।



(ਉੱਪਰ ਖੱਬਿਉਂ ਸੱਜੇ) ਅਮਰਜੀਤ ਸਿੰਘ ਹਰਸਿਮਰਨਜੀਤ ਸਿੰਘ ਦੀਆਂ ਤਸਵੀਰਾਂ ਅਤੇ ਚਰਨਜੀਤ ਸਿੰਘ ਦਾ ਪਰਿਵਾਰ ਉਸਦੀ ਤਸਵੀਰ ਦਿਖਾਉਂਦਾ ਹੋਇਆ। (ਹੇਠਾਂ) ਮਨਜੀਤ ਸਿੰਘ ਤੇ ਰਵਿੰਦਰ ਸਿੰਘ ਦੇ ਪਰਿਵਾਰ ਉਨ੍ਹਾਂ ਦੀਆਂ ਤਸਵੀਰਾਂ ਦਿਖਾਉਂਦੇ ਹੋਏ

# ਸਹਿਣਸ਼ੀਲ ਕਹਾਉਣ ਵਾਲ਼ੇ ਅਸਹਿਣਸ਼ੀਲ ਕਿਉਂ ਹਨ?

(ਸਫਾ 19 ਦੀ ਬਾਕੀ)

ਦੀ ਪਹਿਲੀ ਜਿੱਤ ਗਰਦਾਨਦਿਆਂ ਸਿੱਖਾਂ ਨੂੰ ਵਧਾਈ ਦਿੱਤੀ ਸੀ। ਕਾਂਗਰਸ ਦੇ ਆਗੂ ਲਾਲਾ ਲਾਜਪਤ ਰਾਏ ਨੇ ਸਿੱਖਾਂ ਨੂੰ ਫੂਕ ਛਕਾਉਂਦਿਆਂ ਕਿਹਾ ਸੀ ਕਿ ਹਿੰਦੂ ਤਾਂ ਡਰਪੋਕ ਗਿੱਦੜਾਂ ਵਾਂਗ ਹਨ ਅਤੇ ਸਿੱਖ ਸ਼ੇਰਾਂ ਵਾਂਗ ਹਨ। ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨਾ਼ਲ ਵਾਅਦਾ ਕਰਦਿਆਂ ਕਿਹਾ ਸੀ ਕਿ ਜਦੋਂ ਅਜ਼ਾਦੀ ਆਏਗੀ ਤਾਂ ਦੇਸ਼ ਵਿੱਚ ਸਿੱਖਾਂ ਨੂੰ ਅਜ਼ਾਦੀ ਨਾ਼ਲ ਸਾਹ ਲੈਣ ਲਈ ਇੱਕ ਵੱਖਰਾ ਖਿੱਤਾ ਦਿੱਤਾ ਜਾਵੇਗਾ। ਜਦੋਂ 1947 ਵਿੱਚ ਅੰਗਰੇਜ਼ ਭਾਰਤ ਛੱਡ ਕੇ ਚਲੇ ਗਏ ਤਾਂ ਬਾਅਦ ਵਿੱਚ ਸਿੱਖਾਂ ਨੇ ਜਦੋਂ ਨਹਿਰੂ ਜੀ ਨੂੰ ਉਹਨਾਂ ਦਾ ਕੀਤਾ ਹੋਇਆ ਵਾਅਦਾ ਯਾਦ ਕਰਾਇਆ ਤਾਂ ਨਹਿਰੂ ਜੀ ਦਾ ਉੱਤਰ ਸੀ ਕਿ ਹੁਣ ਹਾਲਾਤ ਬਦਲ ਗਏ ਹਨ। ਭਾਵ ਕਿ ਉਹਨਾਂ ਨੇ ਸਿੱਖਾਂ ਤੋਂ ਕੰਮ ਲੈ ਲਿਆ ਹੈ ਤੇ ਹੁਣ ਉਹਨਾਂ ਨੂੰ ਸਿੱਖਾਂ ਦੀ ਹਮਾਇਤ ਦੀ ਜ਼ਰੂਰਤ ਨਹੀਂ ਰਹੀ। ਇਸ ਲਈ ਹੁਣ ਸਿੱਖ ਦੜ ਵੱਟ ਕੇ ਸਮਾਂ ਲੰਘਾਉਣ ਦੀ ਕਰਨ ਅਤੇ ਉਹਨਾਂ ਦੁਆਰਾ ਕੀਤੇ ਵਾਅਦੇ ਯਾਦ ਨਾ ਕਰਵਾਏ ਜਾਣ। ਜਦੋਂ 1978 ਵਿੱਚ ਸਿੱਖਾਂ ਨੇ ਆਪਣੀਆਂ ਮੰਗਾਂ ਲਈ ਸੰਘਰਸ਼ ਸ਼ੁਰੂ ਕੀਤਾ ਤਾਂ ਉਹਨਾਂ ਨੂੰ ਬੇਰਹਿਮੀ ਨਾ਼ਲ ਕੁਚ਼ਲ ਦਿੱਤਾ ਗਿਆ। ਹਜ਼ਾਰਾਂ ਹੀ ਸਿੱਖ ਨੌਜੁਆਨਾਂ ਦਾ ਇਸ ਸੰਘਰਸ਼ ਵਿੱਚ ਘਾਣ ਹੋਇਆ। ਅੱਜ ਵੀ ਸਿੱਖਾਂ ਦੇ ਜ਼ਖ਼ਮ ਤਾਜ਼ਾ ਹਨ। 84 ਦੇ ਕਤਲੇਆਮ ਦੇ ਪੀੜਤਾਂ ਨੂੰ 31 ਸਾਲ ਬਾਅਦ ਵੀ ਇਨਸਾਫ਼ ਨਹੀਂ ਮਿਲਿਆ। ਜੇਕਰ ਕੇਂਦਰ ਸਰਕਾਰ ਨੇ ਸਿੱਖਾਂ ਦੀ ਦੁਰਗਤੀ ਕੀਤੀ ਤਾਂ ਸਿੱਖਾਂ ਦੀ ਨੁਮਾਇੰਦਾ ਅਖਵਾਉਣ ਵਾ਼ਲੀ ਪਾਰਟੀ ਨੇ ਖ਼ੁਦ ਵੀ ਇਸਤੋਂ ਕੋਈ ਸਬਕ ਨਹੀਂ ਸਿੱਖਿਆ। ਅੱਜ ਜਦੋਂ ਸਧਾਰਨ ਸਿੱਖ ਅਕਾਲੀ ਸਰਕਾਰ ਦਾ ਵਿਰੋਧ ਕਰਦੇ ਹਨ ਤਾਂ ਅਕਾਲੀ ਦਲ ਦੇ ਯੂਥ ਵਰਕਰਾਂ ਵੱਲੋਂ ਉਹਨਾਂ ਨਾ਼ਲ ਬੁਰਾ ਸਲੂਕ ਕੀਤਾ ਜਾਂਦਾ ਹੈ। ਪੰਜਾਬ ਦੇ ਮੁੱਖ ਮੰਤਰੀ ਭਾਵੇਂ ਉੱਪਰੋਂ ਨਰਮਾਈ ਦਿਖਾਉਂਦੇ ਰਹਿਣ ਪਰ ਵਿਰੋਧ ਕਰਨ ਵਾ਼ਲੇ ਸਿੱਖਾਂ 'ਤੇ ਕੇਸ ਪਾ ਕੇ ਜੇਲ੍ਹਾਂ ਅੰਦਰ ਸੁੱਟਿਆ ਜਾਣ ਲੱਗਿਆ ਹੈ। ਇਸ ਤੋਂ ਜਾਪਦਾ ਹੈ ਕਿ ਭਾਜਪਾ ਨਾ਼ਲ ਗਠਜੋੜ ਹੋਣ ਕਾਰਨ ਅਕਾਲੀ ਦਲ ਵੀ ਆਰ.ਐਸ.ਐਸ. ਦੀ ਨੀਤੀ 'ਤੇ ਅਮਲ ਕਰ ਰਿਹਾ ਹੈ। ਪਰ ਸੰਘ ਦੀ ਇਹ ਨੀਤੀ ਸਦਾ ਸਫ਼ਲ ਰਹਿਣ ਵਾ਼ਲੀ ਨਹੀਂ। ਕਿਉਂਕਿ ਬਿਹਾਰ ਵਿੱਚ ਹਿੰਦੂ ਮੁੱਦਿਆਂ ਨੂੰ ਹਵਾ ਦੇ ਕੇ ਫਿਰਕੂ ਵਾਤਾਵਰਣ ਬਣਾਏ ਜਾਣ ਦੇ ਬਾਵਜੂਦ ਵੀ ਭਾਜਪਾ ਦੀ ਫੂਕ ਨਿੱਕ਼ਲ ਗਈ ਅਤੇ ਨਿਤੀਸ਼ ਕੁਮਾਰ ਤੇ ਲਾਲੂ ਸੱਤਾ ਵਿੱਚ ਆ ਗਏ। ਜੇਕਰ ਭਾਜਪਾ ਵਿਰੋਧੀ ਸਿਆਣਪ ਤੋਂ ਕੰਮ ਲੈਣ ਤਾਂ ਭਾਜਪਾ ਨੂੰ ਇਸ ਤਰ੍ਹਾਂ ਦੇ ਹਾਲਾਤਾਂ ਦਾ ਸਾਹਮਣਾ ਪੂਰੇ ਦੇਸ਼ ਵਿੱਚ ਵੀ ਕਰਨਾ ਪੈ ਸਕਦਾ ਹੈ। ਵੈਸੇ ਬਿਹਾਰ ਤੋਂ ਬਾਅਦ ਮੱਧ ਪ੍ਰਦੇਸ਼ ਵਿੱਚ ਲੋਕ ਸਭਾ ਦੀ ਜਿਮਨੀ ਚੋਣ 'ਚ ਭਾਜਪਾ ਦੀ ਹਾਰ ਨੇ ਅਗਲੇ ਸੰਕੇਤ ਦੇ ਦਿੱਤੇ ਹਨ।




# ਕਿਸੇ ਵੇਲੇ 1 ਕੁਇੰਟਲ ਦੀ ਹੋਇਆ ਕਰਦੀ ਸੀ ਜ਼ਰੀਨ

ਸਾਲ 2005 ਵਿਚ ਜਦੋਂ ਜ਼ਰੀਨ ਦਾ ਵਜਨ 100 ਕਿਲੋ ਸੀ ਤਾਂ ਉਹਨਾਂ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਉਹ ਅਭਿਨੇਤਰੀ ਬਣੇਗੀ। ਸਾਲ 2010 ਵਿਚ ਉਹਨਾਂ ਨੇ ਸਲਮਾਨ ਖਾਨ ਦੇ ਆਪੋਜਿਟ ਫਿਲਮ 'ਵੀਰ' ਵਿਚ ਡ੍ਰੀਮ ਰੋਲ ਕੀਤਾ। ਜਿਸ ਤੋਂ ਬਅਦ ਉਸਨੇ ਆਪਣਾ 30 ਕਿਲੋ ਵਜਨ ਘਟਾ ਲਿਆ ਪਰ ਇੰਨਾ ਕਾਫੀ ਨਹੀਂ ਸੀ।

ਜਰੀਨ ਨੂੰ ਆਪਣੇ ਵਧੇ ਹੋਏ ਵਜਨ ਦੇ ਲਈ ਕਾਫੀ ਆਲੋਚਨਾ ਸਹਿਣੀ ਪਈ ਸੀ। ਜਿਸ ਤੋਂ ਬਾਅਦ ਉਹਨਾਂ ਨੇ ਪਤਲਾ ਸਰੀਰ ਪ੍ਰਾਪਤ ਕਰਨ ਲਈ ਪਾਵਰ ਯੋਗਾ, ਕਾਰਡੀਓ ਬੂਟਕੈਂਪ ਅਤੇ ਸਪੈਸ਼ਨ ਵੇਟ ਲਾਸ ਟ੍ਰੇਨਿੰਗ ਲਈ। ਨਤੀਜਾ ਜਰੀਨ ਪਹਿਲਾਂ ਦੀ ਤੁਲਨਾ ਵਿਚ ਕਾਫੀ ਫਿੱਟ ਹੋ ਗਈ।

**ਮੀਡੀਆ ਲਈ ਘਟਾਇਆ ਵਜਨ**

ਇਕ ਇੰਟਰਵਿਊ ਦੇ ਦੌਰਾਨ ਜਰੀਨ ਨੇ ਕਿਹਾ ਸੀ, ਮੈਂ ਆਪਣਾ ਵਜਨ ਫਿਲਮਾਂ ਦੇ ਲਈ ਨਹੀਂ, ਬਲਕਿ ਮੀਡੀਆ ਦੇ ਲਈ ਘਟਾਇਆ ਹੈ ਕਿਉਂਕਿ ਤੁਸੀਂ ਸਾਰੇ ਮੈਨੂੰ ਬਹੁਤ ਕ੍ਰਿਟੀਸਾਈਜ ਕਰਦੇ ਸਨ।

ਵੈਸੇ ਜਰੀਨ ਤੋਂ ਇਲਾਵਾ ਬਾਲੀਵੁੱਡ ਵਿਚ ਅਜਿਹੇ ਹੋਰ ਵੀ ਕਈ ਸਟਾਰ ਹਨ ਜੋ ਪਹਿਲਾਂ ਓਵਰਵੇਟ ਹੋਇਆ ਕਰਦੇ ਸਨ ਪਰ ਫਿਲਮਾਂ ਵਿਚ ਆਉਣ ਦੇ ਲਈ ਉਹਨਾਂ ਨੇ ਆਪਣਾ ਲੁਕ ਬਦਲਿਆ।





**ਕਦੀ 86 ਕਿਲੋ ਦੀ ਹੋਇਆ ਕਰਦੀ ਸੀ ਸੋਨਮ**

ਅਨਿਲ ਕਪੂਰ ਦੀ ਲੜਕੀ ਸੋਨਮ ਦੀ ਗਿਣਤੀ ਬਾਲੀਵੁੱਡ ਦੀਆਂ ਸਲਿੱਮ ਅਭਿ-ਨੇਤਰੀਆਂ ਵਿਚ ਹੁੰਦੀ ਹੈ। ਇਸਦੇ ਲਈ ਉਹਨਾਂ ਨੇ 30 ਕਿਲੋ ਵਜਨ ਘੱਟ ਕੀਤਾ ਸੀ। ਫਿਲਮ ਸਾਂਵਰੀਆ ਵਿਚ ਜਦੋਂ ਸੋਨਮ ਆਈ ਸੀ, ਤਾਂ ਉਹਨਾਂ ਦਾ ਵਜਨ 86 ਕਿਲੋ ਸੀ। ਸੋਨਮ ਅੱਜਕਲ੍ਹ ਨਾ ਸਿਰਫ ਬਾਲੀਵੁੱਡ ਦੀ ਸਭ ਤੋਂ ਫਿੱਟ ਅਭਿਨੇਤਰੀ ਹੈ, ਬਲਕਿ ਉਹਨਾਂ ਦੀ ਡ੍ਰੈਸ ਸੈਂਸ ਦੀ ਵੀ ਕਾਫੀ ਤਾਰੀਫ ਹੁੰਦੀ ਹੈ।



**ਘੱਟ ਕੀਤਾ 16 ਕਿਲੋ ਵਜਨ**

ਫੋਟੋ ਨੂੰ ਦੇਖ ਕੇ ਇਸ ਗੱਲ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੋ ਆਲੀਆ ਹੁਣ ਇੰਨੀ ਖੂਬਸੂਰਤ ਦਿਖਾਈ ਦਿੰਦੀ ਹੈ, ਉਹ ਕਦੀ ਮੋਟੀ ਹੋਇਆ ਕਰਦੀ ਸੀ। ਫਿਲਮਾਂ ਵਿਚ ਆਉਣ ਦੇ ਲਈ ਉਹਨਾਂ ਨੇ ਤਿੰਨ ਮਹੀਨੇ ਵਿਚ 16 ਕਿਲੋ ਵਜਨ ਘੱਟ ਕੀਤਾ ਸੀ। ਆਲੀਆ ਨੇ ਆਪਣੇ ਫਿਲਮੀ ਕੈਰੀਅਰ ਦੀ ਸ਼ੁਰੂਆਤ ਸਟੂਡੈਂਟ ਆਫ ਦਾ ਈਅਰ ਫਿਲਮ ਤੋਂ ਕੀਤੀ ਸੀ। ਫਿਲਮ ਵਿਚ ਉਹਨਾਂ ਨੇ ਬਿਕਨੀ ਸੀਨ ਵੀ ਦਿੱਤਾ ਸੀ, ਜੋ ਦਰਸ਼ਕਾਂ ਨੂੰ ਪਸੰਦ ਆਇਆ ਸੀ।



**ਘਟਾਇਆ 30 ਕਿਲੋ ਵਜਨ**

ਸੋਨਾਕਸ਼ੀ ਸਿਨਹਾ ਪਹਿਲਾਂ ਬਹੁਤ ਮੋਟੀ ਹੋਇਆ ਕਰਦੀ ਸੀ ਪਰ ਹੁਣ ਉਹ ਬੇਹੱਦ ਸਟਾਈਲਿਸ਼ ਅਤੇ ਗਲੈਮਰਸ ਨਜ਼ਰ ਆਉਂਦੀ ਹੈ। ਇਸ ਦੇ ਲਈ ਉਹਨਾਂ ਨੇ 5, 10 ਨਹੀਂ ਬਲਕਿ ਪੂਰਾ 30 ਕਿਲੋ ਵਜਨ ਘਟਾਇਆ ਸੀ।

ਸਲਮਾਨ ਖਾਨ ਦੇ ਨਾਲ ਫਿਲਮ 'ਦਬੰਗ' ਤੋਂ ਕੈਰੀਅਰ ਦੀ ਸ਼ੁਰੂਆਤ ਕਰਨ ਦੇ ਲਈ ਉਹਨਾਂ ਨੇ ਸਭ ਤੋਂ ਜ਼ਿਆਦਾ ਤਬਦੀਲੀ ਆਪਣੀ ਡਾਈਟ ਵਿਚ ਕੀਤੀ। ਜਿਮ ਤੋਂ ਦੂਰ ਰਹਿਣ ਵਾਲੀ ਸੋਨਾਕਸ਼ੀ ਨੇ ਘਰ ਵਿਚ ਹੀ ਸਖਤ ਮਿਹਨਤ ਅਤੇ ਕਸਬਤ ਕਰਕੇ ਇਹ ਗਲੈਮਰਸ ਲੁਕ ਪ੍ਰਾਪਤ ਕੀਤੀ ਸੀ। ਹੁਣ ਸੋਨਾਕਸ਼ੀ ਕਾਫੀ ਫਿੱਟ ਨਜ਼ਰ ਆਉਂਦੀ ਹੈ ਅਤੇ ਉਹ ਲਗਾਤਾਰ ਆਪਣਾ ਵਜਨ ਘਟਾਉਣ ਤੇ ਕੰਮ ਕਰ ਰਹੀ ਹੈ।




**ਪਹਿਲੀ ਫਿਲਮ ਵਿਚ ਸੀ ਮੋਟੀ**

ਜਦੋਂ ਲੇਡੀਜ਼ ਵਰਸਿਜ਼ ਰਿਕੀ ਬਹਿਲ ਵਿਚ ਪਰਿਣੀਤੀ ਆਈ ਸੀ, ਉਦੋਂ ਉਹ ਕਾਫੀ ਮੋਟੀ ਸੀ। ਪਰਿਣੀਤੀ ਪਰਫੈਕਟ ਫਿਗਰ ਦੀ ਮਾਲਕਣ ਅਭਿਨੇਤਰੀ ਪ੍ਰਿਅੰਕਾ ਚੋਪੜਾ ਦੀ ਕਜਨ ਹੈ ਪਰ ਫਿਗਰ ਦੇ ਮਾਮਲੇ ਵਿਚ ਉਹਨਾਂ ਤੋਂ ਕਾਫੀ ਪਿੱਛੇ ਹੈ। ਹਾਲਾਂਕਿ ਫਿਲਮਾਂ ਵਿਚ ਤਰੱਕੀ ਕਰਨ ਅਤੇ ਫੈਨਜ਼ ਕਲੱਬ ਨੂੰ ਵਧਾਉਣ ਦੇ ਲਈ ਪਰਿਣੀਤੀ ਨੇ ਆਪਣਾ ਵਜਨ ਕਾਫੀ ਘੱਟ ਕੀਤਾ ਹੈ। ਜਦੋਂ ਉਹਨਾਂ ਦੀ ਫਿਲਮ 'ਇਸ਼ਕਜਾਦੇ' ਰਿਲੀਜ਼ ਹੋਈ ਤਾਂ ਪਰਦੇ ਤੇ ਬਦਲੀ ਹੋਈ ਪਰਿਣੀਤੀ ਨਜ਼ਰ ਆਈ ਸੀ।



**ਜੀਰੋ ਫਿਗਰ ਦੀ 'ਕੁਈਨ'**

ਬਾਲੀਵੁੱਡ ਦੀ ਬੇਗਮ ਯਾਨਿ ਕਰੀਨਾ ਕਪੂਰ ਨੇ ਆਪਣਾ ਕੈਰੀਅਰ ਫਿਲਮ 'ਰਿਫਊਜ਼ੀ' ਤੋਂ ਆਰੰਭ ਕੀਤਾ ਸੀ। ਉਹ ਇਸ ਫਿਲਮ ਵਿਚ ਵੀ ਫਿੱਟ ਨਜ਼ਰ ਆਈ ਸੀ ਪਰ ਕਰੀਨਾ ਨੂੰ ਜ਼ੀਰੋ ਫਿਗਰ ਦੀ ਲੋੜ ਸੀ। ਅਜਿਹੇ ਵਿਚ ਉਹਨਾਂ ਨੇ ਆਪਣੇ ਵਜਨ ਨੂੰ ਹੋਰ ਘੱਟ ਕੀਤਾ ਅਤੇ ਖੁਦ ਨੂੰ ਜ਼ੀਰੋ ਫਿਗਰ ਦੇ ਕੇ ਬਣ ਗਏ. ਬਾਲੀਵੁੱਡ ਦੀ ਗਲੈਮਰਸ ਗਰਲ।



**170 ਕਿਲੋ ਦਾ ਸੀ ਅਰਜੁਨ**

ਅਰਜੁਨ ਕਪੂਰ ਨੇ ਬਾਲੀਵੁੱਡ ਵਿਚ ਐਂਟਰੀ 'ਇਸ਼ਕਜਾਦੇ' ਤੋਂ ਕੀਤੀ ਸੀ। ਫਿਲਮ ਵਿਚ ਉਹਨਾਂ ਦੇ ਡੈਸ਼ਿੰਗ ਲੁਕ ਨੂੰ ਦੇਖ ਕੇ ਕੋਈ ਨਹੀਂ ਕਹਿ ਸਕਦਾ ਸੀ ਕਿ ਕੁਝ ਸਮਾਂ ਪਹਿਲਾਂ ਤੱਕ ਉਹਨਾਂ ਦਾ ਵਜਨ 170 ਕਿਲੋ ਸੀ, ਜਿਸ ਵਿਚੋਂ ਉਹਨਾਂ ਨੇ ਕਰੀਬ 68 ਕਿਲੋ ਘੱਟ ਕੀਤਾ। ਉਹਨਾਂ ਦਾ ਵਜਨ ਘੱਟ ਕਰਨ ਵਿਚ ਸਲਮਾਨ ਨੇ ਮਦਦ ਕੀਤੀ ਸੀ।



**120 ਕਿਲੋ ਸੀ ਵਜਨ**

ਡਾਇਰੈਕਟਰ-ਪ੍ਰੋਡਿਊਸਰ ਕਰਨ ਜੌਹਰ ਕਰੀਬ 20 ਸਾਲ ਦੀ ਉਮਰ ਤੱਕ 120 ਕਿਲੋ ਦੇ ਹੋਇਆ ਕਰਦੇ ਸਨ। ਕੁਝ ਸਮਾਂ ਪਹਿਲਾਂ ਉਹਨਾਂ ਨੇ ਆਪਣੀ ਇਹ ਫੋਟੋ ਟਵਿਟਰ 'ਤੇ ਸ਼ੇਅਰ ਕੀਤਾ ਸੀ। ਫਿਲਮਾਂ ਵਿਚ ਆਉਣ ਤੋਂ ਬਾਅਦ ਉਹਨਾਂ ਨੇ ਆਪਣਾ ਵਜਨ ਘਟਾਇਆ ਸੀ।



**230 ਕਿਲੋ ਸੀ ਅਦਨਾਨ ਦਾ ਵਜਨ**

ਜਦੋਂ ਗੱਲ ਵਜਨ ਘੱਟ ਕਰਨ ਦੀ ਆਉਂਦੀ ਹੈ ਤਾਂ ਸਿੰਗਰ ਅਦਨਾਨ ਸਾਮੀ ਨੂੰ ਜ਼ਰੂਰ ਯਾਦ ਕੀਤਾ ਜਾਂਦਾ ਹੈ। ਹੁਣ ਸਕ੍ਰੀਨ 'ਤੇ ਜੋ ਅਦਨਾਨ ਦਿਖਾਈ ਦਿੰਦੇ ਹਨ ਉਹਨਾਂ ਨੂੰ ਦੇਖ ਕੇ ਇਸ ਗੱਲ ਦਾ ਯਕੀਨ ਨਹੀਂ ਹੁੰਦਾ ਕਿ ਇਹ ਉਹੀ ਅਦਨਾਨ ਹੈ, ਜਿਸਦਾ ਵਜਨ ਕਦੀ 306 ਕਿਲੋ ਹੋਇਆ ਕਰਦਾ ਸੀ। ਅਦਨਾਨ ਨੇ ਆਪਣੀ ਐਲਬਮ ਦੇ ਗੀਤ 'ਕਭੀ ਤੋ ਨਜ਼ਰ ਮਿਲਾਓ ਅਤੇ ਲਿਫਟ ਕਰਾ ਦੇ' ਵਿਚ ਐਕਟਿੰਗ ਵੀ ਕੀਤੀ ਸੀ। ਉਸ ਐਲਬਮ ਵਿਚ ਉਹ ਇੰਨੇ ਜ਼ਿਆਦਾ ਮੋਟੇ ਸਨ ਕਿ ਨਾਲ ਹੀ ਕੰਮ ਕਰਨ ਵਾਲੀਆਂ ਅਭਿਨੇਤਰੀਆਂ ਫਿੱਟ ਹੋਣ ਦੇ ਬਾਵਜੂਦ ਬਹੁਤ ਪਤਲੀਆਂ ਦਿਖਾਈ ਦਿੰਦੀਆਂ ਹਨ।

**80 ਕਿਲੋ ਵਜਨ ਘੱਟ ਕੀਤਾ**



ਐਕਟਰ ਜੈਕੀ ਭਗਨਾਨੀ ਨੂੰ ਹੁਣ ਤੱਕ ਬਾਲੀਵੁੱਡ ਵਿਚ ਵੱਡੀ ਸਫਲਤਾ ਨਹੀਂ ਮਿਲੀ ਹੈ ਪਰ ਵਜਨ ਘੱਟ ਕਰਨ ਵਿਚ ਉਹ ਕਾਮਯਾਬ ਹੋਇਆ ਹੈ। ਕਦੀ ਉਸਦਾ ਵਜਨ 130 ਕਿਲੋ ਸੀ। ਐਕਟਿੰਗ ਦੇ ਜਨੂੰਨ ਦੇ ਚਲਦਿਆਂ ਉਹਨਾਂ ਨੇ ਜਿਮ ਵਿਚ ਪਸੀਨਾ ਵਹਾਇਆ ਅਤੇ ਵਜਨ 80 ਕਿਲੋ ਤੱਕ ਘੱਟ ਕੀਤਾ। ਇਸ ਦੌਰਾਨ ਉਹਨਾਂ ਨੇ ਆਪਣੀ ਡਾਈਟ 'ਤੇ ਵੀ ਕੰਮ ਕੀਤਾ।



ੴ
।। ਗਰੀਬੁ ਨਿਵਾਜ ਗੁਸਾਈਆਂ ਮੇਰਾ ਮਾਥੈ ਛਤਰ ਧਰੈ ।।
'ਜੋ ਬੋਲੇ ਸੋ ਨਿਰਭੈ ਸ੍ਰੀ ਗੁਰੂ ਰਵਿਦਾਸ ਮਹਾਰਾਜ ਕੀ ਜੈ,
ਸੋਹੰ
ਹਰਿ
SHRI GURU RAVIDASS JI
DR. B.R. AMBEDKAR
ਚੋਣਾਂ ਚੋਣਾਂ
Ashok Kumar (Mahi)
President
MANAGEMENT COMMITTEE
Jhalman Dass
Senior Vice-President
Jit Ram
Vice-President
Ram Sroop
General Secretary
Khushia Singh
Joint Secretary
Sarabjit Singh
Cashier
Vijay Parkash
Joint Cashier
Lehmber S. Banga
Secretary Public Relations
Kundan Lal
Secretary Langer Sewa
ਸ੍ਰੀ ਅਸ਼ੋਕ ਕੁਮਾਰ (ਮਾਹੀ)
ਦੀ ਸਰਬਸਾਂਝੀ ਸਲੇਟ
13 ਦਿਸੰਬਰ 2015
ਦਿਨ ਐਤਵਾਰ ਨੂੰ
ਪੋਲਿੰਗ ਟਾਈਮ ਸਵੇਰੇ 9 ਵਜੇ
ਤੋਂ ਲੈ ਕੇ ਸ਼ਾਮ 7 ਵਜੇ ਤਕ ।
61-01 ਬਰਾਡਵੇਅ ਵੁਡਸਾਈਡ ਨਿਊਯਾਰਕ 11377
ਸ੍ਰੀ ਗੁਰੂ ਰਵਿਦਾਸ ਸਭਾ ਦੀਆਂ ਚੋਣਾਂ
ਸਨਮਾਨਯੋਗ ਗੁਰੂ ਪਿਆਰੀ ਸਾਧ ਸੰਗਤ ਜੀ
।। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ।।
ਸਮੂੰਚੇ ਗੁਰੂ ਰਵਿਦਾਸ ਭਾਈਚਾਰੇ ਦੇ ਹਿੱਤਾਂ ਨੂੰ ਸਮਰਪਿਤ ਗੁਰੂ ਘਰ ਦੀ ਚੜਦੀ ਕਲਾ ਦੇ ਉਦੇਸ਼ਾਂ ਨੂੰ ਮੁੱਖ ਰੱਖ ਕੇ ਬਣਾਈ ਸ੍ਰੀ ਅਸ਼ੋਕ ਕੁਮਾਰ (ਮਾਹੀ) ਦੀ ਸਰਬਸਾਂਝੀ ਸਲੇਟ ਨੂੰ ਸੇਵਾ ਦਾ ਮੌਕਾ ਦੇ ਕੇ ਭਾਈਚਾਰਕ ਸਾਂਝਾ ਵਾਲਾ ਮਾਹੌਲ ਬਣਾਈਏ ਅਤੇ ਗੁਰੂ ਘਰ ਦੇ ਅਧੂਰੇ ਪਏ ਕਾਰਜ਼ਾਂ ਨੂੰ ਪੂਰਾ ਕਰਕੇ , ਨਵੀ ਉਸਾਰੀ ਦੀ ਆਰੰਭਤਾ ਕਰੀਏ ਜੀ ਇਹ ਸਭ ਆਪ ਜੀ ਦੇ ਵੋਟ ਰਾਹੀ ਪਾਏ ਹੋਏ ਯੋਗਦਾਨ ਨਾਲ ਹੀ ਸੰਭਵ ਹੋ ਸਕਦਾ ਹੈ ਜੀ ਧੰਨਵਾਦ ।।
13 ਦਿਸੰਬਰ 2015 ਦਿਨ ਐਤਵਾਰ ਨੂੰ ਆਪਣਾ ਫਰਜ਼ ਪੂਰਾ ਕਰਕੇ ਸ੍ਰੀ ਗੁਰੂ ਰਵਿਦਾਸ ਅਤੇ ਡਾਂ ਅੰਬੇਦਕਰ ਜੀ ਦੀ ਫਿਲਾਸਫੀ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਤੇ ਪਰਸਾਰ ਵਾਲੀ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਜੀ ਧੰਨਵਾਦ ।।
ਕਿਰਪਾ ਕਰਕੇ ਫੋਟੋ ID ਅਤੇ ਪਰੂਫ ਆਫ ਐਡਰਿਸ ਨਾਲ ਜ਼ਰੂਰ ਲੈ ਕੇ ਆਉਣਾ ਜੀ ।
ਚੋਣਾਂ ਚੋਣਾਂ
Balvir Chauhan
Chairman
TRUSTEE BOARD
Balwinder Singh
Mulkh Raj
Durga Dass
Kewal Ram
Sanjiv K Chahal
Mukhtiar Mukhtiar
Gurmukh Lal
Sonu Chumber
Ram Murti
Mohan Lal
FOR MORE INFO: 917-225-0888, 646-642-9243


Grant Line Insurance Agency, Inc.
DBA Sky High Insurance Agency
One stop shop for all your Insurance needs
License#0J06225
Costco
West Grant Line Rd
205
ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ,
ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।
ਹਫਤੇ ਦੇ 6 ਦਿਨ
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ
ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ
Call for Free Quote
209-263-0860
3244 W. Grant Line Rd., Tracy, CA 95304
Email: Info@skyhighinsuranceagency.com
Website: www.skyhighinsuranceagency.com
ਜਸਵੀਰ ਕੌਰ
ਬਰੋਕਰ
925-895-8140
ਹਰਮਨ ਸਿੰਘ
ਏਜੰਟ
510-415-8154


Golden State Truck Sales Inc.
ਗੋਲਡਨ ਸਟੇਟ ਟਰੱਕ ਸੇਲਜ਼ ਇੰਕ.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ।
Buy Quality Used Trucks
ਸਸਤੇ ਵਿਆਜ ਦਰ ਦੇ ਨਾਲ ਆਪਣੇ ਟਰੱਕ ਦਾ ਲੋਨ ਕਰਵਾਓ
ਅਸੀਂ ਕਰੈਡਿਟ, ਬੈਡ ਕਰੈਡਿਕ, ਬੈਂਕਰਪਸੀ, ਫਸਟ ਟਾਈਮ
ਬਾਇਰ (ਪਹਿਲੀ ਵਾਰ ਖਰੀਦਣ ਵਾਲੇ),
ਫੋਰਕਲੋਜ਼ਰ, ਮੈਡੀਕਲ ਬਿਲ ਆਨ ਕ੍ਰੈਡਿਟ ਦੀ ਸਹੂਲਤ ਵੀ
ਮੁਹੱਈਆ ਕਰਵਾਉਣ ਵਿਚ ਮਦਦ ਕਰਦੇ ਹਾਂ।
Call : Dharminder Singh
Cell : 530-870-6600
Fax : 530-405-1429
Email: myfuturetruck@gmail.com
2535 Front St. West Sacramento, CA 95691